ਜਗਤ ਗੁਰੂ ਨਾਨਕ ਦੇਵ
ਪੰਜਾਬ ਸਟੇਟ ਓਪਨ ਯੂਨੀਵਰਸਿਟੀ
ਪਟਿਆਲਾ

**The Motto of Our University**
**(SEWA)**
**SKILL ENHANCEMENT**
**EMPLOYABILITY**
**WISDOM**
**ACCESSIBILITY**

SELF-INSTRUCTIONAL STUDY MATERIAL FOR JGND PSOU

## JAGAT GURU NANAK DEV

## PUNJAB STATE OPEN UNIVERSITY, PATIALA

**(Established by Act No. 19 of 2019 of the Legislature of State of Punjab)**

# M.A (PUNJABI)

## SEMESTER-II

**(PBIM21209T)**

## ਨੌਵਾਂ ਪਰਚਾ : ਪੰਜਾਬੀ ਸਭਿਆਚਾਰ

ALL COPYRIGHTS WITH JGND PSOU, PATIALA

**Head Quarter: C/28, The Lower Mall, Patiala-147001**

**WEBSITE: www.psou.ac.in**

The Study Material has been prepared exclusively under the guidance of Jagat Guru Nanak Dev Punjab State Open University, Patiala, as per the syllabi prepared by Committee of Experts and approved by the Academic Council.

The University reserves all the copyrights of the study material. No part of this publication may be reproduced or transmitted in any form.

**JAGAT GURU NANAK DEV PUNJAB STATE OPEN UNIVERSITY, PATIALA**

**(Established by Act No. 19 of 2019 of the Legislature of State of Punjab)**

**PROGRAMME COORDINATOR AND EDITOR:**

**DR. AMARJIT SINGH**

**ASSISTANT PROFESSOR IN PUNJABI**

**COURSE WRITER AND EDITOR :**

**DR. DHARMINDER SINGH**

**ASSISTANT PROFESSOR IN PUNJABI**

**JAGAT GURU NANAK DEV PUNJAB STATE OPEN UNIVERSITY**

**PATIALA**

**( Established by Act No. 19 of 2019 of the Legislature of State of Punjab)**

# PREFACE

Jagat Guru Nanak Dev Punjab State Open University, Patiala was established in December 2019 by Act 19 of the Legislature of State of Punjab. It is the first and only Open University of the State, entrusted with the responsibility of making higher education accessible to all, especially to those sections of society who do not have the means, time or opportunity to pursue regular education.

In keeping with the nature of an Open University, this University provides a flexible education system to suit every need. The time given to complete a programme is double the duration of a regular mode programme. Well-designed study material has been prepared in consultation with experts in their respective fields.

The University offers programmes which have been designed to provide relevant, skill-based and employability-enhancing education. The study material provided in this booklet is self-instructional, with self-assessment exercises, and recommendations for further readings. The syllabus has been divided in sections, and provided as units for simplification.

The University has a network of 10 Learner Support Centres/Study Centres, to enable students to make use of reading facilities, and for curriculum-based counselling and practicals. We, at the University, welcome you to be a part of this instituition of knowledge.

Prof.G.S Batra
Dean Academic Affairs

# M.A (PUNJABI)
## (ਸਮੈਸਟਰ- ਦੂਸਰਾ)

## ਨੌਵਾਂ ਪਰਚਾ : ਪੰਜਾਬੀ ਸਭਿਆਚਾਰ

ਕੁੱਲ ਅੰਕ : 100
ਬਾਹਰੀ ਮੁਲਾਂਕਣ:70
ਅੰਦਰੂਨੀ ਮੁਲਾਂਕਣ:30
ਪਾਸ: 35%
ਕ੍ਰੈਡਿਟ:4

ਉਦੇਸ਼:

ਇਸ ਕੋਰਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਅਲੱਗ- ਅਲੱਗ ਦਿਸ਼ਾਵਾਂ ਰਾਹੀਂ ਪੰਜਾਬੀ ਸਭਿਆਚਾਰ ਨਾਲ ਜਾਣੂ ਕਰਵਾਉਣਾ ਹੈ।ਇਸ ਦੇ ਨਾਲ ਹੀ ਪੰਜਾਬੀ ਸਭਿਆਚਾਰ ਪਾਠਕ੍ਰਮ ਰਾਹੀਂ ਵਿਦਿਆਰਥੀਆਂ ਨੂੰ ਪੰਜਾਬੀ ਸਭਿਆਚਾਰ ਸੰਬੰਧੀ ਵੱਧ ਤੋਂ ਵੱਧ ਜਾਣਕਾਰੀ ਦੇਣ ਦਾ ਵੀ ਉਦੇਸ਼ ਹੈ।

INSTRUCTIONS FOR THE PAPER SETTER/EXAMINER:

1. The syllabus prescribed should be strictly adhered to.
2. The question paper will consist of three sections: A, B, and C. Sections A and B will have four questions each from the respective sections of the syllabus and will carry 10 marks each. The candidates will attempt two questions from each section.
3. Section C will have fifteen short answer questions covering the entire syllabus. Each question will carry 3 marks. Candidates will attempt any 10 questions from this section.
4. The examiner shall give a clear instruction to the candidates to attempt questions only at one place and only once. Second or subsequent attempts, unless the earlier ones have been crossed out, shall not be evaluated.
5. The duration of each paper will be three hours.

INSTRUCTIONS FOR THE CANDIDATES:

Candidates are required to attempt any two questions each from the sections A, and B of thequestion paper, and any ten short answer questions from Section C. They have to attempt questions only at one place and only once. Second or subsequent attempts, unless the earlierones have been crossed out, shall not be evaluated.

**ਭਾਗ ੳ**- ਸਭਿਆਚਾਰ ਦਾ ਭੂਗੋਲ, ਸਭਿਅਤਾ, ਇਤਿਹਾਸ, ਮਨੋਵਿਗਿਆਨ, ਆਰਥਕਤਾ, ਧਰਮ,ਰਾਜਨੀਤੀ ਨਾਲ ਸੰਬੰਧ

**ੳ.**1 ਸਭਿਆਚਾਰ: ਪਰਿਭਾਸ਼ਾ ਅਤੇ ਲੱਛਣ
**ੳ.**2 ਸਭਿਆਚਾਰਕ ਪਰਿਵਰਤਨ

**ਭਾਗ ਅ–** ਸਭਿਆਚਾਰ ਤੇ ਸਾਹਿਤ, ਸਭਿਆਚਾਰ ਤੇ ਭਾਸ਼ਾ
ਪੰਜਾਬੀ ਸਭਿਆਚਾਰ ਦੇ ਮੂਲ ਸੋਮੇ

**ਅ.**1 ਪੰਜਾਬੀ ਸਭਿਆਚਾਰ ਦੀ ਭੂਗੋਲਿਕ ਸਥਿਤੀ ਅਤੇ ਇਤਿਹਾਸਕ ਸਰਵੇਖਣ

ਪੰਜਾਬੀ ਸਭਿਆਚਾਰ ਵਿਚ ਸਮੇ ਸਮੇ ਆਏ ਪਰਿਵਰਤਨ
ਪੰਜਾਬੀ ਸਭਿਆਚਾਰ ਦੇ ਨ੍ਰਿਖੜਵੇ ਲੱਛਣ

**ਅ.**2 ਪੰਜਾਬੀ ਸਭਿਆਚਾਰ: ਵਿਵਹਾਰਕ ਪਰਿਪੇਖ

ਪੰਜਾਬੀ ਸਭਿਆਚਾਰ : ਪੰਜਾਬੀਅਤ
ਪੰਜਾਬੀ ਸਭਿਆਚਾਰ ਅਤੇ ਕਬੀਲੇ (ਵਿਸ਼ਵੀਕਰਨ ਤੇ ਪੰਜਾਬੀ ਸਭਿਆਚਾਰ)

**ਭਾਗ–ੲ**

ਭਾਗ ੳ.1, ੳ.2 ਅਤੇ ਅ.1, ਅ.2 ਵਾਲੇ ਭਾਗਾਂ ਵਿੱਚੋਂ ਸੰਖੇਪ ਉੱਤਰਾਂ ਵਾਲੇ ਪ੍ਰਸ਼ਨ।
ਅੰਕ ਵੰਡ ਅਤੇ ਪੇਪਰ ਸੈਟਰ ਲਈ ਅੰਕ ਵੰਡ ਅਤੇ ਪੇਪਰ ਸੈਟਰ ਲਈ ਵਿਸ਼ੇਸ਼ ਹਦਾਇਤਾਂ
1. ਭਾਗ ੳ.1 ਵਿੱਚੋਂ ਸਭਿਆਚਾਰ ਦਾ ਭੂਗੋਲ, ਸਭਿਅਤਾ, ਇਤਿਹਾਸ, ਮਨੋਵਿਗਿਆਨ, ਆਰਥਕਤਾ, ਧਰਮ,ਰਾਜਨੀਤੀ ਨਾਲ ਸੰਬੰਧ ਦੇ ਵਿਸ਼ਾ ਖੇਤਰ ਵਿੱਚੋਂ ਪ੍ਰਸ਼ਨ ਪੁੱਛਿਆ ਜਾਵੇਗਾ।
2. ਭਾਗ ੳ.1 ਵਿੱਚੋਂ ਸਭਿਆਚਾਰ: ਪਰਿਭਾਸ਼ਾ ਅਤੇ ਲੱਛਣ ਦੀ ਵਿਆਖਿਆ।
3. ਭਾਗ ੳ.2 ਸਭਿਆਚਾਰਕ ਪਰਿਵਰਤਨ ਸਬੰਧੀ ਪ੍ਰਸ਼ਨ ਪੁੱਛਿਆ ਜਾਵੇਗਾ।
4. ਭਾਗ ੳ.2 ਸਭਿਆਚਾਰਕ ਪਰਿਵਰਤਨ ਦੇ ਰੂਪਾਂ ਸਬੰਧੀ ਪ੍ਰਸ਼ਨ ਪੁੱਛਿਆ ਜਾਵੇਗਾ।
5. ਪੰਜਾਬੀ ਸਭਿਆਚਾਰ ਦੀ ਭੂਗੋਲਿਕ ਸਥਿਤੀ ਅਤੇ ਇਤਿਹਾਸਕ ਸਰਵੇਖਣ ਨਾਲ ਸਬੰਧਤ ਵਰਣਾਤਮਕ ਪ੍ਰਸ਼ਨ ਪੁੱਛੇ ਜਾਣਗੇ।
6. ਪੰਜਾਬੀ ਸਭਿਆਚਾਰ: ਵਿਵਹਾਰਕ ਪਰਿਪੇਖ ਵਿਚੋਂ ਵਿਵਹਾਰਕ ਪ੍ਰਸ਼ਨ ਪੁੱਛੇ ਜਾਣਗੇ।
7. ਸੰਖੇਪ ਉੱਤਰਾਂ ਵਾਲੇ ਪ੍ਰਸ਼ਨ- ੳ.1, ੳ.2 ਅਤੇ ਅ.1 ਵਾਲੇ ਭਾਗਾਂ ਵਿਚੋਂ ਪੁੱਛੇ ਜਾਣਗੇ।ਵਿਦਿਆਰਥੀਆਂ ਨੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਵਿਚ ਉੱਤਰ ਦੇਣੇ ਹੋਣਗੇ।

ਅੰਦਰੂਨੀ ਮੁਲਾਂਕਣ 30 ਅੰਕ
ਵਿਦਿਆਰਥੀ ਪਾਠਕ੍ਰਮ ਨਾਲ ਸਬੰਧਿਤ ਤਿੰਨ ਅਸਾਈਮੈਂਟਸ ਤਿਆਰ ਕਰਨਗੇ।ਇਹ ਤਿੰਨੇ ਅਸਾਇਨਮੈਂਟਸ: ਸਭਿਆਚਾਰ: ਪਰਿਭਾਸ਼ਾ ਅਤੇ ਲੱਛਣ, ਸਭਿਆਚਾਰਕ ਪਰਿਵਰਤਨ ਅਤੇ ਪੰਜਾਬੀ ਸਭਿਆਚਾਰ ਦੀ ਭੂਗੋਲਿਕ ਸਥਿਤੀ ਅਧਿਐਨ ਵਾਲੇ ਭਾਗ ਨਾਲ, ਪਾਠ ਕ੍ਰਮ ਵਿਚ ਨਿਰਧਾਰਿਤ ਵਿਸ਼ਿਆਂ ਨਾਲ ਹੀ ਸਬੰਧਤ ਹੋਣਗੀਆਂ।ਅੰਦਰੂਨੀ ਮੁਲਾਂਕਣ ਦੇ ਪ੍ਰਾਪਤ ਅੰਕ ਇਹਨਾਂ ਤਿੰਨਾਂ ਅਸਾਈਮੈਂਟਸ ਦੀ ਤਿਆਰ ਕੀਤੀ ਗਈ ਫਾਇਲ ’ਤੇ ਅਧਾਰਿਤ ਹੋਣਗੇ।

## ਸਹਾਇਕ ਪਾਠ-ਸਮੱਗਰੀ

### ਖੋਜ-ਪੁਸਤਕਾਂ

| ਲੇਖਕ | ਸਾਲ | ਸਿਰਲੇਖ | ਪਬਲਿਸ਼ਰ |
|---|---|---|---|
| ਕਰਨੈਲ ਸਿੰਘ ਥਿੰਦ | 2000 | ਲੋਕਧਾਰਾ ਅਤੇ ਪੰਜਾਬੀ ਲੋਕਧਾਰਾ | ਗੁ.ਨਾ.ਦੇ.ਯੂਨੀਵਰਸਿਟੀ |
| ਗੁਰਬਖਸ਼ ਸਿੰਘ ਫ਼ਰੈਕ | 1998 | ਸਭਿਆਚਾਰ ਅਤੇ ਪੰਜਾਬੀ ਸਭਿਆਚਾਰ | ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ |
| ਦਵਿੰਦਰ ਵਿਦਿਆਰਥੀ | 2014 | ਗਿੱਧਾ | ਰਵੀ ਸਾਹਿਤ ਪ੍ਰਕਾਸ਼ਨ |

### ਸੰਬੰਧਿਤ ਪੁਸਤਕਾਂ

| ਲੇਖਕ | ਸਾਲ | ਸਿਰਲੇਖ | ਪਬਲਿਸ਼ਰ |
|---|---|---|---|
| ਪ੍ਰਤੀਮ ਸਿੰਘ | 1950 | ਪੰਜਾਬੀਅਤ | ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ |
| ਗੁਰਬਖਸ਼ ਸਿੰਘ ਫ਼ਰੈਕ | 1966 | ਪੰਜਾਬੀ ਸਭਿਆਚਾਰ ਦੇ ਮੂਲ ਸੋਮੇ | ਪੰਜਾਬੀ ਯੂਨੀਵਰਸਿਟੀ, ਪਟਿਆਲਾ |

# M.A (PUNJABI)
# (PBIM21109T)

## ਨੌਵਾਂ ਪਰਚਾ : ਪੰਜਾਬੀ ਸਭਿਆਚਾਰ

## SEMESTER-II

### SECTION A

## Table of Contents


| Sr. No. | UNIT NAME | Page No. |
|---|---|---|
| Unit 1 | ਸਭਿਆਚਾਰ ਦਾ ਭੂਗੋਲ, ਸਭਿਅਤਾ, ਇਤਿਹਾਸ, ਮਨੋਵਿਗਿਆਨ, ਆਰਥਕਤਾ, ਧਰਮ,ਰਾਜਨੀਤੀ ਨਾਲ ਸੰਬੰਧ | 9-56 |
| Unit 2 | ਸਭਿਆਚਾਰ: ਪਰਿਭਾਸ਼ਾ ਅਤੇ ਲੱਛਣ | 57-65 |
| Unit 3 | ਸਭਿਆਚਾਰਕ ਪਰਿਵਰਤਨ | 66-69 |
| Unit 4 | ਸਭਿਆਚਾਰ ਤੇ ਸਾਹਿਤ, ਸਭਿਆਚਾਰ ਤੇ ਭਾਸ਼ਾ ਪੰਜਾਬੀ ਸਭਿਆਚਾਰ ਦੇ ਮੂਲ ਸੋਮੇ | 70-86 |
| Unit 5 | ਪੰਜਾਬੀ ਸਭਿਆਚਾਰ ਦੀ ਭੂਗੋਲਿਕ ਸਥਿਤੀ ਅਤੇ ਇਤਿਹਾਸਕ ਸਰਵੇਖਣ | 87-90 |


SECTION B


| | | |
|---|---|---|
| Unit 6 | ਪੰਜਾਬੀ ਸਭਿਆਚਾਰ ਵਿਚ ਸਮੇ ਸਮੇ ਆਏ ਪਰਿਵਰਤਨ | 91-93 |
| Unit 7 | ਪੰਜਾਬੀ ਸਭਿਆਚਾਰ ਦੇ ਨ੍ਰਿਖੜਵੇ ਲੱਛਣ | 94-99 |
| Unit 8 | ਪੰਜਾਬੀ ਸਭਿਆਚਾਰ: ਵਿਵਹਾਰਕ ਪਰਿਪੇਖ | 100-103 |
| Unit 9 | ਪੰਜਾਬੀ ਸਭਿਆਚਾਰ : ਪੰਜਾਬੀਅਤ | 104-116 |
| Unit 10 | ਪੰਜਾਬੀ ਸਭਿਆਚਾਰ ਅਤੇ ਕਬੀਲੇ (ਵਿਸ਼ਵੀਕਰਨ ਤੇ ਪੰਜਾਬੀ ਸਭਿਆਚਾਰ) | 117-133 |

# ਸਭਿਆਚਾਰ ਦਾ ਭੂਗੋਲ, ਸਭਿਅਤਾ, ਇਤਿਹਾਸ, ਮਨੋਵਿਗਿਆਨ, ਆਰਥਕਤਾ, ਧਰਮ,ਰਾਜਨੀਤੀ ਨਾਲ ਸੰਬੰਧ

**ਭੂਮਿਕਾ** :

ਪਿਆਰੇ ਵਿਦਿਆਰਥੀ ਤੁਹਾਡੇ ਸਿਲੇਬਸ ਦੀ ਵੰਡ ਅਨੁਸਾਰ ਸਭਿਆਚਾਰ ਦੇ ਸਰੂਪ ਨੂੰ ਵਿਧੀਵਤ ਢੰਗ ਨਾਲ ਉਸਾਰਿਆ ਗਿਆ ਹੈ । ਸਭਿਆਚਾਰ ਦੇ ਹਰ ਭਾਗ ਨੂੰ ਇਕ ਇਕਾਈ ਦੇ ਰੂਪ ਵਿਚ ਸ਼ਾਮਿਲ ਕਰਕੇ ਇਸ ਦੀ ਚਰਚਾ ਨੂੰ ਉਜਾਗਰ ਕੀਤਾ ਗਿਆ ਹੈ। ਹਰ ਇਕਾਈ ਦੇ ਭਾਗ ਵਿਚ ਪਾਠ ਦੀ ਸੰਰਚਨਾ ਨੂੰ ਵਿਧੀਵਤ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਸਭਿਆਚਾਰ ਦੇ ਹਰੇਕ ਨੁਕਤੇ ਅਤੇ ਪਹਿਲੂ ਨੂੰ ਹਰ ਇਕਾਈ ਦੇ ਪਾਠ ਵਿਚ ਉਭਾਰਿਆ ਗਿਆ ਹੈ।

**ਪਾਠ ਦਾ ਮੰਤਵ ਤੇ ਉਦੇਸ਼** :

ਇਸ ਪਾਠ ਦਾ ਮੂਲ ਮੰਤਵ ਵਿਦਿਆਰਥੀਆਂ ਨੂੰ ਸਭਿਆਚਾਰ ਅਤੇ ਪੰਜਾਬੀ ਸਭਿਆਚਾਰ ਨੂੰ ਪੜ੍ਹਨ ਅਤੇ ਸਮਝਣਸਮਝਾਉਣ ਦੇ ਸਮਰੱਥ ਬਣਾਉਣਾ ਹੈ/। ਸਭਿਆਚਾਰ ਮਨੁੱਖ ਦਾ ਅਜਿਹਾ ਵਰਤਾਰਾ ਹੈਜਿਸ ਵਿਚ ਉਸ ਦੀ , ਦਾ ਵਿਕਾਸ ਹੁੰਦਾ ਹੈ ਸ਼ਖਸੀਅਤ। ਸਭਿਆਚਾਰ ਮਨੁੱਖ ਦੇ ਜੀਵਨਢੰਗ ਨੂੰ ਦਿੱਖ ਪ੍ਰਦਾਨ ਕਰਦਾ ਹੈ-। ਹਰ ਸਮਾਜ ਦਾ ਆਪਣਾ ਸਭਿਆਚਾਰ ਹੁੰਦਾ ਹੈ। ਸਮਾਜਿਕ ਪ੍ਰਾਣੀ ਹੋਣ ਦੇ ਨਾਤੇ ਮਨੁੱਖ ਆਪਣੀਆਂ ਲੋੜਾਂ ਦੀ ਪੂਰਤੀ ਸਮਾਜ ਚੋਂ ਹੀ ’ ਪ੍ਰਾਪਤ ਕਰਦਾ ਹੈ। ਆਪਸੀ ਭਾਈਚਾਰਕ ਸਾਂਝ ਅਤੇ ਸਹਿਯੋਗ ਦੀ ਭਾਵਨਾ ਦਾ ਵਿਕਾਸ ਸਭਿਆਚਾਰ ਦੇ ਧਰਾਤਲ ਉਪਰ ਕਾਰਜਸ਼ੀਲ ਹੁੰਦਾ ਹੈ। ਇਸ ਕਰਕੇ ਸਭਿਆਚਾਰ ਮਨੁੱਖ ਦੇ ਜੀਵਨ ਵਿਚ ਅਤਿ ਮਹੱਤਵਪੂਰਨ ਕੜੀ ਦੇ ਰੂਪ ਵਿਚ ਆਪਣੀ ਭੂਮਿਕਾ ਨੂੰ ਨਿਭਾਉਂਦਾ ਹੈ। ਇਸ ਪਾਠ ਦਾ ਮੂਲ ਉਦੇਸ਼ ਅਤੇ ਮੰਤਵ ਸਭਿਆਚਾਰ ਦੀ ਭੂਮਿਕਾ ਦੇ ਮਹੱਤਵ ਨੂੰ ਉਜਾਗਰ ਕਰਨਾ ਹੈ । ਇਸ ਪਾਠ ਵਿਚ ਸਭਿਆਚਾਰ ਦੀ ਪਰਿਭਾਸ਼ਾਲੱਛਣ ਅਤੇ ਸੰਬੰਧਤ ਪਹਿਲੂਆਂ ਬਾਰੇ ਚਰਚਾ , ਈ ਹੈਕੀਤੀ ਗ।

**ਸਭਿਆਚਾਰ ਦਾ ਭੂਗੋਲ ਨਾਲ ਸੰਬੰਧ**

ਮਨੁੱਖ ਅਤੇ ਪ੍ਰਕਿਰਤੀ ਵਿਚਕਾਰ ਬਹੁਤ ਨੇੜਲਾ ਰਿਸ਼ਤਾ ਹੈ। ਭਿੰਨਭਿੰਨ ਤਰ੍ਹਾਂ ਦੀਆਂ ਕੁਦਰਤੀ ਹਾਲਤਾਂ ਨੇ - ,ਭਿੰਨ ਤਰ੍ਹਾਂ ਦੇ ਸਭਿਆਚਾਰਕ ਇਲਾਕੇ ਹੋਂਦ ਵਿਚ ਆਏ ਹਨ। ਕਿਸੇ ਖੇਤਰ ਦੇ ਭੂਗੋਲਿਕ ਹਾਲਾਤ-ਭਿੰਨਉਪਲਬਧ ਕੁਦਰਤੀ ਵਸੀਲੇਦੀ ਮੂਲ ਧਾਰਨਾ ਸਥਾਪਤ ਕਰਨ ਵਿਚ ਬਨਸਪਤੀ ਅਤੇ ਦਰਿਆ ਆਦਿ ਸਭਿਆਚਾਰ ,ਜਲਵਾਯੂ , ਅਹਿਮ ਭੂਮਿਕਾ ਨਿਭਾਉਂਦੇ ਹਨ। ਹਰ ਇਲਾਕੇ ਦੀਆਂ ਭੂਗੋਲਿਕ ਹਾਲਤਾਂ ਉਥੋਂ ਦੇ ਲੋਕਾਂ ਦੇ ਸਭਿਆਚਾਰ ਨੂੰ ਪ੍ਰਭਾਵਿਤ ਕਰਦੀਆਂ ਹਨ। ਕਿਸੇ ਸਭਿਆਚਾਰਕ ਇਲਾਕੇ ਦੀ ਇਲਾਕਾਈ ਸਥਿਤੀ ਆਪਣੇ ਆਪ ਵਿਚ ਇਕ ਮਹੱਤਵਪੂਰਨ ਅੰਸ਼ ਹੈ। ਹਰ ਸਭਿਆਚਾਰ ਆਪਣਾ ਨਾਂ ਉਸ ਭੂਗੋਲਿਕ ਖਿੱਤੇ ਤੋਂ ਪ੍ਰਾਪਤ ਕਰਦਾ ਹੈ। ਲੋਕਾਂ ਦਾ ਰਹਿਣ ਸਹਿਣ ਬਹੁਤ ਹੱਦ ਤਕ ਭੂਗੋਲਿਕ ਹਾਲਤਾਂ ਤੇ ਨਿਰਭਰ ਕਰਦਾ ਹੈ। ਭੁਗੋਲਿਕ ਚੌਗਿਰਦਾ ਬਾਹਰੀ ਪ੍ਰਸਥਿਤੀਆਂ ਅਤੇ ਪ੍ਰਭਾਵਾਂ ਰਾਹੀਂ ਸਮਾਜਿਕ

ਜ਼ਿੰਦਗੀ ਅਤੇ ਇਸਦੇ ਵਿਕਾਸ ਨੂੰ ਪ੍ਰਭਾਵਿਤ ਕਰਦਾ ਹੈ। ਹਰ ਸਭਿਆਚਾਰ ਆਪਣਾ ਨਾਂ ਉਸ ਭੂਗੋਲਿਕ ਖਿੱਤੇ ਤੋਂ ਪ੍ਰਾਪਤ ਕਰਦਾ ਜਿਸ ਵਿਚ ਉਹ ਮਿਲਦਾ ਹੈ।

ਪੰਜਾਬ ਦਾ ਨਾਂ ਇਥੋ ਦੀ ਭੂਗੋਲਿਕ ਸਥਿਤੀ ਤੇ ਵਿਸ਼ੇਸ਼ਤਾ ਕਾਰਨ ਪਿਆ ਹੈ। ਪੰਜਾਬ ਇੱਕ ਸਰਹੱਦੀ ਇਲਾਕਾ ਹੋਣ ਕਰਕੇ ਇਸ ਨੂੰ ਵੀ ਕਿਹਾ ਗਿਆ ਹੈ 'ਭਾਰਤ ਦੀ ਢਾਲ' ਤੇ 'ਭਾਰਤ ਦਾ ਦਰਵਾਜ਼ਾ'। ਇਸ ਨੂੰ ਪੰਜਆਬ ਪੰਜ + ਪਾਣੀਆਂ ਦੀ ਧਰਤੀ ਵੀ ਕਿਹਾ ਗਿਆ ਹੈ/ਦਰਿਆਵਾਂ।। ਮੁਸਲਮਾਨੀ ਪ੍ਰਭਾਵ ਦੇ ਹੇਠ ਇਹ ਨਾਂ ਬਦਲਕੇ ਪੰਜਾਬ ਬਣ ਗਿਆ। ਪੰਜਾਬ ਭੂਗੋਲਿਕ ਇਕਾਈ ਦੀਆਂ ਹੱਦਾਂ ਕਦੀ ਵੀ ਸਥਿਰ ਨਹੀਂ ਰਹੀਆਂ ਸਗੋਂ ਕਾਫੀ ਤੇਜ਼ੀ ਨਾਲ ਬਦਲਦੀਆਂ ਰਹੀਆਂ ਹਨ। ਇਤਿਹਾਸਕ ਵੇਰਵਿਆਂ ਦੇ ਅਨੁਸਾਰ ਪੰਜਾਬ ਸਿੰਧ ਪਾਰ ਤੋਂ ਲੈ ਕੇ ਜਮਨਾ ਪਾਰ ਤਕ ਦੇ ਇਲਾਕੇ ਪੰਜਾਬ ਵਿਚ ਸ਼ਾਮਿਲ ਸਨ।ਵਿਚ ਸਿੰਧ ਪਾਰ ਦੇ ਛੇ ਜਿਲ੍ਹੇ ਵੱ 1901 ਖ ਕਰਕੇ ਉੱਤਰਪੱਛਮੀ ਸਰਹੱਦੀ ਸੂਬਾ ਬਣਾ ਕੇ ਵੱਖ ਕਰ - ਵਿਚ ਦਿੱਲੀ ਨੂੰ ਭਾਰਤ ਦੀ ਰਾਜਧਾਨੀ ਬਣਾ ਕੇ ਵੱਖ ਕਰ ਦਿੱਤਾ ਗਿਆ 1911 ਦਿੱਤਾ ਗਿਆ।। 1947ਵਿਚ ਪੰਜਾਬ ਦੇ ਦੋ ਟੋਟੇ ਹੋ ਗਏਦੀ ਵੰਡ ਨਾਲ 1947 ਇੱਕ ਪਾਕਿਸਤਾਨ ਦਾ ਅੰਗ ਬਣ ਗਿਆ ਤੇ ਦੂਜਾ ਭਾਰਤ ਵਿਚ ਪੰਜਾਬ ਆ ਗਿਆ। - ਅਲੱਗ ਭੂਗੋਲਿਕ ਇਕਾਈਆਂ ਹੋਂਦ ਵਿ-ਦੋ ਅਲੱਗਚ ਆ ਗਈਆਂ ਅਤੇ ਦੋ ਜਨਸਮੂਹ ਬਣ ਗਏ-। ਰਾਜ ਅਤੇ ਧਰਮ ਦਾ ਰੋਲ ਦੋਹੇਂ ਪਾਸੇ ਵੱਖਵੱਖਰੇ ਸਵੈਧੀਨ ਸਭਿਆਚਾਰ ਬਣ ਗਏ-ਵੱਖ ਅਤੇ ਸਰਗਰਮ ਹੋ ਗਿਆ। ਸਮਾਂ ਪਾ ਕੇ ਵੱਖਰੇ-। 1956 ਵਿਚ ਪਟਿਆਲਾ ਅਤੇ ਪੂਰਬੀ ਪੰਜਾਬ ਦੀਆਂ ਹੋਰ ਰਿਆਸਤਾਂ ਨੂੰ ਮਿਲਾ ਕੇ ਹੋਂਦ 1948 ਜਿਹੜਾ ਕਿ ,ਵਿਚ ਪੈਪਸੂ ਨੂੰ ਪੰਜਾਬ ਵਿਚ ਸ਼ਾਮਿਲ ਕ ,ਵਿਚ ਆਇਆ ਸੀਰ ਦਿੱਤਾ ਗਿਆ। 1966ਵਿਚ ਭਾਸ਼ਾ ਦੇ ਆਧਾਰ ਹਰਿਆਣਾ ਤੇ ਪੰਜਾਬ ਤੋਂ' ਅਤੇ ਹਿਮਾਚਲ ਪ੍ਰਦੇਸ਼ ਦੋ ਵੱਖਰੇ ਰਾਜ ਸਥਾਪਿਤ ਕਰ ਦਿੱਤੇ ਗਏ।

ਉਪਰੋਕਤ ਦ੍ਰਿਸ਼ ਪੰਜਾਬ ਦੀ ਭੂਗੋਲਿਕ ਹੱਦਬੰਦੀ ਦਾ ਇਤਿਹਾਸਕ ਪੱਖ ਤੇ ਸਰਵੇਖਣ ਹੈ। ਭੂਗੋਲਿਕ ਹੱਦਬੰਦੀ ਦੀ ਅਸਥਿਰਤਾ ਸਭਿਆਚਾਰਕ ਨਿਸ਼ਚਿਤਤਾ ਨੂੰ ਵੀ ਧੁੰਦਲਾ ਬਣਾਉਂਦੀ ਹੈ ਅਤੇ ਨਾਲ ਹੀ ਉਸ ਸਮੂਹ ਨੂੰ ਵੀ ਆਪਣੀ ਹੋਂਦ ਇਕ ਇਕਾਈ ਵਜੋਂ ਪਛਾਣਨ ਦੇ ਰਾਹ ਵਿਚ ਰੁਕਾਵਟ ਬਣਦੀ ਹੈ। ਜਿਹੜਾ ਸਮੂਹ ਇਸ ਸਭਿਆਚਾਰ ਦਾ ਵਾਹਕ ਹੁੰਦਾ ਹੈ।

ਪੰਜਾਬ ਸਰਹੱਦੀ ਇਲਾਕਾ ਹੋਣ ਕਰਕੇ ਬਾਹਰਲੇ ਨਸਲੀ ਮਿਸ਼ਰਨ ਦਾ ਪ੍ਰਭਾਵ ਵੱਧ ਰਿਹਾ ਹੈ। ਪੰਜਾਬੀ ਸਭਿਆਚਾਰ ਇਕ ਮਿਸ਼ਰਤ ਸਭਿਆਚਾਰ ਹੈ। ਨਿੱਤ ਦੀਆਂ ਜੰਗਾਂ ਕਾਰਨ ਪੰਜਾਬੀ ਸਰੀਰਕ ਤੌਰ ਤ'ੇ ਰਿਸ਼ਟ ਪੁਸ਼ਟ ਹਨ। ਇਨ੍ਹਾਂ ਦੀ ਚੰਗੀ ਸਿਹਤ ਦਾ ਦੂਜਾ ਕਾਰਨ ਇਨ੍ਹਾਂ ਦੀ ਚੰਗੀ ਖੁਰਾਕ ਹੈ। ਪੰਜਾਬ ਦੀ ਧਰਤੀ ਉਪਜਾਊ ਅਤੇ ਇਥੋਂ ਦੀਆਂ ਭੂਗੋਲਿਕ ਹਾਲਤਾਂ ਖੇਤੀਬਾੜੀ ਦੇ ਧੰਦੇ ਲਈ ਵਧੇਰੇ ਅਨੁਕੂਲ ਹਨ। ਪੰਜਾਬ ਦੇ ਪਹਾੜ ਵੀ ਪੰਜਾਬੀ ਸਭਿਆਚਾਰ ਨੂੰ ਪ੍ਰਭਾਵਿਤ ਕਰਦੇ ਹਨ। ਹਿਮਾਲਾ ਪਰਬਤ ਪੰਜਾਬ ਨੂੰ ਦਰਿਆ ਅਤੇ ਨਦੀਆਂ ਦੇਂਦਾ ਹੈ। ਇਸ ਦੇ ਪੌਣਪਾਣੀ ਰੁੱਤਾਂ ਅਤੇ - ਵਿਤ ਕਰਦਾ ਹੈਵਰਖਾ ਆਦਿ ਨੂੰ ਪ੍ਰਭਾ।

ਪੰਜਾਬ ਦੀਆਂ ਵੱਖਬੋਲੀਆਂ ਦੀ ਹੋਂਦ ਵੀ ਇਸ ਦੀ ਭੂਗੋਲਿਕ ਸਥਿਤੀ ਨਾਲ ਸੰਬੰਧ ਰੱਖਦੀ ਹੈ-ਵੱਖ ਉਪ-। ਬੰਜਰ ਅਤੇ ਮਾਰੂਥਲ ਦੇ ਇਲਾਕੇ ਨਾਲੋਂ ਪਹਾੜੀ ਇਲਾਕੇ ਦੀ ਬੋਲੀ ਵਿਚ ਬਹੁਤ ਅੰਤਰ ਹੁੰਦਾ ਹੈ। ਪੰਜਾਬ ਦੀ ਬੋਲੀ ਅਤੇ ਸਭਿਆਚਾਰ ਵਿਚ ਏਨਾ ਮਿਸ਼ਰਨ ਹੈ ਕਿ ਇਨ੍ਹਾਂ ਦਾ ਖਾਲਸ ਸਰੂਪ ਲੱਭਣਾ ਬਹੁਤ ਮੁਸ਼ਕਿਲ ਹੈ। ਵਿਦੇਸ਼ੀ ਸ਼ਬਦ ਤੇ ਕੀਮਤਾਂ ਇਸ ਵਿਚ ਏਨੀਆਂ ਘੁਲਮਿਲ ਚੁੱਕੀਆਂ ਹਨ ਕਿ ਇਹਨਾਂ ਦਾ ਮੁਹਾਂਦਰਾ ਵੀ ਪੰਜਾਬੀ ਹੀ ਨਜ਼ਰ ਆਉਂਦਾ ਹੈ। ਭਾਸ਼ਾ ਪੌਣਪਾਣੀ ਅਤੇ ਧਰਤੀ ਦੀਆਂ ਹਾਲਤਾਂ ਦੇ ਮੁਹਾਵਰਿਆਂ ਦਾ ਰੂਪ ਧਾਰਨ ਕਰਕੇ ਮਨੁੱਖ ਦੇ ਅਨੁਭਵ ਦੀ ਪ੍ਰਗਤਾਊ -

ਸਮਰੱਥਾ ਨੂੰ ਵਧਾਉਂਦੀਆਂ ਹਨ। ਆਦਿ ਇਸ ਤੱਥ ਦਾ ਉਘੜਵਾਂ ਪ੍ਰਮਾਣ ਹੈ 'ਬਾਰਾਮਾਹ'। ਭੂਗੋਲਿਕ ਰਹਿਤਲ ਹਰ ਸਭਿਆਚਾਰ ਦਾ ਮੁੱਢਲਾ ਸਰੋਤ ਹੁੰਦਾ ਹੈਕਿਉਂਕਿ ਆਪਣੀਆਂ ਭੂਗੋਲਿਕ ਹਾਲਤਾਂ ਨਾਲ ਘੋਲ ਕਰਕੇ ਹੀ ਮਨੁੱਖ ਨੇ , ਆਪਣਾ ਸਭਿਆਚਾਰ ਸਿਰਜਿਆ ਹੁੰਦਾ ਹੈ।

**ਸਭਿਅਤਾ ਨਾਲ ਸੰਬੰਧ**

ਸਭਿਆਚਾਰ ਅਤੇ ਸਭਿਅਤਾ ਵਿਚ ਨਿਖੇੜ ਕਰਨਾ ਬੜਾ ਮੁਸ਼ਕਿਲ ਕਾਰਜ ਮੰਨਿਆਂ ਜਾਂਦਾ ਹੈ। ਅਕਸਰ ਦੋਹਾਂ ਸ਼ਬਦਾਂ ਨੂੰ ਸਮਾਨਾਰਥੀ ਵਜੋਂ ਵਰਤ ਲਿਆ ਜਾਂਦਾ ਹੈ। ਇਸ ਬਾਰੇ ਪ੍ਰਸਿੱਧ ਮਾਨਵ ਵਿਗਿਆਨੀ ਐਡਵਰਡ ਬੀਟਾਇਲਰ ਦੀ . ਪਰਿਭਾਸ਼ਾ ਨੂੰ ਢੁੱਕਵਾਂ ਮੰਨਿਆਂ ਗਿਆ ਹੈ। ਜਿਸ ਵਿਚ ਸਭਿਆਚਾਰ ਅਤੇ ਸਭਿਅਤਾ ਨੂੰ ਇਕ ਜਟਿਲ ਸਮੂਹ ਦੇ ਰੂਪ ਵਿਚ ਪੇਸ਼ ਕਰਕੇ ਮਨੁੱਖ ਦੇ ਸਮਾਜਿਕ ਆਧਾਰ ਨੂੰ ਨਿਸ਼ਚਿਤ ਕੀਤਾ ਗਿਆ ਹੈ। ਸਭਿਆਚਾਰ ਅਤੇ ਸਭਿਅਤਾ ਬਾਰੇ ਜ਼ਿਆਦਾ ਨਿਖੇੜ ਚਰਚਾ ਸਮਾਜਵਿਗਿਆਨੀਆਂ ਵੱਲੋਂ ਕੀਤੀ ਗਈ ਮਿਲਦੀ ਹੈ-। ਮਾਨਵ ਵਿਗਿਆਨ ਅਤੇ ਬਾਕੀ ਅਨੁਸ਼ਾਸ਼ਨ ਇਤਿਹਾਸਰਾਜਨੀਤੀ ਆਦਿ ਵਿਚ ਇਹ ਨਿਖੇੜ ਆਮ ਨਹੀਂ ਹੈ ,ਸ਼ਾਸਤਰ-ਅਰਥ ,।

ਸਮਾਜਵਿਗਿਆਨ ਵਿਚ ਸਭਿਆਚਾਰ ਅਤੇ ਸਭਿਅਤਾ ਦੋਹਾਂ ਨੂੰ ਇਕੋ ਸਮਾਜਿਕ ਵਰਤਾਰੇ ਵਿਚ ਸਮਝਿਆ - ਗਿਆ ਹੈ। ਅੰਗਰੇਜ਼ੀ ਵਿਚ ਇਸ ਨੂੰ ਅਵੈਵੀ ਲਿਆ -ਜਿਸ ਤੋਂ ਭਾਵ ਪਰਾ ,ਦਾ ਨਾਂ ਦਿੱਤਾ ਗਿਆ ਹੈ 'ਆਰਗੈਨਿਕ-ਸੁਪਰ' ਜਾਂਦਾ ਹੈ। ਸਭਿਅਤਾ ਨੂੰ ਸਭਿਆਚਾਰ ਦਾ ਮਗਰਲਾ ਪੜਾਅ ਕਿਹਾ ਗਿਆ ਹੈ। ਸਭਿਅਤਾ ਲਈ ਅੰਗਰੇਜ਼ੀ ਸ਼ਬਦ ' ਹੈ 'ਸਿਵਿਲਾਈਜੇਸ਼ਨ। ਇਸ ਤੋਂ ਭਾਵ ਸਮਾਜਿਕ ਵਿਕਾਸ ਦਾ ਉਹ ਪੜਾਅ ਹੈ ਜਦੋਂ ਸਮਾਜ ਦਾ ਸੰਗਠਨ ਨਾਤੇਦਾਰੀ ਜਾਂ ਕਬੀਲੇ ਦੇ ਆਧਾਰ ਉੱਤੇ ਨਹੀਂਜਿਸ ਪ੍ਰਕਾਰ ਅੱਜ ਸ਼ਹਿਰਾ ਵਿਚ ਹੈ ,ਆਧਾਰ ਉੱਤੇ ਕੀਤਾ ਜਾਣ ਲੱਗਾ 'ਸਿਵਿਲ' ਸਗੋਂ ,। ਸਮਾਜ ਵਿਗਿਆਨੀਆਂ ਦਾ ਕਹਿਣਾ ਹੈ ਕਿ ਕਿ ਦਾ ਪੜਾਅ ਪਦਾਰਥਕ ਸਭਿਆਚਾਰਕ ਵਿਚਲੀਆਂ ਕੁਝ 'ਸਿਵਿਲੀਕਰਨ' ਐਸੀਆਂ ਕਾਢਾਂ ਨਾਲ ਜੁੜਿਆ ਹੋਇਆਂ ਹੈ ਜਿਨ੍ਹਾਂ ਨੇ ਮਨੁੱਖੀ ਵਿਕਾਸ ਵਿਚ ਇਤਿਹਾਸਕ ਮੋੜ ਲਿਆਦਾ।

ਹਰ ਸਭਿਆਚਾਰ ਦੀ ਆਪਣ ੀ ਸਭਿਅਤਾ ਹੁੰਦੀ ਹੈ। ਸਭਿਅਤਾਰੂਪ ਹੈਸਭਿਆਚਾਰ ਦ ਲਾਜ਼ਮੀ ਪ੍ਰਤੀ ,। ਸਭਿਅਤਾ ਕਿਸੇ ਸਭਿਆਚਾਰ ਦੀ ਬਾਹਰਲੀਸਿਖਰਲੀ ਬਣਤਰ ਦਾ ਨਾਮ ਹੈ ,। ਜੇ ਸਭਿਆਚਾਰ ਜੀਵਨ ਹੈ ਤਾਂ ਸਭਿਅਤਾ ਮੌਤਸਭਿਆਚਾਰ ਵਿਸਥਾਰ ਤੇ ਤਾਂ ਸਭਿਅਤਾ ਕਠੋਰ ਸਥਿਰਤਾ ਦਾ ਨਾਮ ਹੈ ,। ਸਭਿਆਚਾਰ ਅਤੇ ਸਭਿਅਤਾ ਮਨੁੱਖ ਦੀਆਂ ਯੋਗਤਾਵਾਂ ਅਤੇ ਸਮਰੱਥਾਵਾਂ ਦੀ ਉਪਜ ਹਨ। ਦੋਹਾਂ ਦਾ ਅਸਹਤਿਤਵ ਸਮਾਜ ਨਿਰਪੇਖ ਸੰਭਵ ਨਹੀਂ ਹੈ। ਸਭਿਅਤਾ ਦਾ ਖੇਤਰ ਉਪਯੋਗਤਾ ਦਾ ਖੇਤਰ ਹੈ ਜਦੋਂ ਕਿ ਸਭਿਆਚਾਰ ਦਾ ਸੰਬੰਧ ਮੁੱਲ ਵਿਧਾਨ ਨਾਲ ਹੈ। ਮਨੁੱਖੀ ਜੀਵਨ ਦੀਆਂ ਸਿਰਜਣਾਤਮਕ ਅਤੇ ਰਚਨਾਤਮਕ ਰੁਚੀਆਂ ਜਿਸ ਵਿਚ ਕਲਪਨਾਬੋਧਿ ,ਸੰਵੇਦਨਸ਼ੀਲਤਾ ,ਕਤਾ ,ਤਰਕਸ਼ੀਲਤਾ , ਉਹ ਸਭਿਆਚਾਰਕ ਅੰਸ਼ਾ ਦੀ ਸਿਰਜਨਾ ਕਰਦੇ ਹਨ ,ਸੁਹਜਾਤਮਕਤਾ ਵਰਗੇ ਪਹਿਲੂ ਜੁੜੇ ਹਨ। ਇਨ੍ਹਾਂ ਲੱਛਣਾਂ ਤੋਂ ਬਿਨਾਂ ਨਾ ਤਾਂ ਸਭਿਅਤਾ ਦੀ ਉਪਜ ਹੋ ਸਕਦੀ ਹੈ ਅਤੇ ਨਾ ਹੀ ਸਭਿਆਚਾਰ ਆਪਣੀ ਹੋਂਦ ਕਾਇਮ ਰੱਖ ਸਕਦਾ ਹੈ।

ਸਮੁੱਚੇ ਰੂਪ ਵਿਚ ਸਭਿਆਚਾਰ ਅਤੇ ਸਭਿਅਤਾ ਨੂੰ ਕਈ ਵਿਦਵਾਨ ਇਨ੍ਹਾਂ ਨੂੰ ਸਮਾਨਾਰਥਕ ਸ਼ਬਦਾਂ ਦੇ ਰੂਪ ਵਿਚ ਵਰਤੋਂ ਵਿਚ ਲੈਂਦੇ ਹਨ। ਇਹ ਦੋਵੇਂ ਅੰਗ ਕਠਿਨ ਹਨ ਕਿਉਂਕਿ ਦੋਹਾਂ ਵਿਚ ਕੋਈ ਸਰਬਏਕ ਪ੍ਰਵਾਨਿਤ ਅਤੇ ਪ੍ਰਮਾ- ਨਿਡੇੜ ਕੀਤਾ ਗਿਆ ਨਹੀਂ ਮਿਲਦਾ। ਇਸ ਲਈ ਦੋਹਾਂ ਦਾ ਸਰੂਪ ਆਪਸੀ ਅੰਗਾਂ ਵਿਚ ਸੰਮਲਿਤ ਹੈ-ਅਰਥ।

**ਇਤਿਹਾਸ ਨਾਲ ਸੰਬੰਧ**

ਸਭਿਆਚਾਰ ਅਤੇ ਇਤਿਹਾਸ ਦਾ ਆਪਸੀ ਰਿਸ਼ਤਾ ਨੇੜਲਾ ਹੈ। ਇਤਿਹਾਸ ਸਭਿਆਚਾਰ ਦਾ ਇਕ ਮੂਲ ਸਰੋਤ ਹੁੰਦਾ ਹੈ। ਮਨੁੱਖੀ ਸਮਾਜ ਅੰਦਰ ਵਾਪਰਨ ਵਾਲੀਆਂ ਸਰਬ ਪੱਖੀ ਘਟਨਾਵਾਂ ਦਾ ਕਾਲਸ ਕ੍ਰਮਕ ਵਿਸ਼ਲੇਸ਼ਣ ਇਤਿਹਾ-ਕਹਾਉਂਦਾ ਹੈ। ਇਤਿਹਾਸ ਪਰੰਪਰਾ ਅਤੇ ਨਵੀਨਤਾ ਦੇ ਦਵੰਦਾਤਮਕ ਸੰਬੰਧਾਂ ਦਾ ਵਿਸ਼ਲੇਸ਼ਣ ਹੁੰਦਾ ਹੈ। ਕਿਸੇ ਦੇਸ਼ ਦੀ ਬੀਤੀ ਸਭਿਅਤਾਰਾਜਸੀ ਅਤੇ ਆਰਥਿਕ ਸਥਿਤੀ ਨੂੰ ਪ੍ਰਗਟ ਕਰਨ ਲਈ ਉ ,ਸੰਸਕ੍ਰਿਤੀ ,ਸ ਦੇਸ਼ ਦਾ ਇਤਿਹਾਸ ਵੇਖਣਾ ਜਰੂਰੀ ਹੁੰਦਾ ਹੈ। ਇਤਿਹਾਸ ਬੀਤੇ ਸਮੇਂ ਦੇ ਹਾਲਾਤ ਦਾ ਸੰਪੂਰਨ ਦਸਤਾਵੇਜ ਬਣ ਜਾਂਦਾ ਹੈ। ਇਤਿਹਾਸਕਾਰ ਨੇ ਕੇਵਲ ਰਾਜਨੀਤਕ ਉਥਲਸਗੋਂ ਉਸ ਸਮੇਂ ਦਾ ਸੱਚ ਲੱਭਣਾ ਹੁੰਦਾ ਹੈ ,ਪੁਥਲ ਨੂੰ ਹੀ ਬਿਆਨ ਨਹੀਂ ਕਰਨਾ ਹੁੰਦਾ-। ਜਨ-ਸਾਧਾਰਨ ਵਿਚਲੀ ਜੀਵਨ ਰੌਂ ਨੂੰ ਸਮਝਣਾ ਹੁੰਦਾ ਹੈ। ਪੰਜਾਬੀ ਸਮਾਜ ਦੇ ਇਤਿਹਾਸਕ ਸਰਵੇਖਣ ਵਿਚ ਕੁਝ ਮੁੱਖ ਪਹਿਲੂਆਂ ਨੂੰ ਜਾਣਨਾ ਬਹੁਤ ਜਰੂਰੀ ਹੈ। ਜਿਨ੍ਹਾਂ ਨੇ ਇਤਿਹਾਸਕ ਪ੍ਰਕਿਰਿਆ ਦੌਰਾਨ ਪੰਜਾਬੀ ਸਭਿਆਚਾਰ ਦੇ ਵਿਕਾਸ ਜਾਂ ਵਿਸਤਾਰ ਵਿਚ ਆਪਣਾ ਯੋਗਦਾਨ ਪਾਇਆ ਹੈ।

ਪੰਜਾਬ ਦਾ ਵਰਤਮਾਨ ਇਤਿਹਾਸ ਆਰੀਆ ਜਾਤੀ ਤੋਂ ਸ਼ੁਰੂ ਹੁੰਦਾ ਹੈ। 'ਰਿਗਵੇਦਨੂੰ ਸੰਸਾਰ ਦੀ ਸਭ ਤੋਂ ਪ੍ਰਾਚੀਨ ' ਪੁਸਤਕ ਮੰਨਿਆਗਿਆ ਹੈ। ਪਰ ਕੁਝ ਵਿਦਵਾਨ ਪੰਜਾਬ ਦੇ ਇਤਿਹਾਸਕ ਪਿਛੋਕੜ ਨੂੰ ਪੂਰਵ ਆਰੀਆ ਕਾਲ ਨਾਲ ਵੀ ਜੋੜਦੇ ਹਨ। ਪੰਜਾਬ ਦੇ ਪੁਰਾਣੇ ਥੇਹਾਂ ਤੋਂ ਦੀ ਖੁਦਾਈ ਤੋਂ ਜੋ ਗਿਆਨ ਮਿਲਿਆ ਹੈਉਸ ਤੋਂ ਉਨ੍ਹਾਂ ਲੋਕਾਂ ਦੇ ਸਭਿਆਚਾਰਕ , ਪੀਣ ਸਾਰਾ ਕੁਝ ਮਿਲਾ ਕੇ ਇਕ ਪੂਰੀ ਸਭਿਅਤਾ-ਖਾਣ ,ਸ਼ਿੰਗਾਰ-ਹਾਰ ,ਸਹਿਣ-ਰਹਿਣ ,ਆਚਾਰ-ਪੱਖਾਂ ਅਰਥਾਤ ਚੱਜ ਦੀ ਤਸਵੀਰ ਮਿਲਦੀ ਹੈ। ਪੰਜਾਬ ਦੇ ਆਦਿ ਵਾਸੀ ਲੋਕਾਂ ਦੇ ਸਭਿਆਚਾਰ ਦੇ ਚਿੰਨ੍ਹ ਵਿਕਾਸ ਦੀ ਚੋਟੀ ਉੱਤੇ ਪੁੱਜੀ ਦੁਨੀਆਂ ਦੀ ਪੁਰਾਣੀ ਸ਼ਹਿਰੀਅਤ ਦੇ ਨਿਸ਼ਾਨ ਮੰਨੇ ਜਾਂਦੇ ਹਨ।

ਪੰਜਾਬੀ ਜੀਵਨ ਅਤੇ ਸਭਿਆਚਾਰ ਨੂੰ ਸਭ ਤੋਂ ਵੱਧ ਯੋਗਦਾਨ ਆਰੀਆ ਜਾਤੀ ਦਾ ਹੈ। ,ਵਿਚ ਸਿੰਧ 'ਰਿਗਵੇਦ' ਸਰਸਵਤੀ ਆਦਿ ਪੰਜਾਬ ਦੇ ਦਰਿਆਵਾਂ ਦਾ ਜ਼ਿਕਰਵਾਰਵਾਰ ਆਉਂਦਾ ਹੈ-। ਕਈ ਇਤਿਹਾਸਕ ਸ਼ਹਿਰਨਗਰ ਇਸ / ਜਾਤੀ ਨਾਲ ਜੁੜੇ ਹੋਏ ਹਨ। ਮਹਾਭਾਰਤ ਦਾ ਯੁੱਧ ਪੰਜਾਬ ਦੀ ਧਰਤੀ ਕੁਰੂਕਸ਼ੇਤਰ ਵਿਚ ਲੜਿਆ ਗਿਆ। ਪ੍ਰਾਚੀਨ ਸਮੇਂ ਦੀ ਸਭ ਤੋਂ ਪ੍ਰਸਿੱਧ ਰਚਨਾ ਪਾਣਿਨੀ ਦੀ ਅਸ਼ਟਧਿਆਏ ਵੀ ਪੰਜਾਬ ਦੀ ਧਰਤੀ ਉਤੇ ਹੀ ਰਚੀ ਗਈ। ਇਤਿਹਾਸਕਾਰ ਹਿਊਨਸਾਂਗ ਦੇ ਕਥਨ ਅਨੁਸਾਰ ਮਹਾਂਰਿਸ਼ੀ ਪਾਣਿਨੀ ਪੰਜਾਬ ਦਾ ਜੰਮਪਲ ਸੀ ਤੇ ਤਕਸ਼ਿਲਾ ਵਿਸ਼ਵ ਵਿਦਿਆਲੇ ਦਾ ਵਿਦਿਆਥੀ ਸੀ। ਪੰਜਾਬ ਨੂੰ ਆਰੀਆ ਜਾਤੀ ਦੇ ਲੋਕਾਂ ਧਰਮ ਕਰਨ ਦੀ ਨੀਤੀ ਕਾਰਨ ਦੇਵਤਿਆਂ ਦੀ ਧਰਤੀ ਵੀ ਕਿਹਾ ਜਾਂਦਾ ਹੈ।

ਪਦਾਂ ਵਿਚ ਵੰਡਿਆ ਹੋਇਆ ਸੀ-ਛੋਟੇ ਜਨ-ਬਾਦਸ਼ਾਹ ਸਿਕੰਦਰ ਦੇ ਭਾਰਤ ਹਮਲੇ ਦੌਰਾਨ ਪੰਜਾਬ ਛੋਟੇ 320। ਇਸ ਸਥਿਤੀ ਵਿਚ ਦੇਸ਼ ਦੇ ਰਾਜੇ ਪੋਰਸ ਦੀ 'ਕੇਕਯ'ਅਗਵਾਈ ਵਿਚ ਪੰਜਾਬੀਆਂ ਨੇ ਸਿਕੰਦਰ ਦਾ ਟਾਕਰਾ ਏਨੀ ਦਲੇਰੀ ਨਾਲ ਕੀਤਾ ਕਿ ਉਹ ਸਿਕੰਦਰ ਨੂੰ ਅੱਗੇ ਵੱਧਣ ਤੋਂ ਰੋਕਣ ਵਿਚ ਸਫਲ ਰਹੇ। ਪੰਜਾਬੀ ਲੋਕਾਂ ਦੀ ਬਹਾਦਰੀ ਤੇ ਦਲੇਰੀ ਨੇ ਸਿਕੰਦਰ ਦੇ ਹਮਲੇ ਦਾ ਅਸਰ ਬਾਕੀ ਹਿੰਦੁਸਤਾਨ ਉੱਤੇ ਵੀ ਵਧੇਰੇ ਨਾ ਪੈਣ ਦਿੱਤਾ।

ਚੰਦਰ ਗੁਪਤ ਮੌਰੀਆ ਨਾਲ ਮੋਰੀਆ ਵੰਸ਼ ਸ਼ੁਰੂ ਹੁੰਦਾ ਹੈ। ਇਸ ਵੰਸ਼ ਦਾ ਪ੍ਰਸਿੱਧ ਤੇ ਪ੍ਰਤਾਪੀ ਰਾਜਾ ਅਸ਼ੋਕ 232-273)ਬੀਆਪਣਾ ਵਿਲੱਖਣ ਸਥਾਨ ਰੱਖਦਾ ਹੈ (.ਸੀ.। ਇਸ ਸਮੇਂ ਵਿਚ ਬੁੱਧ ਮੱਤ ਆਪਣੀ ਚਰਮ ਸੀਮਾ ਉੱਤੇ ਸੀ। ਬੁੱਧ ਰਾਜ ਵਿਚ ਤਰਕਸ਼ਿਲਾ ਰਾਜਧਾਨੀ ਸੀ ਅਤੇ ਇਹ ਨਗਰ ਵਿਦਿੱਆ ਦਾ ਪ੍ਰਸਿੱਧ ਕੇਂਦਰ ਬਣ ਗਿਆ ਸੀ। ਟੈਕਸਲਾ ਨਾਂ ਦੀ ਸੰਸਾਰ ਪ੍ਰਸਿੱਧ ਯੂਨੀਵਰਸਿਟੀ ਇਸ ਨਗਰ ਵਿਚ ਸੀ। ਇਸ ਵੇਲੇ ਦੇ ਪੰਜਾਬੀ ਜੀਵਨਆਚਾਰ -ਚੱਜ ,ਵਿਚਾਰਧਾਰਾ , ਰੀਤਾਂ ਦਾ ਡੂੰਘਾ ਪ੍ਰਭਾਵ ਪਿਆ-ਅਤੇ ਸਾਹਿਤ ਉੱਤੇ ਬੋਧੀ ਦਰਸ਼ਨ ਤੇ ਰਹੁ। ਚੀਨੀ ਯਾਤਰੀ ਫਾਹੀਆਨ ਅਨੁਸਾਰ ਮਹਾਤਮਾ ਬੁੱਧ ਦੇ ਸਰੀਰ ਦੇ ਕੁੱਝ ਅੰਗਾਂ ਦਾ ਸੰਸਕਾਰ ਪੰਜਾਬ ਵਿਚ ਵੀ ਕੀਤਾ ਗਿਆ ਸੀ। ਇਤਿਹਾਸਕ ਵੇਰਵਿਆ ਦੇ ਅਨੁਸਾਰ ਇਸ ਸਮੇਂ ਵਿਚ ਪੰਜਾਬ ਨੂੰ  ਕਿਹਾ 'ਪਿਟੂ'ਜਾਂਦਾ ਸੀ ਤੇ ਬੁੱਧ ਧਰਮ ਦੀਆਂ ਦੋ ਸੰਪਰਦਾਵਾਂ  ਤੇ 'ਹੀਨ ਯਾਨ' ਉਦੋਂ ਪੂਰੇ ਜ਼ੋਰਾਂ ਤੇ ਸਨ 'ਮਹਾਂ ਯਾਨ'।

,ਕੁਸ਼ਾਨ ,ਪਾਰਥੀਅਨ ,ਦੂਜੀ ਸਦੀ ਈਸਾ ਪੂਰਵ ਤੋਂ ਸਤਵੀਂ ਸਦੀ ਈਸਵੀ ਤਕ ਨੌ ਸੌ ਸਾਲ ਪੰਜਾਬ ਉੱਤੇ ਸ਼ੱਕ ਤੇ ਕੁਝ ਹੋਰ ਏਸ਼ਿਆਈ ਕਬੀਲਿਆਂ ਨੇ ਪੰਜਾਬ ਨੂੰ ਆਪਣੇ ਅਧੀਨ ਕਰਕੇ ਰਾਜ ਕੀਤਾ ,ਹੁਣ। ਮਾਲਵੇ ਦੇ ਰਾਜੇ ਗੌਤਮੀ ਪੁੱਤਰ ਕ ਜਾਤੀ ਉੱਤੇ ਜਿੱਤ ਪ੍ਰਾਪਤ ਕਰਨ ਦੀ ਖੁਸ਼ੀ ਵਿਚ ਬਿਕਰਮ ਸੰਮਤ ਚਲਾਇਆਨੇ ਸ਼ੱ (ਸਾਤਵਾਹਨ)। ਡਾ . ਸੋਹਿੰਦਰ ਸਿੰਘ ਵਣਜਾਰਾ ਬੇਦੀ ਦਾ ਕਥਨ ਹੈ ਕਿ ਇਹੋ ਸਾਤਵਾਹਨ ਪੰਜਾਬ ਵਿਚ ਰਾਜਾ ਸਲਵਾਨ ਦੇ ਨਾਂ ਨਾਲ ਪ੍ਰਸਿੱਧ ਹੋਇਆ। ਪੂਰਨ ਭਗਤ ਤੇ ਰਸਾਲੂ ਇਸੇ ਦੇ ਪੁੱਤਰ ਸਨ। ਇਸ ਪਰਿਵਾਰ ਨਾਲ ਜੁੜੀਆਂ ਦੰਦ ਕਥਾਵਾਂ ਪੰਜਾਬੀ ਸਭਿਆਚਾਰ ਵਿਚ ਵਿਲੱਖਣ ਸਥਾਨ ਰੱਖਦੀਆਂ ਹਨ।

ਸਤਵੀਂ ਸਦੀ ਪੰਜਾਬ ਦੇ ਇਤਿਹਾਸਕ ਪੱਖ ਤੋਂ ਬਹੁਤ ਮਹੱਤਵਪੂਰਨ ਸਦੀ ਮੰਨੀ ਗਈ ਹੈ। ਇਸ ਸਮੇਂ ਪ੍ਰਭਾਕਰ ਵਰਧਨ ਅਤੇ ਉਸ ਦਾ ਪੁੱਤਰ ਹਰਸ਼ ਵਰਧਨ ਨੇ ਆਪਣੀ ਬਹਾਦਰੀ ਅਤੇ ਸੂਰਬੀਰਤਾ ਨਾਲ ਪੰਜਾਬੀ ਕੌਮ  (647-606) ਦਾ ਸਿਰ ਉੱਚਾ ਕੀਤਾ। ਰਾਜੇ ਪ੍ਰਭਾਕਰ ਨੇ ਹੁਣਾਂ ਵਰਗੇ ਵਿਦੇਸ਼ੀ ਧਾੜਵੀਆਂ ਤੋਂ ਬਚਾਇਆ ਸੀ। ਪ੍ਰਭਾਕਰ ਵਰਧਨ ਦਾ ਪੁੱਤਰ ਹਰਸ਼ ਵਰਧਨ ਅਖੀਰਲਾ ਹਿੰਦੂ ਰਾਜਾ ਸੀਜਿਸ ਨੇ ਕਸ਼ਮੀਰ ਤੋਂ ਆਸਾਮ ਤਕ ਤੇ ਹਿਮਾਲਿਆ ਤੋਂ ਵਿੰਧੀਆ ਤਕ  , ਸੱਤਾ ਹੇਠ ਮੁੜ ਲੈ ਆਦਾ ਸੀ-ਸਾਰੇ ਦੇਸ਼ ਨੂੰ ਇਕ ਸੰਗਠਿਤ ਰਾਜ।

ਮੁਹੰਮਦ ਬਿਨ ਕਾਸਿਮ ਦੇ ਹਮਲੇ ਨਾਲ ਭਾਰਤ ਵਿਚ ਇਸਲਾਮ ਜਾਤੀ ਦਾ ਪ੍ਰਵੇਸ਼ ਹੁੰਦਾ ਹੈ। ਹੁਣ ਤਕ ਆਰੀਆ ਜਾਤੀ ਮਗਰੋਂ ਪੰਜਾਬ ਦੀ ਬੀਰਭੂਮੀ ਨੂੰ ਮੁਸਲਮਾਨ ਜਾਤੀਆਂ ਨੇ ਸਭ ਤੋਂ ਵੱਧ ਪ੍ਰਭਾਵਿਤ ਕੀਤਾ-। ਆਰੀਆ ਰਿਸ਼ੀਆਂ , ਫਕੀਰਾਂ ਨੇ ਇਥੋਂ ਦੇ ਲੋਕਾਂ ਦੇ ਦਿਲ ਜਿੱਤਣ ਵਿਚ ਸਫਲਤਾ ਹਾਸਲ  ,ਸੂਫੀਆਂ ,ਮੁਨੀਆਂ ਵਾਂਗ ਹੀ ਮੁਸਲਮਾਨ ਵਲੀਆਂ ਕੀਤੀ। ਕਈ ਸੂਫੀਆਂ ਤੇ ਫਕੀਰਾਂ ਨੇ ਲੱਖਾਂ ਹਿੰਦ ਵਾਸੀਆਂ ਨੂੰ ਆਪਣੇ ਮੱਤ ਦਾ ਅਨੁਆਈ ਬਣਾਇਆ।

ਗਿਆਰਵੀਂ ਸਦੀ ਦੇ ਆਰੰਭ ਵਿਚ ਗਜ਼ਨੀ ਦੇ ਸੁਲਤਾਨ ਮਹਿਮੂਦ ਗਜ਼ਨਵੀ ਨੇ ਭਾਰਤ ਉੱਤੇ ਹਿੰਦਮੰਦਰਾਂ ਤੇ - ਦੌਲਤ ਨੂੰ ਲੁੱਟਣ ਦੇ ਮਨੋਰਥ ਨਾਲ ਸਤਾਰਾਂ ਹਮਲੇ ਕੀਤੇ ,ਵਿਦਿਅਕ ਸੰਸਥਾਵਾਂ ਨੂੰ ਤਬਾਹ ਕਰਨ ਤੇ ਧਨ।  ਮਹਿਮੂਦ ਗਜ਼ਨਵੀ ਦਾ ਟਾਕਰਾ ਜੈ ਪਾਲ ਤੇ ਆਨੰਦ ਪਾਲ ਨਾਲ ਹੋਇਆ ਤੇ ਉਨ੍ਹਾਂ ਨੇ ਗਜ਼ਨਵੀ ਦੇ ਪੈਰ ਨਾ ਲੱਗਣ ਦਿੱਤੇ। ਗਜ਼ਨਵੀ ਦੇ ਹਮਲਿਆਂ ਮਗਰੋਂ  ਮੁਹੱਮਦ ਗੋਰੀ ਨਾਲ ਪੰਜਾਬ ਦੇ ਰਾਜੇ ਪ੍ਰਿਥਵੀ ਰਾਜ ਚੌਹਾਨ ਨਾਲ ਤਰਾਇਣ ਦੀ ਲੜਾਈ ਲੜੀ ਜਾਂਦੀ ਹੈ। ਭਾਵੇਂ ਇਸ ਲੜਾਈ ਵਿਚ ਜਿੱਤ ਗੌਰੀ ਦੀ ਹੁੰਦੀ ਹੈ ਪਰ ਉਸ ਨੂੰ ਪੰਜਾਬ ਦੇ ਲੋਕਾਂ ਨੇ ਪੂਰੀ ਤਰ੍ਹਾਂ ਟਿਕਣ ਨਾ ਦਿੱਤਾ। ਮੁਹੰਹਦ ਗੌਰੀ ਤੋਂ ਬਾਅਦ ਗੁਲਾਮ ਵੰਸ਼  (1321-1288) ਖਿਲਜੀ ਵੰਸ਼ (1288-1206)ਤੁਗਲਕ ਵੰਸ਼ -1321) ਆਦਿ ਨੇ ਪੰਜਾਬ ਉਪਰ ਆਪਣਾ ਰਾਜ ਪ੍ਰਬੰਧ  (1526-1450) ਲੋਧੀ ਵੰਸ਼ (1450-1414) ਸੱਯਦ ਵੰਸ਼ (1413

ਚਲਾਇਆ।ਸੋ ਸਾਲ  300 ਵਿਚ ਬਾਬਰ ਦੇ ਹਮਲੇ ਨਾਲ ਮੁਗਲਾਂ ਦਾ ਰਾਜ ਸਥਾਪਿਤ ਹੋ ਗਿਆ ਜੋ ਲਗਭਗ 1526 ਬਾਹੁਦਰ ਸ਼ਾਹ ਜਫਰ ਤਕ ਰਿਹਾ।

ਮੁਗਲ ਰਾਜ਼ ਦੇ ਸਥਾਪਿਤ ਹੋਣ ਨਾਲ ਪੰਜਾਬ ਵਿਚ ਇਕ ਕੌਮੀ ਲਹਿਰ ਦਾ ਜਨਮ ਹੋਇਆ ਜਿਸ ਨੇ ਇਥੋਂ ਦੇ ਅਧਿਆਤਮਕ ਅਤੇ ਸਮਾਜਿਕ ਜੀਵਨ ਵਿਚ ਨਵੀਂ ਰੂਹ ਫੂਕ ਦਿੱਤੀ। ਇਸ ਲਹਿਰ ਦੇ ਮੋਢੀ ਗੁਰੂ ਨਾਨਕ ਦੇਵ ਜੀ ਸਨ। ਜਿਨ੍ਹਾਂ ਨੇ ਆਪਣੇ ਵਿਚਾਰਾਂ ਦੁਆਰਾ ਲੋਕਜੀਵਨ ਵਿਚ ਨਵੀਂ ਚੇਤਨਾ ਦੇ ਉਭਾਰ ਨੂੰ ਬਲ ਦਿੱਤਾ। ਗੁਰੂ ਅਰਜਨ ਦੇਵ ਜੀ - ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਅਤੇ ਗੁਰੂ ਗੋਬਿ ,ਦੀ ਸ਼ਹੀਦੀੰਦ ਜੀ ਦੁਆਰਾ ਖਾਲਸਾ ਪੰਥ ਦੀ ਸਥਾਪਨਾ ਨੇ ਪੰਜਾਬੀ ਜਨਮਾਨਸ ਦੇ ਜੀਵਨ ਨੂੰ ਨਵਾਂ ਰਸਤਾ ਦਿੱਤਾ-। ਗੁਰੂ ਸਾਹਿਬਾਨਾਂ ਦੀ ਜਾਗ੍ਰਤੀ ਨੇ ਪੰਜਾਬੀ ਲੋਕਾਂ ਵਿਚ ਨਵਾਂ ਜੋਸ਼ ਤੇ ਆਤਮਨੂੰ ਪੁੱਟ  ,ਜਿਸ ਦੀਆਂ ਜੜ੍ਹਾਂ ਡੂੰਘੀਆਂ ਸਨ ,ਵਿਸ਼ਵਾਸ਼ ਪੈਦਾ ਕਰ ਦਿੱਤਾ ਕਿ ਉਨ੍ਹਾਂ ਨੇ ਮੁਗਲ ਰਾਜ- ਵੱਖ ਖੇਤਰਾਂ ਵਿਚ ਆਪਣਾ-ਸੁਟਿਆ ਅਤੇ ਵੱਖਰਾਜ ਸਥਾਪਿਤ ਕਰ ਲਿਆ। ਸਿੱਖ ਮਿਸਲਾਂ ਦੇ ਸਰਦਾਰਾਂ ਨੂੰ ਮਹਾਰਾਜਾ ਰਣਜੀਤ ਨੇ ਆਪਣੇ ਨਾਲ ਰਲਾ ਕੇ ਸਿੱਖ ਰਾਜ ਨੂੰ ਸਥਾਪਿਤ ਕੀਤਾ। ਇਹ ਪੰਜਾਬੀਆਂ ਦਾ ਆਪਣਾ ਰਾਜ ਸੀ ਜੋ ਸਦੀਆਂ ਦੀ ਜਦੋਜਹਿਦ ਦੇ ਮਗਰੋਂ ਪ੍ਰਾਪਤ ਹੋਇਆ-। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਮਗਰੋਂ ਯੋਗ ਅਗਵਾਈ ਦੀ ਘਾਟ ਕਾਰਨ ਤੇ ਆਪਸੀ ਫੁੱਟ ਕਾਰਨ  ਵਿਚ 1849ਅੰਗਰੇਜ਼ੀ ਪ੍ਰਸ਼ਾਸ਼ਨ ਨੇ ਪੰਜਾਬ ਨੂੰ ਆਪਣੇ ਅਧੀਨ ਕਰ ਲਿਆ ਜੋ  1947 ਤਕ ਪੰਜਾਬ ਤੇ ਹਿੰਦੁਸਤਾਨ ਅੰਗਰੇਜ਼ੀ ਪ੍ਰਸ਼ਾਸਨ ਦਾ ਗੁਲਾਮ ਬਣਿਆ ਰਿਹਾ।

**ਮਨੋਵਿਗਿਆਨ ਨਾਲ ਸੰਬੰਧ**

ਮਨੋਵਿਗਿਆਨ ਦਾ ਸਭਿਆਚਾਰ ਨਾਲ ਸੰਬੰਧ ਮੁੱਖ ਰੂਪ ਨਾਲ ਸਮਾਜਿਕ ਮਨੋਵਿਗਿਆਨ ਰਾਹੀਂ ਹੈ। ਜਿਸ ਦੇ ਅੰਤਰ ਅਨੁਸ਼ਾਸਨੀ ਖਾਸੇ ਬਾਰੇ ਦੱਸਦਿਆਂ ਮਨੋਵਿਗਿਆਨੀ-ਇਸ ਦਾ ਸੰਬੰਧ ਸਭਿਆਚਾਰਕ ਮਾਨਵਵਿਗਿਆਨ ਤੋਂ - ਸ਼ਾਸਤਰ ਅਤੇ ਸਮਾਜ ਵਿਗਿਆਨ -ਅਰਥ ,ਇਤਿਹਾਸ ,ਸ਼ਾਸਤਰ-ਰਾਜਨੀਤੀ ,ਚਿਕਿਤਸਾ-ਮਨੋ ,ਇਲਾਵਾ ਮਨੋਵਿਗਿਆਨ ਨਾਲ ਜੋੜਦਾ ਹੈ।

ਸਭਿਆਚਾਰਕ ਅਧਿਐਨ ਲਈ ਮਨੋਵਿਗਿਆਨ ਨੂੰ ਸਮਾਜਿਕ ਵਿਗਿਆਨਾਂ ਦੇ ਅਨੁਸ਼ਾਸ਼ਨ ਵਿਚ ਸ਼ਾਮਿਲ ਕੀਤਾ ਜਾਂਦਾ ਹੈ। ਇਸ ਦੇ ਨਾਲ ਦੋ ਹੋਰ ਅਨੁਸ਼ਾਸ਼ਨ ਮਾਨਵ ਵਿਗਿਆਨ ਅਤੇ ਸਮਾਜ ਵਿਗਿਆਨ ਸ਼ਾਮਿਲ ਹਨ। ਇਹ ਤਿੰਨੇ ਹੀ ਅਧਿਐਨ ਦੇ ਵੱਖਵੱਖ ਸਥਾਨ ਦਾ ਹੈ-ਵੱਖ ਸੰਦ ਹਨ। ਸਭਿਆਚਾਰ ਦਾ ਅਧਿਐਨ ਇਨ੍ਹਾਂ ਤਿੰਨਾਂ ਵਿਚ ਵੱਖ-। ਇਸ ਵਿਚ ਵੱਖਖੇਤਰ ਦੀਆਂ ਹੱਦਾਂ ਕਰਕੇ -ਵੱਖ ਸਮੱਸਿਆਵਾਂ ਦੇ ਸੰਦਰਭ ਹੁੰਦੇ ਹਨ। ਇਹ ਤਿੰਨੇ ਹੀ  ਵਿਗਿਆਨ ਆਪਣੇ ਅਧਿਐਨ- ਨਿਖੇੜੇ ਨਹੀਂ ਜਾ ਸਕਦੇ। ਇਹ ਤਿੰਨੇ ਵਿਗਿਆਨ ਸਮਾਜਿਕ ਯਥਾਰਥ ਦਾ ਹੀ ਅਧਿਐਨ ਕਰਦੇ ਹਨ। ਇਨ੍ਹਾਂ ਦਾ ਕਾਰਜ ਖੇਤਰ ਸਮਾਜ ਹੈ। ਇਹ ਵਿਗਿਆਨ ਵੱਖੋਵੱਖਰੇ ਅੰਸ਼ਾ ਉਪਰ ਬਲ ਦੇਂਦੇ ਹਨ। ਦੂਜੇ ਵਿਗਿਆਨ ਨਾਲੋਂ ਮਨੋਵਿਗਿਆਨ - ਵਿਚ ਸਭਿਆਚਾਰ ਦਾ ਅਧਿਐਨ ਸਮਾਜ ਵਿਚ ਮਨੁੱਖੀ ਸ਼ਖਸ਼ੀਅਤ ਦੀ ਉਸਾਰੀ ਦੇ ਪੱਖ ਤੋਂ ਕੀਤਾ ਜਾਂਦਾ ਹੈ।

ਮਨੁੱਖ ਇਕ ਸਮਾਜਿਕ ਪ੍ਰਾਣੀ ਹੈ। ਉਸ ਦਾ ਸਾਰਾ ਕਾਰਜ ਵਿਹਾਰ ਉਸ ਸਮਾਜ ਦੇ ਪ੍ਰਾਣੀ ਹੋਣ ਨਾਤੇ ਗ੍ਰਹਿਣ ਕਰਦਾ ਹੈ ਜਿਸ ਸਮਾਜ ਵਿਚ ਉਹ ਜੰਮਿਆਂ ਹੈ। ਮਨੁੱਖ ਦੀ ਯੋਗਤਾ ਜਮਾਂਦਰੂਤੇ ਆਧਾਰਿਤ ਨਹੀਂ ਹੈ' ਵਿਰਸੇ-। ਉਸ ਨੂੰ ਸਾਰੀਆਂ ਯੋਗਾਤਾਵਾਂ ਅਤੇ ਸਮਰੱਥਾਵਾਂ ਲਈ ਸਮਾਜ ਉੱਤੇ ਨਿਰਭਰ ਕਰਨਾ ਪੈਂਦਾ ਹੈ। ਮਨੁੱਖੀ ਵਿਕਾਸ ਦਾ ਅਸਲ ਭੇਦ ਇਸ ਗੱਲ ਸਮੂਹ ਅਤੇ ਸਵੈ ਨਾਲ ਸੰਘਰਸ਼ ਕਰਦਾ ਰਹਿੰਦਾ ਹੈ ,ਰ ਕਰਦਾ ਹੈ ਕਿ ਮਨੁੱਖ ਹਮੇਸ਼ਾ ਪ੍ਰਕਿਰਤੀਤੇ ਨਿਰਭ'।

ਉਸ ਦੁਆਰਾ ਕੀਤਾ ਗਿਆ ਸੰਘਰਸ਼ ਮਨੁੱਖ ਦੁਆਰਾ ਅਪਣਾਏ ਗਏ ਹਰ ਪ੍ਰਕਾਰ ਸੰਘਰਸ਼ ਪ੍ਰਤੀ ਅਪਣਾਈ ਗਈ ਪਹੁੰਚ ਅਤੇ ਉਸ ਤੋਂ ਪ੍ਰਾਪਤ ਹੋਣ ਵਾਲੇ ਪ੍ਰਣਾਮ ਵਿਸ਼ੇਸ਼ ਕਿਸਮ ਦੇ ਪੈਟਰਨਾਂ ਰਾਹੀਂ ਪ੍ਰਗਟ ਹੁੰਦੇ ਹਨ। ਇਹ ਪੈਟਰਨ ਮਨੁੱਖੀ ਮਨੋਵਿਗਿਆਨਕ ਪ੍ਰਭਾਵ ਨੂੰ ਸਿਰਜਦੇ ਹਨ। ਮਨੁੱਖ ਵਲੋਂ ਸਭਿਆਚਾਰਕ ਵਰਤਾਰੇ ਸਿਰਜਣਾ ਅਤੇ ਸਿਰਜੇ ਗਏ ਵਰਤਾਰਿਆਂ ਨੂੰ ਅਪਣਾਉਣਾ ਵੀ ਨਿਸ਼ਚਿਤ ਪੈਟਰਨਾਂ ਅਨੁਸਾਰ ਹੀ ਹੁੰਦਾ ਹੈ। ਮਨੁੱਖ ਕਰਨ 'ਗ੍ਰਹਿਣ' ਅਤੇ 'ਸੰਚਾਰਨ' ਦੀ ਸ਼ਕਤੀ ਰੱਖਦਾ ਹੈ। ਇਸ ਯੋਗਤਾ ਦੇ ਰਾਹੀਂ ਮਨੁੱਖ ਲੋੜ ਅਨੁਸਾਰ ਹਰ ਵਸਤਵਰਤਾਰੇ ਅਤੇ ਵਿਚਾਰ ਨੂੰ ਵਿਸਥਾਰਨ , ਸੰਕੋਚਣ ਦੀ ਯੋਗਤਾ ਵੀ ਪ੍ਰਾਪਤ ਕਰ ਲੈਂਦਾ ਹੈ ਜਾਂ।

ਸਭਿਆਚਾਰ ਬੰਦੀ ਦੀ ਸ਼ਖਸੀਅਤ ਦਾ ਅਹਿਮ ਘਾੜਤ ਹਿੱਸਾ ਹੁੰਦਾ ਹੈ। ਮਨੋਵਿਗਿਆਨ ਸਮਾਜਸਭਿਆਚਾਰ - ਦੀ ਬਣਤਰ ਦੇ ਉਨ੍ਹਾਂ ਅੰਗਾਂ ਤਕ ਆਪਣਾ ਅਧਿਐਨ ਖੇਤਰ ਉਸਾਰਦਾ ਹੈ ਜਿਸ ਵਿਚ ਮਨੁੱਖ ਦੀ ਸਮਾਜ ਸਭਿਆਚਾਰਕ ਸ਼ਖਸੀਅਤ ਦਾ ਉਸਾਰ ਹੁੰਦਾ ਹੈ। ਸਮਾਜ ਸਭਿਆਚਾਰ ਦਾ ਪ੍ਰਭਾਵ ਤੇ ਉਸ ਦਾ ਅਮਲ ਮਨੁੱਖੀ ਸ਼ਖਸੀਅਤ ਵਿਚ ਸਹਿਜ ਰੂਪ ਨਾਲ ਨਹੀਂ ਹੁੰਦਾ ਸਗੋਂ ਇਹ ਕਈ ਰੂਪਾਂ ਵਿਚ ਆ ਰਿਹਾ ਹੁੰਦਾ ਹੈ। ਸਭਿਆਚਾਰ ਕਿਉਂਕਿ ਇਕ ਜਟਿਲ ਵਰਤਾਰਾ ਹੈ ਜਿਸ ਵਿਚ ਗਿਆਨਰਿਵਾਜ਼ ਅਤੇ ਹੋਰ ਦੂਜੀਆਂ ਸਮਰੱਥਾਵਾਂ ਅਤੇ ਆਦਤਾਂ -ਰੀਤੀ ,ਕਾਨੂੰਨ ,ਕਲਾ ਨੈਤਿਕਤਾ ,ਵਿਸ਼ਵਾਸ਼ , ਸ਼ਾਮਿਲ ਹੁੰਦੀਆਂ ਹਨਹੋਣ ਨਾਤੇ ਗ੍ਰਹਿਣ ਕਰਦਾ ਹੈ ਜਿਸ ਨੂੰ ਮਨੁੱਖ ਸਮਾਜ ਦਾ ਮੈਂਬਰ ,। ਇਹ ਸਾਰੇ ਅੰਗ ਮਨੁੱਖ ਉਪਰ ਮਨੋਵਿਗਿਆਨਕ ਪ੍ਰਭਾਵ ਸਿਰਜਦੇ ਹਨ। ਮਨੁੱਖੀ ਸ਼ਖਸੀਅਤ ਮਨੋਵਿਗਿਆਨਕ ਸੰਕਲਪਾਂ ਰਾਹੀਂ ਵਿਆਖਿਆ ਵਿਚ ਆਉਂਦੀ ਹੈ। ਉਸ ਲਈ ਸਮਾਜ ਵਿਚ ਆਪਣੀ ਹਸਤੀ ਨੂੰ ਉੱਚਾ ਤੇ ਸੁੱਚਾ ਰੱਖਣ ਲਈ ਸੱਚ ਅਤੇ ਝੂਠਇਮਾਨਦਾਰ ਤੇ , ਬੇਈਮਾਨ ਆਦਿ ਨੈਤਿਕਤਾਂ ਦੇ ਮੁੱਲ ਪਾਲਣੇ ਪੈਂਦੇ ਹਨ। ਇਹ ਨੈਤਿਕ ਮੁੱਲ ਮਨੋਵਿਗਿਆਨਕ ਹਨ ਕਿਉਂਕਿ ਸਮਾਜ ਦੇ ਸਭਿਆਚਾਰ ਵਿਚ ਏਨਾਂ ਦੀ ਅਹਿਮੀਅਤ ਵੱਡੀ ਦਰਸਾਈ ਗਈ ਹੁੰਦੀ ਹੈ। ਉਸ ਲਈ ਪਾਪ ਇਕ ਸ਼ਰਾਪ ਹੈ ਜੋ ਨਰਕ ਦੀ ਜਿੰਦਗੀ ਭੋਗਣ ਦਾ ਧਾਰਨੀ ਹੈ। ਮਨੁੱਖੀ ਸ਼ਖਸੀਅਤ ਦਾ ਖਾਸਾ ਸਭਿਆਚਾਰਕ ਵਰਜਣਾ ਦੇ ਕੋਡ ਟੋਟਮ ਤੇ ਟੈਬੂ ਵਿਚ ਸ਼ਿਫਟ ਹੋ ਜਾਂਦੇ ਹਨ। ਇਹ ਕੋਢ ਸਮਾਜ ਵਿਚ ਮਨਾਹੀ ਦੇ ਸੂਚਕ ਹਨ। ਇਨ੍ਹਾਂ ਅੰਗਾਂ ਦਾ ਆਪਣਾ ਸਭਿਆਚਾਰਕ ਰਹਿਤਲ ਉਸਰਦਾ ਹੈ। ਮਨੋਵਿਗਆਨ ਵਿਧੀ ਮਨੁੱਖੀ ਸ਼ਖਸੀਅਤ ਦੇ ਅੰਸ਼ ਸਭਿਆਚਾਰ ਚੋਂ ਤਲਾਸ਼ਦੀ ਹੈ। ਉਸ ਦੀਆਂ ਕੀਤੀਆਂ ਪ੍ਰਾਪਤੀਆਂ ਦਾ ਲੇਖਾਜੋਖਾ ਸਭਿਆਚਾਰ ਰਹਿਤਲ ਨਾਲ ਜੁੜਿਆ ਹੁੰਦਾ ਹੈ-।

**ਆਰਥਿਕਤਾ ਨਾਲ ਸੰਬੰਧ**

ਆਰਥਿਕਤਾ ਕਿਸੇ ਵੀ ਸਮਾਜਿਕ ਢਾਂਚੇ ਦੀ ਬੁਨਿਆਦੀ ਇਕਾਈ ਮੰਨੀ ਗਈ ਹੈ। ਹਰ ਆਰਥਕ ਬਣਤਰ ਵਿਚ ਵੱਖੋ ਵੱਖਰੇ ਅੰਸ਼ਾਂ ਦੀ ਪ੍ਰਧਾਨਤਾ ਹੁੰਦੀ ਹੈ। ਇਸ ਆਰਥਿਕਤਾ ਦੇ ਆਧਾਰ ਤੇ ਸਮਾਜਿਕ ਵੰਡ ਦੇ ਰਿਸ਼ਤੇ ਰੂਪ ਧਾਰਨ ਕਰਦੇ ਹਨ ਅਤੇ ਪ੍ਰਧਾਨ ਕਰਦਾਂਕੀਮਤਾਂ ਜਨਮ ਲੈਂਦੀਆਂ ਹਨ। ਆਰਥਕ ਕਾਰਨ ਸਭਿਆਚਾਰ ਦੀ ਰੂਪ ਰੇਖਾ ਨਿਸ਼ਚਿਤ - ਕਰਨ ਵਿਚ ਮਹੱਤਵਪੂਰਨ ਰੋਲ ਅਦਾ ਕਰਦੇ ਹਨ। ਪਰ ਆਰਥਿਕਤਾ ਸਭਿਆਚਾਰ ਨੂੰ ਨਿਸ਼ਚਿਤ ਕਰਨ ਦਾ ਇਕੋ ਇਕ ਕਾਰਕ ਨਹੀਂ ਮੰਨਿਆਂ ਗਿਆ। ਆਰਥਿਕਤਾ ਤੋਂ ਇਲਾਵਾ ਕਈ ਹੋਰ ਵੀ ਕਾਰਨ ਹੁੰਦੇ ਹਨ ਜੋ ਆਪਣਾ ਰੋਲ ਅਦਾ ਕਰਦੇ ਹਨ।

ਸਭਿਆਚਾਰ ਦੇ ਕੁਝ ਪੱਖ ਜਿਨ੍ਹਾਂ ਦਾ ਆਰਥਿਕਤਾ ਨਾਲ ਸਿੱਧਾ ਸੰਬੰਧ ਦੇਖਿਆ ਜਾ ਸਕਦਾ ਹੈ। ਖਾਸ ਕਰਕੇ ਰਾਜ ਦੇ ਖਾਸੇ ਅਤੇ ਰਾਜਨੀਤੀ ਦੇ ਖੇਤਰ। ਕੁਝ ਪੱਖ ਹਨਮਾਤਰ -ਜਿਨ੍ਹਾਂ ਦਾ ਸੰਬੰਧ ਆਰਥਿਕਤਾ ਨਾਲ ਸਤਹੀ ਅਤੇ ਨਾ ,

ਹੁੰਦਾ ਹੈ ਜਿਵੇਂ ਕਿ ਭਾਸ਼ਾ। ਕੁਝ ਪੱਖ ਅਜਿਹੇ ਹਨ ਜਿਹੜੇ ਸਦੀਵੀਂ ਨਿਰੰਤਰਤਾ ਦਾ ਅਤੇ ਇਕੋ ਰੂਪ ਵਿਚ ਜਾਰੀ ਰਹਿਣ ਦਾ ਪ੍ਰਭਾਵ ਦੇਂਦੇ ਹਨ। ਇਤਿਹਾਸਕ ਸੰਦਰਭ ਵਿਚ ਇਨ੍ਹਾਂ ਆਰਥਿਕ ਬਣਤਰਾਂ ਦੀ ਤਬਦੀਲੀ ਦਾ ਅਸਰ ਉਨ੍ਹਾਂ ਉਪਰ ਵੀ ਹੁੰਦਾ ਹੈ। ਜਿਵੇਂ ਧਰਮ ਅਤੇ ਪਰਿਵਾਰ ਦੋ ਅੰਗਾਂ ਉਪਰ ਆਰਥਿਕਤਾ ਦਾ ਅਸਰ ਵੱਧ ਹੁੰਦਾ ਹੈ।

ਕਲਾ ਅਤੇ ਦਰਸ਼ਨ ਆਰਥਿਕਤਾ ਨਾਲ ਸਿੱਧਾ ਸੰਬੰਧ ਰੱਖਣ ਦੇ ਬਾਵਜੂਦ ਕਾਫੀ ਹੱਦ ਤਕ ਸਵੈਧੀਨਤਾ ਦਾ ਪ੍ਰਗਟਾਵਾ ਕਰਦੇ ਹਨ। ਇਹ ਪਹਿਲੂ ਜਰੂਰੀ ਨਹੀਂ ਕਿ ਕਲਾ ਅਤੇ ਦਰਸ਼ਨ ਦੀ ਪ੍ਰਫੁੱਲਤਾ ਦਾ ਆਰਥਿਕ ਵਿਕਾਸ ਅਤੇ ਪ੍ਰਫੁੱਲਤਾ ਨਾਲ ਕੋਈ ਸਿੱਧਾ ਸੰਬੰਧ ਹੋਵੇ। ਭਾਵੇਂ ਕਿ ਇਨ੍ਹਾਂ ਦੇ ਵਸਤੂ ਨੂੰ ਨਿਸ਼ਚਿਤ ਆਰਥਿਕ ਬਣਤਰ ਵਾਲਾ ਸਮੇਂ ਦਾ ਸਮਾਜ ਹੀ ਨਿਰਧਾਰਤ ਕਰਦਾ ਹੈ।

ਆਰਥਿਕਤਾ ਸਭਿਆਚਾਰ ਲਈ ਇਕ ਜ਼ਰੂਰੀ ਤੇ ਮਹੱਤਵਪੂਰਨ ਅੰਗ ਹੈ। ਸਭਿਆਚਾਰ ਦੇ ਮਹੱਤਵਪੂਰਨ ਪੜਾਵਾਂ ਦੀ ਵੰਡ ਹੁਣ ਤਕ ਸਭ ਤੋਂ ਵੱਧ ਸਾਰਥਕ ਅਤੇ ਤਰਕਸ਼ੀਲ ਢੰਗ ਨਾਲ ਆਰਥਿਕ ਆਧਾਰ ਤੇ ਹੀ ਕੀਤੀ ਗਈ ਮਿਲਦੀ ਹੈ। ਸਭਿਆਚਾਰ ਦੇ ਬਹੁਤ ਸਾਰੇ ਤੱਥਾਂ ਲਈ ਆਰਥਿਕਤਾ ਕਾਫੀ ਹੱਦ ਤਕ ਪ੍ਰਤੱਖ ਅਤੇ ਨਿਰਣਾਇਕ ਰੋਲ ਅਦਾ ਕਰਦੀ ਹੈ। ਇਸ ਵਿਚ ਸਭ ਤੋਂ ਵੱਧ ਸਮੇਂ ਦੇ ਰਾਜਸੀ ਅਤੇ ਰਾਜਕੀ ਰੂਪ ਅਤੇ ਪ੍ਰਧਾਨ ਕਦਰਾਂ ਕੀਮਤਾਂ ਨਿਸ਼ਚਿਤ ਕਰਨ ਆ ਜਾਂਦੀਆਂ ਹਨ। ਕੁਝ ਪੱਖ ਅਜਿਹੇ ਹਨ ਜਿੰਨ੍ਹਾਂ ਦਾ ਸਿੱਧੇ ਤੋਰ ਤੇ ਆਰਥਿਕਤਾ ਨਾਲ ਕੋਈ ਸੰਬੰਧ ਨਹੀਂ ਜੁੜਦਾ ਦਾ ਅਧਿਐਨ ਕਰਨ ਉੱਤੇਆਰਥਿਕ ਵਰਤਾਰਿਆਂ ਨਾਲ ਉਨ੍ਹਾਂ ਪੱਖਾਂ ਦਾ ਪ੍ਰਤੱਖ ਜਾਂ ਪ੍ਰੋਖ ਸੰਬੰਧ ਜਰੂਰ ਉਘੜਦਾ ਹੈ ,। ਜਿਵੇਂ ਕਿ ਬੋਧਿਕ ਚਿੰਤਨ।

**ਧਰਮ ਨਾਲ ਸੰਬੰਧ**

ਸਭਿਆਚਾਰ ਵਾਂਗ ਧਰਮ ਸ਼ਬਦ ਵੀ ਜਟਿਲ ਅਤੇ ਵਿਆਪਕ ਅਰਥ ਦਾ ਧਾਰਨੀ ਹੈ। ਮਨੁੱਖ ਦਾ ਪ੍ਰਕਿਰਤੀ ਨਾਲ ਸੰਘਰਸ਼ ਮੁੱਢਲੇ ਕਾਲ ਤੋਂ ਰਿਹਾ ਹੈ। ਪ੍ਰਕਿਰਤੀ ਦੇ ਵਿਨਾਸ਼ਕਾਰੀ ਰੂਪ ਤੋਂ ਮਨੁੱਖ ਹਮੇਸ਼ਾ ਭੈਭੀਤ ਰਿਹਾ ਹੈ। ਇਹੋ ਕਾਰਨ ਹੈ ਕਿ ਮਨੁੱਖੀ ਕਲਪਨਾ ਅਤੇ ਵਿਸ਼ਵਾਸ਼ ਨੇ ਪ੍ਰਕਿਰਤੀ ਦੇ ਮਾਰੂ ਅਸਰ ਤੇ ਪ੍ਰਭਾਵ ਨੂੰ ਭੂਤਚੁੜੇਲ ,ਜਿੰਨ ,ਪ੍ਰੇਤ , ਅਤੇ ਰਾਖਸ਼ਾਂ ਦੇ ਵਿੰਭਿੰਨ ਰੂਪਾਂ ਵਿਚ ਦਰਜਾ ਦਿੱਤਾ ਹੈ। ਦੂਜੇ ਪਾਸੇ ਪ੍ਰਕਿਰਤੀ ਤੋਂ ਹੀ ਮਨੁੱਖ ਨੂੰ ਪਾਣੀ ,ਹਵਾ , ਵੀ ਪ੍ਰਾਪਤ ਹੋਏ ਹਨ। ਅੱਗ ਆਦਿ ਤੱਤ ,ਧੁੱਪ/ਰੋਸ਼ਨੀ

ਧਰਮ ਦੀ ਹੋਂਦ ਪੂਰਵਇਤਿਹਾਸਕ ਕਾਲ ਵਿਚ ਮਿਲਦੀ ਹੈ-। ਨਵੀਨ ਖੋਜ ਨੇ ਇਹ ਸਾਬਤ ਕੀਤਾ ਹੈ ਕਿ ਆਰੀਆ ਲੋਕਾਂ ਤੋਂ ਪਹਿਲਾਂ ਵੀ ਇਸ ਧਰਤੀ ਉੱਤੇ ਵੱਸਦੀਆਂ ਦਰਾਵੜ ਤੇ ਕੋਲ ਜਾਤੀਆਂ ਵਿਚ ਧਰਮ ਅਤੇ ਧਾਰਮਿਕ ਭਾਵਨਾਵਾਂ ਪੂਰੀ ਤਰ੍ਹਾਂ ਪ੍ਰਚਲਿਤ ਸਨ। ਆਰੀਆ ਜਾਤੀ ਦੀਆਂ ਅਨੇਕਾਂ ਧਾਰਮਿਕ ਰਸਮਾਂ ਅਤੇ ਪੂਜਾ ਵਿਧੀਆਂ ਦਾ ਮੂਲ ਦਰਾਵੜ ਜਾਤੀ ਨਾਲ ਮੇਲ ਖਾਦਾ ਹੈ। ਦਰਵਾੜ ਜਾਤੀ ਦੇ ਧਾਰਮਿਕ ਕਰਮਾਂ ਵਿਚ ਸੋਧ ਕਰਕੇ ਆਰੀਆ ਲੋਕਾਂ ਨੇ ਆਪਣਆਂ ਧਾਰਮਿਕ ਰਸਮਾਂ ਵਿਕਸਿਤ ਕਰ ਲਈਆਂ। ਜਨਮ ਮਰਨ ਦੇ ਸੰਕਟ ਤੋਂ ਮੁਕਤ ਹੋਣ ਲਈ ਆਰੀਆ ਲੋਕਾਂ ਨੇ ਦਾ ਸੰਕਲਪ ਅਪਣਾਇਆ 'ਮੁਕਤੀ'। ਹੌਲੀ ਹੌਲੀ ਧਰਮ ਅਰਥਤ ਮੋਖ ਭਾਰਤੀ ਸਭਿਆਚਾਰ ਦੇ ਬੁਨਿਆਦੀ ਤੱ ,ਕਾਮ , ਬਣ ਗਏ।

ਧਰਮ ਦਾ ਪ੍ਰਤਿਮਾਨਕ ਪੱਖ ਕੇਵਲ ਪਰਾਦੰਡ ਦੇ ਦ੍ਰਿਸ਼ਟੀਕੋਣ ਤੋਂ ਹੀ -ਜੁਰਮ ,ਪੁੰਨ-ਪਾਪ ,ਸੰਸਾਰ ਦੀਆਂ ਲੋੜਾਂ- ਸਗੋਂ ਇਸ ਦਿਸਦੇ ਸੰਸਾਰ ਵਿਚਲੇ ਜੀਵਨ ਦੀਆਂ ਲੋੜਾਂ ਨੂੰ ਆਪਣੇ ਘੇਰੇ ਵਿਚ ਲੈਂਦਾ ਹੈ ,ਅਗਵਾਈ ਨਹੀਂ ਲੈਂਦਾ। ਸਬਰ ,

,ਸੰਤੋਖਸੰਜਮਘੇਰੇ ਆ ਜਾਂਦੇ ਹਨ ਅਤੇ ਪਿਆਰ ਆਦਿ ਧਰਮ ਦੇ ,ਮਾਨਵਤਾ ,ਬਰਾਬਰੀ ,ਹਲੀਮੀ ,ਇਮਾਨਦਾਰੀ ,ਸੱਚ , ਸਭਿਆਚਰ ਵਿਚ ਇਨ੍ਹਾਂ ਦਾ ਮੁੱਲ ਵੱਧ ਜਾਂਦਾ ਹੈ। ਨੈਤਿਕ ਕਦਰਾਂ ਕੀਮਤਾਂ ਅਤੇ ਧਰਮ ਦਾ ਆਪਸੀ ਸੰਬੰਧ ਵੀ ਮਨੁੱਖ ਦੀ ਸ਼ਖਸੀਅਤ ਉੱਪਰ ਅਸਰ ਰੱਖਦਾ ਹੈ। ਇਹ ਨੈਤਿਕ ਕਦਰਾ ਕੀਮਤਾਂ ਹੀ ਧਰਮ ਦੀ ਹੋਂਦ ਨੂੰ ਬਣਾਈ ਰੱਖਣ ਵਿਚ ਕਾਰਜਸ਼ੀਲ ਹੁੰਦੀਆਂ ਹਨ। ਧਰਮ ਸਮਾਜਾਂ ਵਿਚ ਇੱਕੋ ਇੱਕ ਸੰਸਾਰ ਦ੍ਰਿਸ਼ਟੀਕੋਣ ਹੁੰਦਾ ਹੈ। ਸਥਾਪਿਤ ਜਾਂ ਪ੍ਰਚਾਰੀਆ ਜਾਂਦੀਆਂ ਨੈਤਿਕ ਕਦਰਾਂਕੀਮਤਾਂ ਅਤੇ ਇਨ੍ਹਾਂ ਉਪਰਲੇ ਅਮਲ ਵਿਚ ਆਈ ਤ੍ਰੇੜ ਧਾਰਮਿਕ ਸੰਗਠਨ ਨੂੰ ਤੋੜ ਕੇ ਰੱਖ - ਦੇਂਦੀ ਹੈ।

ਧਰਮ ਇਕ ਸਭਿਆਚਾਰਕ ਸੰਸਥਾ ਹੈ। ਇਹ ਸੰਸਥਾ ਹੋਰ ਸੰਸਥਾ ਵਾਂਗ ਜੀਵਨ ਦੇ ਵਿਸ਼ੇਸ਼ ਖੇਤਰ ਵਿਚ ਕਿਰਿਆਸ਼ੀਲ ਹੈ। ਇਹ ਖੇਤਰ ਅਨਿਸ਼ਚਿਤਲੋਕਿਕ ਸੰਸਾਰ ਦਾ ਖੇਤਰ ਹਨ। ਇਹ ਸੰਸਥਾ ਆਪਣੇ -ਅਣਜਾਣ ਅਤੇ ਪਰਾ , ,ਕਵਿਤਾ ,ਪ੍ਰਚਾਰ ਅਤੇ ਸੰਚਾਰ ਲਈ ਦੂਜੀਆਂ ਸਭਿਆਚਾਰਕ ਸਿਰਜਨਾਵਾਂ ਦਾ ਆਸਰਾ ਲੈਂਦੀ ਹੈ ਜਿਵੇਂ ਕਿ ਸੰਗੀਤ ਆਦਿ ਨਿਰਮਾਣ ਕਲਾ-ਭਵਨ ,ਚਿਤ੍ਰਕਾਰੀ। ਇਹ ਸਾਰੀਆਂ ਸਭਿਆਚਾਰਕ ਸਿਰਜਨਾਵਾਂ ਆਪਣੀ ਰਚਨਾ ਅਤੇ ਨਿਰੰਤਰਤਾ ਲਈ ਧਰਮ ਉਤੇ ਓਨਾਂ ਹੀ ਨਿਰਭਰ ਕਰਦੀਆਂ ਰਹੀਆਂ ਹਨਸੰਚਾਰ ਅਤੇ ,ਜਿੰਨਾ ਧਰਮ ਆਪਣੀ ਕਾਇਮੀ , ਪ੍ਰਚਾਰ ਲਈ ਇਨ੍ਹਾਂ ਉਪਰ ਨਿਰਭਰ ਕਰਦਾ ਰਿਹਾ ਹੈ। ਅਜੋਕੇ ਦੌਰ ਵਿਚ ਧਰਮਨਿਰਪੇਖਤਾ ਇਨ੍ਹਾਂ ਸਿਰਜਨਾਵਾਂ ਦਾ - ਨਿਰਭਰਤਾ ਇਨ੍ਹਾਂ ਉਪਰ ਉਸੇ ਪ੍ਰਕਾਰ ਕਾਇਮ ਹੈ ਲਾਜ਼ਮੀ ਅੰਸ਼ ਬਣਦੀ ਜਾ ਰਹੀ ਹੈ ਜਦਕਿ ਧਰਮ ਦੀ।

**ਰਾਜਨੀਤੀ ਨਾਲ ਸੰਬੰਧ**

ਪੰਜਾਬੀ ਸਭਿਆਚਾਰ ਵਿਦੇਸ਼ੀ ਕੌਮਾਂ ਦੇ ਰਾਜਪ੍ਰਬੰਧ ਦੀ ਅਧੀਨਗੀ ਵਿਚ ਪ੍ਰਫੁਲਿਤ ਹੋਇਆ ਹੈ। ਪ੍ਰਾਚੀਨ ਕਾਲ ਤੋਂ ਲੈ ਅੰਗਰੇਜ਼ੀ ਹਕੂਮਤ ਤੋਂ ਆਜ਼ਾਦੀ ਮਿਲਣ ਤਕ ਪੰਜਾਬ ਰਾਜਨੀਤਕ ਪੱਧਰ ਤੇ ਕਈ ਉਲਟਫੇਰਾ ਦਾ ਸ਼ਿਕਾਰ ਰਿਹਾ - ਹੈ। ਛੇਵੀਂ ਸਦੀ ਈਸਾ ਪੂਰਵ ਤੋਂ ਬਾਹਰੋਂ ਕਈ ਕੌਮਾਂ ਈਰਾਨਮੰਗੋਲ ਅਤੇ ,ਤੁਰਕ ,ਹੂਨ ,ਕੁਸ਼ਾਨ ,ਸਿਥੀਅਨ ,ਪਾਰਥੀਅਨ , ਜੀਵਨ ਉੱਪਰ ਆਪਣਾ -ਅਫਗਾਨ ਆਦਿ ਨੇ ਪੰਜਾਬ ਉੱਪਰ ਆਪਣਾ ਰਾਜਨੀਤਕ ਪ੍ਰਬੰਧ ਉਸਾਰਿਆ ਅਤੇ ਇੱਥੋ ਦੇ ਜਨ ਗਹਿਰਾ ਪ੍ਰਭਾਵ ਪਾਇਆ।

ਰਾਜਨੀਤਕ ਪ੍ਰਬੰਧ ਦਾ ਉਲਟ ਫੇਰ ਪੰਜਾਬ ਵਿਚ ਮੁਸਲਮਾਨਾਂ ਦੇ ਹਮਲਿਆਂ ਤਕ ਹੁੰਦਾ ਰਿਹਾ ਹੈ। ਬਾਬਰ ਦੇ ਦੇ ਹਮਲੇ ਨਾਲ ਪੰਜਾਬ ਇਸਲਾਮਕ ਸਾਮੰਤਵਾਦੀ ਬਣਤਰ ਦੇ ਅਧੀਨ ਹੋ ਗਿ .ਈ 1526ਆ। ਇਸ ਹਮਲੇ ਤੋਂ ਬਾਅਦ ਪੰਜਾਬ ਭਾਰਤੀ ਰਾਜਸੱਤਾ ਅਤੇ ਬ੍ਰਾਹਮਣੀ ਵਿਚਾਰਧਾਰਾ ਦੇ ਗਲਬੇ ਤੋਂ ਮੁਕਤ ਹੋ ਗਿਆ। ਮੁਗਲ ਰਾਜ ਦੀ ਸਥਾਪਤੀ ਨੇ ਇੱਥੋਂ ਦੀ ਰਾਜਨੀਤਕਸਮਾਜਿਕ ਅਤੇ ਸਭਿਆਚਾਰਕ ਬਣਤਰ ਵਿਚ ਨਵੀਨ ਗੁਣਾਂ ਦਾ ਪ੍ਰਵੇਸ਼ ਹੋ ਗਿਆ। ,ਆਰਥਿਕ , ਜਾਬ ਦੇ ਆਮ ਲੋਕਾਂ ਦੇ ਸਮਾਹਣੇ ਭਾਸ਼ਾ ਅਤੇ ਸਭਿਆਚਾਰ ਦੇ ਬਦਲ ਸਾਮਹਣੇ ਆਏ ਅਪੰਤੇ ਇਨ੍ਹਾਂ ਰੂਪਾਂ ਨੂੰ ਪੰਜਾਬ ਦੇ ਇਲਾਕਾਈ ਪ੍ਰਸੰਗ ਵਿਚ ਰੱਖ ਕੇ ਲੋਕ ਚੇਤਨਾ ਦੇ ਅਨੁਸਾਰ ਢਾਲਣ ਦੀ ਰੀਤ ਨੇ ਜਨਮ ਲਿਆ। ਸੰਸਕ੍ਰਿਤ ਭਾਸ਼ਾ ਨੂੰ ਢਾਹ ਲੱਗੀ। ਬਾਰ੍ਹਵੀਂ ਸਦੀ ਤਕ ਸਥਾਪਿਤ ਬ੍ਰਾਹਮਣੀ ਸਭਿਆਚਾਰ ਆਪਣੀ ਪਕੜ ਗੁਆ ਚੁੱਕਾ ਸੀ। ਇਸ ਸਮੇਂ ਵਿਚ ਪੰਜਾਬੀ ਸਮਾਜ ਅਤੇ ਸਭਿਆਚਾਰ ਵਿਚ ਕਈ ਮਹੱਤਵਪੂਰਨ ਪਰਿਵਰਤਨ ਆਏ। ਪੰਜਾਬੀ ਭਾਸ਼ਾ ਦਾ ਲੋਕ ਬੋਲੀ ਵਜੋਂ ਉਭਾਰ ਇਸ ਸਮੇਂ ਵਿਚ ਹੋਣਾ ਸ਼ੁਰੂ ਹੋ ਗਿਆ। ਸੂਫੀ ਫਕੀਰਾਂ ਅਤੇ ਭਗਤੀ ਲਹਿਰਾ ਦੇ ਭਗਤਾਂ ਨੇ ਇਸੇ ਲੋਕ ਬੋਲੀ ਨੂੰ ਆਪਣੇ ਪ੍ਰਚਾਰ ਅਤੇ ਸਿੱਖਿਆ ਦਾ ਮਾਧਿਅਮ ਬਣਾਇਆ। ਬਬਾ ਫਰੀਦਖ ਗੁਰੂਆਂ ਨੇ ਇਸ ਗੁਰੂ ਨਾਨਕ ਦੇਵ ਅਤੇ ਸਿੱ ,ਭਗਤਾਂ ,

ਦੇ ਫੈਲਾਉ ਲਈ ਕਈ ਨਿੱਗਰ ਯਤਨ ਕੀਤੇ। ਇਸ ਸਮੇਂ ਹਾਕਮ ਜਮਾਤਾਂ ਦੇ ਧਰਮ ਦੀ ਥਾਂ ਲੋਕ ਹਿੱਤਾ ਵਾਲਾ ਧਰਮ ਪ੍ਰਚਲਿਤ ਹੋਇਆ।

ਅਠਾਰ੍ਹਵੀ ਸਦੀਂ ਦੇ ਆਰੰਭ ਵਿਚ ਮੁਸਲਮਾਨੀ ਰਾਜ ਦੀਆਂ ਜੜ੍ਹਾਂ ਖੋਖਲੀਆਂ ਹੋਣੀਆਂ ਸ਼ੁਰੂ ਹੋ ਗਈਆਂ। ਇਸ ਸਮੇਂ ਹਿੰਦੂ ਅਤੇ ਮੁਸਲਮਾਨਾਂ ਵਿਚ ਆਪਸੀ ਤਣਾਅ ਪੈਦਾ ਹੋ ਗਿਆ ਸੀ। ਰਿਆਸਤੀ ਖੁਦਮੁਖਤਾਰੀ ਦੀ ਲਹਿਰ ਆਪਣਾ ਜ਼ੋਰ ਫੜ ਰਹੀਂ ਸੀ। ਰਾਜਸੀ ਤੇ ਧਾਰਮਿਕ ਵੱਧਣ ਲੱਗਿਆ। ਇਸ ਦੌਰ ਵਿਚ ਮਾਹਰਾਜਾ ਰਣਜੀਣ ਸਿੰਘ ਨੇ ਪੰਜਾਬ ਵਿਚ ਇਕ ਸੁਤੰਤਰ ਰਾਜ ਕਾਇਮ ਕੀਤਾ। ਮਹਾਰਾਜਾ ਦੀ ਮੌਤ ਤੋਂ ਬਾਅਦ ਇਸ ਰਾਜ ਦਾ ਪਤਨ ਹੋ ਗਿਆ। ਇਸ ਸਮੇਂ ਸਮੁੱਚੇ ਭਾਰਤ ਦੀ ਆਰਥਿਕਰਾਜਨੀਤਕ ਅਤੇ ਸਮਾਜਿਕ ਦਸ਼ਾ ਬਹੁਤ ਮਾੜੀ ਸੀ ,। ਇਸ ਸਮੇਂ ਅੰਗਰੇਜ਼ ਭਾਰਤ ਦੇ ਬਾਕੀ ਸੂਬਿਆਂ ਤੇ ਆਪਣਾ ਕਬਜ਼ਾ ਕਰ ਚੁੱਕੇ ਸਨ ਅਤੇ ਅਖੀਰ ਉਨ੍ਹਾਂ ਪੰਜਾਬ ਨੂੰ ਆਪਣੇ ਰਾਜ ਅਧੀਨ ਕਰ ਲਿਆ। ਇਸ ਪ੍ਰਕਾਰ ਮੁਗਲ ਰਾਜ ਪ੍ਰਬੰਧ ਦੇ ਸਭਿਆਚਾਰ ਦੀ ਹਕੂਮਤ ਤੋਂ ਅੰਗਰੇਜ਼ੀ ਹਕੂਮਤ ਦੇ ਰਾਜ ਪ੍ਰਬੰਧ ਦੇ ਸਭਿਆਚਰ ਨਾਲ ਲੰਬਾ ਨਾਤਾ ਪੰਜਾਬ ਦਾ ਜੁੜ ਗਿਆ ।

ਪਤੀ ਨੇ ਪੰਜਾਬ ਦੇ ਸਭਿਆਚਾਰ ਅਤੇ ਸਾਹਿਤ ਨੂੰ ਪ੍ਰਭਾਵਭਾਰਤ ਵਿਚ ਅੰਗਰੇਜ਼ੀ ਰਾਜ ਦੀ ਸਥਾਿਤ ਕੀਤਾ। ਪੱਛਮੀ ਪ੍ਰਭਾਵ ਅਧੀਨ ਨਿਸ਼ਚੇ ਹੀ ਭਾਰਤੀ ਭਾਸ਼ਾਵਾਂ ਅਤੇ ਸਾਹਿਤ ਨਵੇਂ ਸਰੂਪ ਵਿਚ ਉਭਰਿਆ। ਇਹ ਇਕ ਅਜਿਹੀ ਤਬਦੀਲੀ ਸੀ ਜੋ ਪੁਰਾਤਨ ਇਤਿਹਾਸ ਵਿਚ ਪਹਿਲਾ ਕਦੇ ਨਹੀਂ ਵਾਪਰੀ ਸੀ। ਅੰਗਰੇਜ਼ੀ ਹਕੂਮਤ ਨੇ ਆਪਣੇ ਰਾਜ ਪ੍ਰਬੰਧ ਵਿਚ ਅਜਿਹੀਆਂ ਨੀਤੀਆਂ ਨੂੰ ਘੜਿਆ ਕਿ ਭਾਰਤ ਦੇ ਸਾਰੇ ਰਾਜ ਇਕ ਲੰਬਾ ਸਮਾਂ ਉਸ ਦੀ ਗੁਲਾਮੀ ਵਿਚ ਰਹੇ। ਇਸ ਨੀਤੀ ਦਾ ਅਸਰ ਪੂਰੇ ਭਾਰਤ ਦੇ ਸਭਿਆਚਾਰਕ ਮਾਹੌਲ ਵਿਚ ਫੈਲਿਆ। ਅੰਗਰੇਜ਼ੀ ਹਕੂਮਤ ਭਾਰਤੀਆਂ ਨੂੰ ਸਭਿਆਚਾਰਕ ਤੌਰ ਤੇ ਗੁਲਾਮ ਬਣਾਉਣਾ ਚਾਹੁੰਦੀ ਸੀ ਅਤੇ ਧਾਰਮਿਕ ਪੱਧਰ ਤੇ ਭਾਰਤੀਆਂ ਦਾ ਧਰਮ ਪਰਿਵਤਰਨ ' ਉਨ੍ਹਾਂ ਪੱਛਮੀ ਵਿਦਿਆਕ ਪ੍ਰਣਾਲੀ ਚਾਲੂ ਕੀਤੀ ਜਿਸ ਦਾ ਉਦੇ ਕਰਨਾ ਚਾਹੁੰਦੇ ਸਨ। ਸਭਿਆਚਾਰਕ ਤਬਦੀਲੀ ਲਈਸ਼ ਇਥੋਂ ਦੇ ਨੌਜਵਾਨਾਂ ਦੀ ਸੋਚਧਾਰਾਪਹਿਣਨ ਅਤੇ ਉਨ੍ਹਾਂ ਦੀਆਂ ਸਾਹਿਤਕ ਰੁਚੀਆਂ ਨੂੰ ਪਰਿਵਰਤਿਤ ਕੀਤਾ ,ਪੀਣ-ਖਾਣ , ਜਾ ਸਕੇ। ਅੰਗਰੇਜ਼ੀ ਰਾਜ ਪ੍ਰਬੰਧ ਦੀ ਸਥਾਪਤੀ ਨਾਲ ਸਨਅਤੀ ਦੌਰ ਦਾ ਆਰੰਭ ਹੋਇਆ। ਇਸ ਮਸ਼ੀਨੀਕਰਣ ਨਾਲ ਪੇਂਡੂ ਸਭਿਆਚਾਰ ਕਿਰਨ ਲੱਗਾ। ਪਿੰਡਾਂ ਦੀ ਥਾਂ ਸ਼ਹਿਰ ਵੱਸਣ ਲੱਗੇ। ਸ਼ਹਿਰੀ ਸਭਿਆਚਾਰ ਦੀ ਹੋਂਦ ਨਾਲ ਇਕ ਨਵੀਂ ਸ਼੍ਰੇਣੀ ਪੈਦਾ ਹੋ ਗਈ। ਮਸ਼ੀਨੀ ਸਭਿਅਤਾ ਦੇ ਕਾਰਨ ਮਨੁੱਖ ਵਧੇਰੇ ਪਦਾਰਥਵਾਦੀ ਬਣ ਗਿਆ।

# ਸਭਿਆਚਾਰ ਦਾ ਭੂਗੋਲ ਨਾਲ ਸੰਬੰਧ

ਪੰਜਾਬ ਸ਼ਬਦ ਦੋ ਸ਼ਬਦਾਂ ਦੇ ਸੁਮੇਲ ਤੋਂ ਮਿਲਕੇ ਬਣਿਆ ਹੈ- 'ਪੰਜ'- ਭਾਵ ਕਿ ਗਿਣਤੀ ਦੇ ਪੰਜ ਅਤੇ 'ਆਬ'- ਭਾਵ ਕਿ ਪਾਣੀ। ਇਸ ਤਰ੍ਹਾਂ ਪੰਜਾਬ ਸ਼ਬਦ ਦਾ ਅਰਥ ਹੈ 'ਪੰਜ ਦਰਿਆਵਾਂ ਦੀ ਧਰਤੀ। 'ਪੁਰਾਤਨ ਸੱਭਿਆਚਾਰਕ ਸੋਮਿਆਂ ਵਿਚ ਇਕ ਸ਼ਬਦ 'ਪੰਚਨਦ' ਵੀ ਸੀ, ਜਿਹੜਾ ਪੰਜਾਬ ਦਾ ਹੀ ਪਰਿਆਵਾਚੀ ਸੀ, ਅਤੇ ਉਸ ਖਿੱਤੇ ਲਈ ਵਰਤਿਆ ਜਾਂਦਾ ਸੀ, ਜਿਹੜਾ ਸਿੰਧ ਅਤੇ ਸਰਸਵਤੀ ਨੂੰ ਮਿਲਾ ਕੇ ਕੁਝ ਵਡੇਰੇ ਖਿੱਤੇ ਦਾ ਸੂਚਕ ਸੀ।

## ਭੂਗੋਲਿਕ ਚੌਖਟਾ ਅਤੇ ਇਤਿਹਾਸ

ਨਿਸਚਿਤ ਭੂਗੋਲਿਕ ਖਿੱਤਾ, ਵਿਸ਼ੇਸ਼ ਜੀਵਨ-ਢੰਗ ਅਤੇ ਭਾਸ਼ਾ ਮਿਲ ਕੇ ਹੀ ਕਿਸੇ ਸਭਿਆਚਾਰ ਨੂੰ ਪਰਿਭਾਸ਼ਿਤ ਕਰਦੇ ਹਨ । ਇਹਨਾਂ ਵਿਚੋਂ ਕੋਈ ਇਕ ਵੱਖਰੇ ਤੌਰ ਉੱਤੇ ਸਭਿਆਚਾਰ ਲਈ ਨਿਸਚਿਤਕਾਰੀ ਮਹੱਤਾ ਨਹੀਂ ਰੱਖਦਾ, ਨਾ ਹੀ ਇਹਨਾਂ ਵਿਚੋਂੜਕਿਸੇ ਇਕ ਨੂੰ ਕੱਢ ਕੇ ਸਭਿਆਚਾਰ ਦੀ ਕਲਪਣਾ ਕੀਤੀ ਜਾ ਸਕਦੀ ਹੈ ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀ ਵੀ ਪੰਜਾਬੀ ਸਭਿਆਚਾਰ ਲਈ ਉਦੋਂ ਤੱਕ ਹੀ ਸਾਪੇਖਤਾ ਰਖਦੇ ਹਨ, ਜਦੋਂ ਤੱਕ ਉਹ ਪਿੱਛੇ ਆਪਣੀ ਮਿੱਟੀ ਦੀ ਮਹਿਕ ਲਈ, ਆਪਣੀ ਭਾਸ਼ਾ ਲਈ ਅਤੇ ਆਪਣੇ ਜੀਵਨ-ਢੰਗ ਵਿਚ ਵਾਪਸ ਪਰਤਣ ਲਈ ਲੱਛਦੇ ਹਨ । ਜਦੋਂ ਇਹ ਸਿੱਕ ਨਾ ਰਹੀ, ਉਦੋਂ ਪੰਜਾਬੀ ਸਭਿਆਚਾਰ ਉਹਨਾਂ ਲਈ ਕੋਈ ਅਰਥ ਨਹੀਂ ਰੱਖੇਗਾ, ਅਤੇ ਪੰਜਾਬੀ ਸਭਿਆਚਾਰ ਲਈ ਉਹ ਕੋਈ ਅਰਥ ਨਹੀਂ ਰੱਖਣਗੇ ।

ਵੈਸੇ ਵੀ ਜਦੋਂ ਕੋਈ ਆਪਣੇ ਸਭਿਆਚਾਰ ਦੇ ਭੂਗੋਲਿਕ ਚੌਖਟੇ ਨੂੰ ਛੱਡ ਕੇ ਕਿਸੇ ਦੂਜੇ ਸਭਿਆਚਾਰ ਦੇ ਭੂਗੋਲਿਕ ਚੌਖਟੇ ਵਿਚ ਚਲਾ ਜਾਂਦਾ ਹੈ, ਤਾਂ ਉਸ ਦਾ ਸਭਿਆਚਾਰਕ ਲੈਣ-ਦੇਣ, ਕਰਮ-ਪ੍ਰਤਿਕਰਮ ਉੱਥੋਂ ਦੇ ਸਭਿਆਚਾਰ ਨਾਲ ਸ਼ੁਰੂ ਹੋ ਜਾਂਦਾ ਹੈ । ਇਸ ਤਰ੍ਹਾਂ ਸ਼ੁਰੂ ਹੋਇਆ ਸਭਿਆਚਾਰੀਕਰਨ ਦਾ ਅਮਲ ਅਤੇ ਇਸ ਦੇ ਸਿੱਟੇ ਉਸ ਦੇ ਨਵੇਂਅਪਣਾਏ ਸਭਿਆਚਾਰ ਲਈ ਅਤੇ ਉਸ ਸਭਿਆਚਾਰਕ ਮਾਹੌਲ ਦੇ ਅੰਦਰ ਉਸ ਦੀ ਆਪਣੀ ਹੋਂਦ ਲਈ ਮਹੱਤਾ ਰਖਦੇ ਹਨ, ਨਾ ਕਿ ਉਸ ਦੇ ਪਿੱਛੇ ਰਹਿ ਗਏ ਮੂਲ ਸਭਿਆਚਾਰ ਲਈ, ਜਿੰਨਾ ਚਿਰ ਤੱਕ ਉਹ ਉਸ ਵਿਚ ਵਾਪਸ ਨਹੀਂ ਪਰਤ ਆਉਂਦਾ ।

ਸੰਖੇਪ ਵਿਚ : ਨਿਸਚਿਤ ਭੂਗੋਲਿਕ ਚੌਖਟੇ ਤੋਂ ਬਿਨਾਂ ਅਸੀਂ ਸਭਿਆਚਾਰ ਦੀ ਕਲਪਣਾ ਨਹੀਂ ਕਰ ਸਕਦੇ । ਅਤੇ ਭੂਗੋਲਿਕ ਚੌਖਟਾ ਨਿਸ਼ਚਿਤ ਕਰਨ ਵੇਲੇ ਅਸੀਂ ਸਮਕਾਲੀ ਯਥਾਰਥ ਨੂੰ ਅੱਖੋਂ ਓਹਲੇ ਨਹੀਂ ਕਰ ਸਕਦੇ। ਇਸ ਲਈ, ਅੱਜ ਦੀਆਂ ਹਾਲਤਾਂ ਵਿਚ ਅਸੀਂ ਪੰਜਾਬੀ ਸਭਿਆਚਾਰ ਦਾ ਭੂਗੋਲਿਕ ਚੌਖਟਾ ਉਹੀ ਮੰਨਾਗੇ,ਜੋ ਇਸ ਵੇਲੇ ਭਾਰਤੀ ਪੰਜਾਬ ਦਾ ਹੈ। ਬਾਕੀ ਸਾਰਾ ਇਸ ਦਾ ਇਥੋਂ ਤੱਕ ਪੁੱਜਣ ਦਾ ਇਤਿਹਾਸ ਹੈ ।

ਪਰ ਇਹ ਇਤਿਹਾਸ ਵੀ ਆਦਿ ਕਾਲ ਤੋਂ ਸ਼ੁਰੂ ਨਹੀਂ ਹੋਵੇਗਾ ਅਸੀਂ ਪਹਿਲਾ ਦੇਖ ਆਏ ਹਾਂ ਕਿ ਸਭਿਆਚਾਰ, ਕੋਈ ਸਰਬ-ਕਾਲੀ, ਪਰਾ-ਸਮਾਜਕ, ਭਾਵਵਾਚੀ ਸੰਕਲਪ ਨਹੀਂ, ਸਗੋਂ ਸਮੇਂ ਅਤੇ ਸਥਾਨ ਦੀਆਂ ਸੀਮਾ ਵਿਚ ਹੀ ਅਰਥ ਰੱਖਦਾ

ਹੈ ਇਤਿਹਾਸ ਦੇ ਦੌਰਾਨ ਇੱਕ ਖਿੱਤੇ ਵਿਚ ਇਕ ਦੂਜੇ ਦੀ ਥਾਂ ਲੈਂਦੇ ਹੋਏ ਵੱਖ ਵੱਖਰ ਸਭਿਆਚਾਰ ਹੋ ਸਕਦੇ ਹਨ। ਮੁੱਢਲੀਆਂ ਹਾਲਤਾਂ ਵਿਚ ਵੱਖਰੇ ਸੱਭਿਆਚਾਰ ਇਕ ਵੇਲੇ ਨਾਲ ਨਾਲ ਵੀ ਰਹਿ ਸਕਦੇ ਸਨ। ਭਾਰਤ ਵਿਚ ਕਾਫ਼ੀ ਦੇਰ ਤੱਕ ਪਿੰਡ ਇਕ ਖ਼ੁਦ-ਇਖ਼ਤਿਆਰ ਇਕਾਈ ਵਜੋਂ ਕਾਇਮ ਰਹੇ ਹਨ, ਕਰਕੇ ਇਥੇ ਇਸ ਤਰ੍ਹਾਂ ਦੀ ਸੰਭਾਵਨਾ ਹੋਰ ਵੀ ਜਿਆਦਾ ਸੀ । ਬਿਲਕੁਲ ਨਾਲ ਲੱਗਦੇ ਪਿੰਡ ਦੇ ਵੱਖ ਵੱਖ ਸਭਿਆਚਾਰਾਂ ਨਾਲ ਸੰਬੰਧਤ ਵੀ ਹੋ ਸਕਦੇ ਸਨ । ਸਭਿਆਚਾਰ ਦੇ ਅਧਿਐਨ ਵਿਚ ਇਸ ਗੱਲ ਨੂੰ ਧਿਆਨ ਵਿਚ ਰੱਖਿਆ ਜਾਣਾ ਚਾਹੀਦਾ ਹੈ ।

ਇਸ ਦੇ ਨਾਲ ਹੀ ਇਥੋਂ ਦੇ ਪ੍ਰਵਰਗਾਂ ਬਾਰੇ ਸਪਸ਼ਟਤਾ ਜ਼ਰੂਰੀ ਹੈ । ਅਸੀਂ ਆਮ ਹੀ ਸੰਯੁਕਤ (composi1) ਸਭਿਆਚਾਰ ਦੀ ਗੱਲ ਕਰਦੇ ਹਾਂ । ਪਰ ਸੰਯੁਕਤ ਸੱਭਿਆਚਾਰ ਦਾ ਮਤਲਬ 'ਕ' ਸਭਿਆਚਾਰ - ਖ ਸਭਿਆਚਾਰ + 'ਗ' ਸਭਿਆਚਾਰ ਆਦਿ ਨਹੀਂ ਹੁੰਦਾ ਇਸ ਦਾ ਮਤਲਬ ਇਹ ਹੁੰਦਾ ਹੈ ਕਿ 'ਕ', 'ਖ', 'ਗ' ਸਭਿਆਚਾਰ ਜਾਂ ਤਾਂ ਇਸ ਦੇ ਉਪ-ਸਭਿਆਚਾਰ ਹਨ, ਜਾਂ ਇਹਨਾਂ ਦੇ ਅੱਜ ਭਰਪੂਰ ਮਾਤਰਾ ਵਿਚ ਸੰਯੁਕਤ ਸਭਿਆਚਾਰ ਵਿਚ ਮਿਲਦੇ ਹਨ, ਜੋ ਕਿ ਇਹਨਾਂ ਦਾ ਮੁੱਖ ਸਭਿਆਚਾਰ ਹੋਵੇਗਾ, ਅਤੇ ਇਕਜੁੱਟ ਸਿਸਟਮ ਵਜੋਂ ਹੋਂਦ ਰਖੇਗਾ । ਜੋ ਇਹ ਇਕਜੁੱਟ ਸਿਸਟਮ ਵਜੋਂ ਹੋਂਦ ਰਖਦੇ, ਸਗੋਂ ਵਖਰੇ ਵਖਰੇ ਆਜ਼ਾਦ (ਭਾਵੇਂ ਇਕ ਦੂਜੇ ਉੱਤੇ ਪ੍ਰਭਾਵ ਪਾ ਰਹੇ ਸਿਸਟਮ ਵਜੋਂ ਪਛਾਣੇ ਜਾ ਸਕਦੇ ਹਨ, ਤਾਂ ਇਹ ਇੱਕ ਸਮੇਂ ਅਤੇ ਇਕੋ ਸਥਾਨ ਉੱਪਰ ਹੋਂਦ ਰੱਖ ਰਹੇ ਵੱਖ ਵੱਖ ਸੱਭਿਆਚਾਰਕ ਸਿਸਟਮ ਹਨ ।

ਦੂਜੀ ਗੱਲ, 'ਪੰਜਾਬੀ ਸਭਿਆਚਾਰ ਅਤੇ ਪੰਜਾਬ ਦੇ ਸੱਭਿਆਚਾਰ ਇੱਕ ਚੀਜ਼ ਨਹੀਂ, ਬਿਲਕੁਲ ਜਿਸ ਤਰ੍ਹਾਂ 'ਪੰਜਾਬੀ ਸਾਹਿਤ' ਅਤੇ ਪੰਜਾਬ ਦਾ ਸਾਹਿਤ ਦੇ ਵੱਖੋ ਵੱਖਰੀਆਂ ਚੀਜ਼ਾਂ ਹਨ । ਪੰਜਾਬ ਦੇ ਸਾਹਿਤ ਦੀ ਗੱਲ ਅਸੀਂ ਬਸ਼ਕ ਰਿਗਵੇਦ ਤੋਂ ਵੀ ਸਭ ਕਰ ਸਕਦੇ ਹਾਂ, ਅਤੇ ਇਸ ਵਿਚ ਅੱਜ ਦੇ ਉਹ ਸਾਹਿਤ ਵੀ ਸ਼ਾਮਲ ਕਰ ਸਕਦੇ ਹਾਂ, ਜਿਹੜੇ ਪੰਜਾਬੀ ਵਿਚ ਨਹੀਂ ਪਰ ਪੰਜਾਬ ਵਿਚ ਜਾਂ ਪੰਜਾਬੀਆਂ ਵਲੋਂ ਰਚੇ ਗਏ ਹਨ ।ਪਰ ਪੰਜਾਬੀ ਸਾਹਿਤ ਭਾਸ਼ਾ-ਆਧਾਰਿਤ ਸਨਾਖਤ ਉੱਪਰ ਨਿਰਭਰ ਕਰੇਗਾ, ਅਤੇ ਇਸ ਦਾ ਆਰੰਭ ਉਦੋਂ ਤੋਂ ਹੀ ਹੋਇਆ ਮੰਨਿਆ ਜਾਵੇਗਾ, ਜਦੋਂ ਤੋਂ ਪੰਜਾਬੀ ਭਾਸ਼ਾ ਦਾ ਅਤੇ ਇਸ ਵਿਚ ਮਿਲਦੇ ਸਾਹਿਤ ਦਾ

ਪੰਜਾਬੀ ਸੱਭਿਆਚਾਰ ਦੇ ਰੂਪ ਧਾਰਨਾ ਸ਼ੁਰੂ ਕਰਨ ਦਾ ਸਮਾਂ ਲੱਗਪਗ ਉਹੀ ਹੈ, ਜਦੋਂ ਪੰਜਾਬੀ ਭਾਸ਼ਾ ਨੇ ਰੂਪ ਧਾਰਨਾ ਸ਼ੁਰੂ ਕੀਤਾ । ਇਹ ਨੌਵੀਂ ਤੋਂ ਬਾਰ੍ਹਵੀਂ ਸਦੀ ਈਸਵੀ ਦਾ ਸਮਾਂ ਦੱਸਿਆ ਜਾਂਦਾ ਹੈ । ਇਹੀ ਸਮਾਂ ਸੀ ਜਦੋਂ ਇਸ ਦੇ ਸਮਾਜੀ-ਆਰਥਕ ਜੀਵਨ ਵਿਚ ਮਹੱਤਵਪੂਰਨ ਤਬਦੀਲੀਆਂ ਵਾਪਰਨੀਆਂ ਸ਼ੁਰੂ ਹੋਈਆਂ। ਇਹਨਾਂ ਤਬਦੀਲੀਆਂ ਦੇ ਪ੍ਰਗਟਾਅ ਦਾ ਇਕ ਰੂਪ ਇਹ ਸੀ ਕਿ ਇਥੋਂ ਦੇ ਜਨ-ਸਮੂਹ ਦੀ ਸ਼ਨਾਖਤ ਕਿਸੇ ਵਿਅਕਤੀ, ਕੁਟੰਬ, ਕਬੀਲੇ, ਸਮਾਜੀ-ਆਰਥਕ ਸੰਗਠਨ ਦੀ ਥਾਂ ਇਥੋਂ ਦੀ ਭੂਗੋਲਿਕ ਇਕਾਈ ਦੇ ਹਵਾਲੇ ਨਾਲ ਹੋਣੀ ਸ਼ੁਰੂ ਹੋਈ । ਦੂਜੇ ਸ਼ਬਦਾਂ ਵਿਚ, ਪੰਜਾਬੀ ਕੌਮੀਅਤ ਨੇ ਰੂਪ ਧਾਰਨਾ ਸ਼ੁਰੂ ਕੀਤਾ । ਇਸ ਤੋਂ ਮਗਰੋਂ ਅੱਜ ਤੱਕ ਦਾ ਰਾਜਨੀਤਕ ਅਤੇ ਸਭਿਆਚਾਰਕ ਇਤਿਹਾਸ ਇਸੇ ਕੌਮੀਅਤ ਦੇ ਰੂਪ ਧਾਰਨ ਵਿਚ ਹੁੰਦੀ ਪ੍ਰਗਤੀ ਜਾਂ ਆਓ ਦੀਆਂ ਕਠਿਨਾਈਆਂ ਦਾ ਇਤਿਹਾਸ ਹੈ ।

ਰਾਜਨੀਤਕ ਖੇਤਰ ਵਿਚ ਇਸ ਸਮੇਂ ਦੀ ਸਭ ਤੋਂ ਮਹੱਤਵਪੂਰਣ ਘਟਨਾ ਉੱਤਰ ਪੱਛਮ ਵਲੋਂ ਮੁਸਲਮਾਨਾਂ ਦੇ ਹਮਲੇ ਸਨ, ਜਿਨ੍ਹਾਂ ਨੇ ਪਹਿਲਾਂ ਹੀ ਜਰਜਰੀ ਹੋਈ ਹੋਈ ਭਾਰਤ ਦੀ ਰਾਜਕੀ ਬਣਤਰ ਨੂੰ ਢਾਹ ਢੇਰੀ ਕੀਤਾ। ਪੁਰਾਣੀ ਸਮਾਜਕ ਬਣਤਰ ਨੂੰ ਤੋੜਨ ਵਿਚ ਅਤੇ ਨਵੇਂ ਅੰਸ਼ਾਂ ਨੂੰ ਜਨਮ ਦੇਣ ਵਿਚ ਵੀ ਇਹਨਾਂ ਨੇ ਕਈ ਤਰ੍ਹਾਂ ਨਾਲ ਹਿੱਸਾ ਪਾਇਆ। ਸੰਨ 1000 ਈ. ਤੋਂ ਮਗਰੋਂ ਇਸਲਾਮੀ ਹਮਲੇ ਏਨੀ ਤੇਜ਼ੀ ਨਾਲ ਹੋਣੇ ਸ਼ੁਰੂ ਹੋਏ ਕਿ ਸਥਾਨਕ ਨਜ਼ਾਮ ਨੂੰ ਉਹ ਸੰਭਲਣ ਦਾ ਮੌਕਾ ਹੀ ਨਹੀਂ ਸਨ ਦਿੰਦੇ। ਇਸ ਤੋਂ ਛੁਟ, ਇਹ ਹਮਲੇ ਕਾਫ਼ਰਾਂ ਨੂੰ ਸੋਧਣ ਦੇ ਨਾਅਰੇ ਹੇਠ ਕੀਤੇ ਗਏ। ਹਮਲਾਵਰਾਂ ਲਈ ਸਾਰੇ ਹਿੰਦੁਸਤਾਨੀ ਕਾਫ਼ਰ ਸਨ, ਭਾਵੇਂ ਉਹ ਕਿਸੇ ਕੁਟੰਬ, ਕਬੀਲੇ, ਜਾਤ, ਵਰਣ ਜਾਂ ਸਮੂਹ ਨਾਲ ਸੰਬੰਧਤ ਹੋਣ। ਇਸ ਲਈ ਉਹਨਾਂ ਸਾਹਮਣੇ ਦੋ ਹੀ ਰਾਹ ਹੁੰਦੇ ਸਨ ਜਾਂ ਇਸਲਾਮ ਧਾਰਨ ਕਰਨ, ਜਾਂ ਮੌਤ ਦੇ ਘਾਟ ਉਤਾਰ ਦਿੱਤੇ ਜਾਣ। ਮਹਿਮੂਦ ਗਜ਼ਨਵੀ ਨੇ ਪੰਜਾਬ ਨੂੰ ਆਪਣੇ ਰਾਜ ਵਿਚ ਮਿਲਾ ਲਿਆ, ਅਤੇ ਉਸ ਦੇ ਉੱਤਰਾਧਿਕਾਰੀ ਨੇ ਲਾਹੌਰ ਨੂੰ ਆਪਣੀ ਰਾਜਧਾਨੀ ਬਣਾ ਲਿਆ। ਇਸ ਤਰ੍ਹਾਂ, ਹਮਲਾਵਰ ਬਣ ਕੇ ਆਏ ਮੁਸਲਮਾਨ ਇਥੇ ਆ ਕੇ ਰਾਜ ਕਰਨ ਲੱਗੇ ਅਤੇ ਇਸ ਥਾਂ ਨੂੰ ਆਪਣਾ ਘਰ ਬਣਾ ਕਹਿਣ ਲੱਗੇ। ਇਸ ਤਰ੍ਹਾਂ ਸਥਾਨਕ ਵਸੋਂ ਨਾਲ ਉਹਨਾਂ ਦਾ ਸਭਿਆਚੱਕਿਕਨ ਦਾ ਲੰਮਾ ਅਮਲ ਸ਼ੁਰੂ ਹੋਇਆ, ਜਿਸ ਦੇ ਪੰਜਾਬੀ ਜੀਵਨ ਅਤੇ ਪੰਜਾਬੀ ਸਭਿਆਚਾਰ ਲਈ ਦੂਰ-ਰਸ ਨਤੀਜੇ ਨਿਕਲੇ।

ਸਥਾਨਕ ਵਸੋਂ ਵਿਚ ਲੋਕਾਂ ਵਲੋਂ ਭਾਰੀ ਗਿਣਤੀ ਵਿਚ ਇਸਲਾਮ ਗ੍ਰਹਿਣ ਕੀਤਾ ਜਾਣਾ, ਵਰਣ-ਵੰਡ ਉੱਤੇ ਖੜੀ ਸਮਾਜਕ ਬਣਤਰ ਨੂੰ ਢਾਹ ਲੱਗਣਾ, ਬਹੁਦੇਵਵਾਦ ਤੋਂ ਇਕ ਪ੍ਰਮਾਤਮਾ ਵਿਚ ਵਿਸ਼ਵਾਸ ਦਾ ਜ਼ੋਰ ਫੜਨਾ ,ਇਹਨਾਂ ਸਾਰੀਆਂ ਗੱਲਾਂ ਉਪਰ ਇਸਲਾਮ ਨਾਲ ਸੰਪਰਕ ਦਾ ਅਸਰ ਨਿਸ਼ਚੇ ਹੀ ਹੋਵੇਗਾ। ਪਰ ਪੰਜਾਬੀ ਸਭਿਆਚਾਰ ਦੇ ਸੰਦਰਭ ਵਿਚ ਸੂਫੀਵਾਦ ਦੀ ਮਹੱਤਤਾ ਸਭ ਤੋਂ ਵਧ ਹੈ। ਇਸ ਦੇ ਰੂਪ ਵਿਚ ਇਸਲਾਮ ਨੇ ਸਥਾਨਕ ਹਾਲਤਾਂ ਦੇ ਅਨੁਕੂਲ ਆਪਣੇ ਆਪ ਨੂੰ ਢਾਲਣ ਦਾ ਯਤਨ ਕੀਤਾ। ਸੂਫ਼ੀਵਾਦ ਪੰਜਾਬੀ ਸਭਿਆਚਾਰ ਦਾ ਓਨਾ ਹੀ ਪ੍ਰਤਿਨਿਧ ਅੰਗ ਹੈ, ਜਿੰਨੀ ਇਥੋਂ ਦੀ ਕੋਈ ਹੋਰ ਲਹਿਰ। ਗੁਰੂ ਗਰੰਥ ਸਾਹਿਬ ਵਿਚ ਫ਼ਰੀਦ-ਬਾਣੀ ਨੂੰ ਥਾਂ ਦੇ ਕੇ ਸੂਫ਼ੀਵਾਦ ਨੂੰ ਵੀ ਭਗਤੀ-ਧਾਰਾ ਦਾ ਇਕ ਅੰਗ ਸਵੀਕਾਰ ਕਰ ਲਿਆ ਗਿਆ। ਸਮਾਂ ਬੀਤਣ ਨਾਲ ਪੰਜਾਬ ਵਿਚਲੇ ਸੂਫ਼ੀਆਂ ਉਤੇ ਪੰਜਾਬੀ ਸਭਿਆਚਾਰ ਦੀ ਰੰਗਤ ਹੋਰ ਵੀ ਗੂਹੜੀ ਹੁੰਦੀ ਗਈ।

ਆਧੁਨਿਕ ਭਾਰਤੀ ਭਾਸ਼ਾਵਾਂ ਦੇ ਸਾਹਿਤਾਂ ਦੇ ਰੂਪ ਧਾਰਨ ਦਾ ਸਮਾਂ ਲੱਗਭਗ ਇਹੀ ਹੈ, ਜਿਹੜਾ ਇਸਲਾਮ ਨਾਲ ਪੰਜਾਬ ਅਤੇ ਭਾਰਤ ਦੇ ਸੰਪਰਕ ਦਾ ਸਮਾਂ ਹੈ। ਬਹੁਤੀਆਂ ਆਧੁਨਿਕ ਭਾਰਤੀ ਭਾਸ਼ਾਵਾਂ ਵਿਚ ਰਚਿਆ ਗਿਆ ਪਹਿਲਾ ਸਾਹਿਤ ਨੌਵੀਂ ਤੋਂ ਬਾਰ੍ਹਵੀਂ ਸਦੀ ਦਾ ਹੀ ਹੈ। ਇਸ ਸਾਹਿਤ ਵਿਚ ਪ੍ਰਗਟ ਹੁੰਦੀਆਂ ਕੀਮਤਾਂ ਪਹਿਲੇ ਸਾਹਿਤ ਨਾਲੋਂ ਵੱਖ ਹਨ। ਅਠਵੀਂ ਨੌਵੀਂ ਸਦੀ ਵਿਚ ਸ਼ੰਕਰ ਤੋਂ ਸ਼ੁਰੂ ਕਰ ਕੇ ਇਕ ਨਵੀਂ ਵਿਚਾਰਧਾਰਾ ਜਨਮ ਲੈਂਦੀ ਹੈ, ਜਿਸ ਵਿਚ ਪਹਿਲੀ ਥਾਂ ਉਤੇ ਪ੍ਰਮਾਤਮਾ ਨੂੰ ਇੱਕੋ ਇਕ ਹਕੀਕਤ ਵਜੋਂ ਪ੍ਰਵਾਨ ਕਰਨਾ, ਬਾਕੀ ਸਭ ਕੁਝ ਨੂੰ ਮਾਇਆ ਸਮਝਦਿਆਂ, ਇਸ ਦੇ ਜੰਜਾਲ ਵਿਚੋਂ ਛੁਟਕਾਰਾ ਪਾ ਕੇ ਉਸ ਇੱਕੋ ਹਕੀਕਤ ਵਿਚ ਲੀਨ ਹੋਣਾ ਦੱਸਿਆ ਗਿਆ ਹੈ ਰਾਮਾਨੁਜ ਇਸੇ ਵਿਚਾਰਧਾਰਾ ਨੂੰ ਜਨ-

ਸਾਧਾਰਨ ਵਿਚ ਲੈ ਜਾਂਦਾ ਹੈ। ਪ੍ਰਮਾਤਮਾਤਮਾ ਨੂੰ ਪ੍ਰੇਮ ਕਰਨ ਰਾਹੀਂ ਮੁਕਤੀ ਉਤੇ ਜ਼ੋਰ ਦੇਂਦਾ ਹੈ। ਇਸ ਸਾਰੇ ਅਮਲ ਵਿਚ ਜਾਤ-ਪਾਤ ਦੇ ਵਿਸ਼ੇਸ਼ ਸਥਾਨ ਨੂੰ ਰੱਦ ਕੀਤਾ ਗਿਆ ਹੈ। ਪ੍ਰੇਮ ਅਤੇ ਭਗਤੀ ਰਾਹੀਂ ਕੋਈ ਵੀ ਪ੍ਰਮਾਤਮਾ ਨੂੰ ਪਾ ਸਕਦਾ ਹੈ, ਭਾਵੇਂ ਕੋਈ ਕਿਸੇ ਵੀ ਵਰਨ ਨਾਲ ਸੰਬੰਧ ਰਖਦਾ ਹੋਵੇ। ਗੁਰੂ ਨਾਨਕ ਵਲੋਂ ਪੰਥੀ ਸਭਿਆਚਾਰ ਨੂੰ ਰੱਦ ਕਰਨਾ, ਅਸਲ ਵਿਚ, ਭਗਤੀ ਲਹਿਰ ਦਾ ਹੀ ਇਕ ਪ੍ਰਗਟਾਅ ਹੈ ਰਾਮਾਨੁਜ ਅਨੁਸਾਰ ਵੀ ਪ੍ਰਮਾਤਮਾ ਨੂੰ ਪਾਉਣ ਲਈ ਧਾਰਮਿਕ ਗ੍ਰੰਥਾਂ ਦਾ ਗਿਆਨ ਕੋਈ ਜ਼ਰੂਰੀ ਨਹੀਂ। ਇਕ ਪ੍ਰੇਮਾ-ਭਗਤੀ ਰਾਹੀਂ ਉਸ ਨੂੰ ਪਾਇਆ ਜਾ ਸਕਦਾ ਹੈ ਇਸ ਤੋਂ ਹੀ ਪ੍ਰਮਾਤਮਾ ਦਾ ਇਕ ਵਿਸ਼ੇਸ਼ ਸਰੂਪ ਜਨਮ ਲੈਂਦਾ ਹੈ , ਐਸਾ ਸਰੂਪ ਜਿਹੜਾ ਆਪਣੀ ਰਚਨਾ ਨੂੰ ਪਿਆਰ ਕਰਦਾ ਹੈ, ਅਤੇ ਕਿਸੇ ਵੀ ਜੀਵ ਦੀ ਹੋਣੀ ਤੋਂ ਬੇ-ਪ੍ਰਵਾਹ ਨਹੀਂ।

ਭਗਤੀ ਲਹਿਰ ਦੇ ਰੂਪ ਵਿਚ ਭਾਰਤ-ਵਿਆਪੀ ਪੱਧਰ ਉਤੇ ਵਿਚਾਰਾਂ ਦਾ ਅਤੇਊਹਾਨੀ ਕੀਮਤਾ ਦਾ ਲੈਣ-ਦੇਣ ਹੁੰਦਾ ਹੈ, ਜਿਹੜਾ ਕਿਸੇ ਤਰ੍ਹਾਂ ਦੀਆਂ ਵੀ ਰਾਜਸੀ ਹਿੱਤਾਂ ਨਾਲੋਂ ਵਧੇਰੇ ਡੂੰਘਾ ਜਾਂਦਾ ਹੈ। ਇਹੀ ਲੈਣ-ਦੇਣ ਇਕ ਕੰਮ ਦੇ ਸੰਕਲਪ ਨੂੰ ਰੂਪ ਦੇਣ ਵੱਲ ਨੂੰ ਇਕ ਕਦਮ ਹੈ। ਇਸ ਲਹਿਰ ਦੇ ਰੂਪ ਵਿਚ ਹੇਠਲੀਆਂ ਸ਼੍ਰੇਣੀਆਂ ਪ੍ਰਭਾਵ ਵੜਦੀਆਂ ਹਨ। ਭਗਤੀ ਲਹਿਰ ਵਿਚਲੇ ਖੱਤਰੀ' ਵੀ ਪੁਰਾਣੀ ਵਰਨ-ਵੰਡ ਵਾਲੇ 'ਕਸ਼ੱਤੀ ਨਹੀਂ, ਜਦੋਂ ਐਸਾ ਸਮਾਜਕ ਵਰਗ ਹਨ, ਜਿਹੜਾ ਖੇਤੀ ਵੀ ਕਰਦਾ ਹੈ, ਵਪਾਰ ਵੀ ਕਰਦਾ ਹੈ, ਡ਼ੰਗ ਵੀ ਚਾਰਦਾ ਹੈ, ਬੋਧਕ ਅਤੇ ਪ੍ਰਬੰਧਕੀ ਜ਼ਿਮੇਵਾਰੀਆਂ ਵੀ ਨਿਭਾਉਂਦਾ ਹੈ। ਬ੍ਰਾਹਮਣੀ ਗਿਆਨ-ਵਿਸ਼ੇਸਗੜਾ ਅਤੇ ਰੂਹਾਨੀ ਅਜਾਰੇਦਾਰੀ ਦੇ ਜਵਾਬ ਵਿਚ ਇਸ ਤਰ੍ਹਾਂ ਦੇ ਮਿਸ਼ਰਤ ਸਮਾਜਕ ਜ਼ਿਮੇਵਾਰੀਆਂ ਵਾਲੇ ਵਰਗ ਨੇ ਰੂਪ ਧਾਰਿਆ ਲੱਗਦਾ ਹੈ।

ਭਾਰਤ-ਵਿਆਪੀ ਸਾਂਝ ਉਤਰਣ ਦੇ ਨਾਲ ਨਾਲ ਸਥਾਨਕ ਹਾਲਤਾਂ ਉਪਰ ਆਧਾਰਤ ਵੱਖਰੇ ਲੱਛਣ ਵੀ ਜੋਰ ਫੜਨ ਲੱਗਦੇ ਹਨ। ਕੌਮੀਅਤਾਂ ਦਾ ਰੂਪ ਉੱਭਰਣ ਲੱਗਦਾ ਹੈ, ਜਿਹੜਾ ਦੱਖਣੀ ਭਾਸ਼ਾਈ ਸਮੂਹਾਂ ਤੋਂ ਇਲਾਵਾ ਬੰਗਾਲ ਅਤੇ ਮਹਾਰਾਸ਼ਟਰ ਵਿਚ ਸਭ ਤੋਂ ਵਧ ਸਪੱਸ਼ਟ ਤਰ੍ਹਾਂ ਸਾਹਮਣੇ ਆਉਂਦਾ ਹੈ।

ਪੰਜਾਬ ਦੀਆਂ ਵਿਸ਼ੇਸ਼ ਹਾਲਤਾਂ ਕਾਰਨ ਇਥੇ ਕੌਮੀਅਤ ਦਾ ਸੰਕਲਪ ਵਧੇਰੇ ਧੀਮੀ ਤਰ੍ਹਾਂ ਵਿਕਾਸ ਕਰਦਾ ਹੈ। ਸਿੱਖ ਮੱਤ ਸਮੁੱਚੀ ਭਗਤੀ ਲਹਿਰ ਦਾ ਵਾਰਸ ਹੈ। ਇਸ ਲਈ ਇਹ ਪੰਜਾਬ-ਮੁਖੀ ਏਨਾ ਨਹੀਂ, ਜਿੰਨਾ ਭਾਰਤ-ਮੁਖੀ ਹੈ। ਗੁਰੂ ਨਾਨਕ ਇਕ ਪਾਸੇ ਤਾਂ ਆਪਣੀ ਜਨਮ-ਭੂਮੀ ਨਾਲ ਏਨਾ ਲਗਾਓ ਰਖਦੇ ਹਨ ਕਿ ਜੀਵਨ ਦੇ ਪਿੱਛਲੇ ਸਾਲਾਂ ਵਿਚ ਉਸ ਦੀ ਇਕ ਇਕ ਚੀਜ਼ ਦਾ ਭਾਵਕ ਚਿਣ ਕਰਦੇ ਹਨ। ਪਰ ਉਨ੍ਹਾਂ ਦੇ ਜੀਵਨ ਅਨੁਭਵ ਦੀ ਸੀਮਾ ਸਮੁੱਚੇ ਦੇਸ਼ ਤੱਕ ਅਤੇ ਇਸ ਦੀਆਂ ਸਰਹੱਦਾਂ ਤੋਂ ਵੀ ਪਾਰ ਤੱਕ ਫੈਲੀ ਹੋਈ ਹੈ। ਉਹ 'ਹਿੰਦੁਸਤਾਨ' ਦੇ ਪ੍ਰਸੰਗ ਵਿਚ ਸੋਚਦੇ ਹਨ। ਗੁਰੂ ਅਰਜਨ ਨੇ ਗੁਰੂ ਗਰੰਥ ਸਾਹਿਬ ਦੀ ਸੰਪਾਦਨਾ ਵਿਚ ਸਿੱਖ ਮੱਤ ਦੇ ਭਾਰਤ-ਮੁਖੀ ਹੋਣ ਦੇ ਲੱਛਣ ਨੂੰ ਹੀ ਸਾਕਾਰ ਕੀਤਾ। ਗੁਰੂ ਗੋਬਿੰਦ ਸਿੰਘ ਵਲੋਂ ਆਪਣੀ ਰਚਨਾ ਲਈ ਪੰਜਾਬੀ ਤੋਂ ਇਲਾਵਾ ਕਿਸੇ ਹੋਰ ਬੋਲੀ ਨੂੰ ਅਪਣਾਏ ਜਾਣ ਦਾ ਕਾਰਨ ਸ਼ਾਇਦ ਸਿਰਫ਼ ਇਹ ਨਹੀਂ ਸੀ ਕਿ ਉਨ੍ਹਾਂ ਦੀ ਮਾਤਭਾਸ਼ਾ ਪੰਜਾਬੀ ਨਹੀਂ ਸੀ, ਸਗੋਂ ਇਸੇ ਭਾਰਤ-ਮੁਖੀ ਹੋਣ ਦੀ ਪਰੰਪਰਾ ਨੂੰ ਅੱਗੇ

ਤੋੜਨਾ ਸੀ। ਉਨ੍ਹਾਂ ਦੇ ਵੱਖ ਵੱਖ ਭਾਸ਼ਾਵਾਂ ਦੇ 52 ਕਵੀ, ਉਹਨਾਂ ਵਲੋਂ ਭਾਰਤੀ ਸੰਸਕ੍ਰਿਤੀ ਦੀ ਪੁਨਰ-ਸੁਰਜੀਤੀ ਦਾ ਯਤਨ, ਭਾਰਤੀ ਕਲਾਸਕੀ ਰਚਨਾਵਾਂ ਨੂੰ ਨਵਾਂ ਰੂਪ ਦੇਣਾ ਆਦਿ ਇਸੇ ਪਾਸੇ ਵੱਲ ਸੰਕੇਤ ਕਰਦੇ ਹਨ।

ਸਿੱਖ ਮੱਤ ਦੀ ਸਰਗਰਮੀ ਦਾ ਕੇਂਦਰ ਪੰਜਾਬ ਸੀ, ਪਰ ਇਸ ਦੀ ਦ੍ਰਿਸ਼ਟੀ ਦੀ ਸੀਮਾ ਹਿੰਦੁਸਤਾਨ ਸੀ। ਗੁਰੂ ਗੋਬਿੰਦ ਸਿੰਘ ਤੱਕ ਪਹੁੰਚਦਿਆਂ ਇਸ ਨੇ ਵਧੇਰੇ ਰੇਡੀਕਲ ਰੂਪ ਧਾਰਨ ਕਰ ਲਿਆ ਅਤੇ ਇਸ ਰੂਪ ਨੂੰ ਅਮਲੀ ਜਾਮਾ ਪੁਆਉਣ ਲਈ ਇਕ ਲੋਕਤੰਤਰੀ ਰਾਜਸੀ ਸੰਗਠਨ ਵੀ ਵਿਕਸਤ ਕਰ ਲਿਆ। ਇਹ ਗੱਲ ਅਜੇ ਵੀ ਪਰਖਣ ਵਾਲੀ ਹੈ ਕਿ ਸਿੱਖ ਮੱਤ ਵਲੋਂ ਸਮੁੱਚੀ ਕੌਮ ਦਾ ਬੰਧਕ ਪ੍ਰਤਿਨਿਧ ਬਣਦਿਆਂ ਬਣਦਿਆਂ ਇਕ ਸੂਬੇ ਦੀ- ਸੀਮਾ ਵਿੱਚ ਸਿਮਟ ਜਾਣ ਅਤੇ ਇਕ ਰੂਪ ਧਾਰ ਰਹੀ ਕੌਮੀਅਤ ਦਾ ਅੰਗ ਬਣ ਕੇ ਰਹਿ ਜਾਣ ਦੇ ਪਿੱਛੇ ਇਸ ਵਿਚ ਸਮੇਂ ਤੋਂ ਪਹਿਲਾਂ ਆਈ ਇਸ ਸਰਬੰਗੀ ਰੇਡੀਕਲ ਚੇਤਨਾ ਦਾ ਤਾਂ ਹੱਥ ਨਹੀਂ ਸੀ ? ਇਸ ਦਾ ਸਮੇਂ ਦੀਆਂ ਹਾਕਮ ਸ਼੍ਰੇਣੀਆਂ ਵਲੋਂ ਵਿਰੋਧ ਹੋਣਾ ਤਾਂ ਕੁਦਰਤੀ ਸੀ ਹੀ, ਪਰ ਇਸ ਚੰਡੀਕਲ ਚੇਤਨਾ ਦੀ ਥਾਹ ਉਹ ਲੋਕ ਵੀ ਨਾ ਪਾ ਸਕੇ ਜਿਹੜੇ ਇਸ ਚੇਤਨਾ ਦੇ ਵਾਹਕ ਸਨ। ਵਿਆਪਕ ਹਾਲਤਾਂ ਵਿਚ ਸ਼ਾਇਦ ਇਹ ਸੰਭਵ ਵੀ ਨਹੀਂ ਸੀ, ਨਹੀਂ ਤਾਂ ਉਸ ਨੂੰ ਅਸੀਂ ਸਮੇਂ ਤੋਂ ਪਹਿਲਾਂ ਆਉਣਾ ਨਾ ਕਹਿੰਦੇ। ਇਸ ਰੇਡੀਕਲ ਵਿਚਾਰਧਾਰਾ ਦੇ ਵਾਹਕ ਸਮੂਹ ਦਾ ਮੁੜ ਮੁੜ ਕੇ ਸਾਮੰਡੀਕਰਨ ਵੱਲ ਪਰਤਣਾ, ਸਭ ਦੀ ਬਰਾਬਰੀ ਅਤੇ ਸਰਬੱਤ ਦਾ ਭਲਾ ਚਾਹੁਣ ਦੇ ਬਾਵਜੂਦ ਵਰਨ-ਵੰਡ, ਜਾਤ-ਪਾਤ, ਊਚ ਨੀਚ ਦੇ ਭੇਦ ਕਾਇਮ ਰਹਿਣਾ, ਸਗੋਂ ਸਮੇਂ ਸਮੇਂ ਫਿਰ ਜ਼ੋਰ ਫੜ ਜਾਣਾ, ਕੀ ਇਸ ਗੱਲ ਵੱਲ ਸੰਕੇਤ ਨਹੀਂ ਕਿ ਇਸ ਸਮੂਹ ਦੀ ਭਾਰੀ ਬਹੁ-ਗਿਣਤੀ ਅੱਜ ਆਪਣੀ ਵਿਚਾਰਧਾਰਾ ਦੀ ਇਤਿਹਾਸਕ ਮਹੱਤਾ ਨਹੀਂ ਸੀ ਪਛਾਣਦੀ, ਭਾਵੇਂ ਕਿ ਇਹ ਉਸ ਬਹੁ-ਗਿਣਤੀ ਦੇ ਹਿੱਤ ਹੀ ਪੂਰਦੀ ਸੀ ?

ਰਣਜੀਤ ਸਿੰਘ ਨੇ ਭਾਵੇਂ ਪੰਜਾਬੀ ਨੂੰ ਆਪਣੀ ਰਾਜਭਾਸ਼ਾ ਨਹੀਂ ਸੀ ਐਲਾਨਿਆ, ਅਤੇ ਨਾ ਹੀ ਪੰਜਾਬੀ ਸਭਿਆਚਾਰ ਲਈ ਕੋਈ ਉਚੇਚੇ ਯਤਨ ਕੀਤੇ ਸਨ, ਤਾਂ ਵੀ ਉਸ ਦੇ ਰਾਜ ਦੇ ਖਾਸੇ ਕਾਰਨ ਅਤੇ ਇਸ ਸਮੇਂ ਵਾਪਰੀਆਂ ਤਬਦੀਲੀਆਂ ਕਾਰਨ ਪੰਜਾਬੀਅਤ ਦੇ ਅਹਿਸਾਸ ਨੂੰ ਜੋ ਪਕਿਆਈ ਅਤੇ ਤਰੱਕੀ ਮਿਲੀ, ਉਹ ਇਸ ਤੋਂ ਪਹਿਲਾਂ ਹੋਰ ਕਿਸੇ ਵਲੋਂ ਨਹੀਂ ਸੀ ਮਿਲੀ। ਨਿੱਕੇ ਮੋਟੇ ਸਾਮੰਤਾਂ ਆਪਣੀ ਮਰਜ਼ੀ ਨਾਲ ਢਾਹ ਉਸਾਰ ਕੇ ਉਹਨਾਂ ਨੂੰ ਆਪਣੀਆਂ ਸੜਕਾਂ ਦੁਆਲੇ ਨਚਾ ਕੇ ਤਾਕਤ ਜਾਂ ਸਿਆਸਤ ਰਾਹੀਂ ਉਹਨਾਂ ਦੀ ਹੋਂਦ ਨੂੰ ਨਿਗੂਣਿਆਂ ਕਰ ਕੇ, ਧਨ ਇਕ ਕਰਨ ਲਈ ਉਹਨਾਂ ਨੂੰ ਸਾਧਨ ਬਣਾ ਕੇ, ਉਸ ਨੇ ਪੰਜਾਬ ਵਿਚ ਸਾਮੰਤਵਾਦ ਦੀਆਂ ਜੜ੍ਹਾਂ ਨੂੰ ਖਲਿਆਂ ਕੀਤਾ; ਖ਼ੁਦ ਧਾਰਮਿਕ ਹੋਣ ਦੇ ਬਾਵਜੂਦ ਉਸ ਨੇ ਰਾਜ ਦੇ ਮਾਮਲਿਆਂ ਵਿਚ ਧਰਮ ਦੇ ਦਖ਼ਲ ਨੂੰ ਰੋਕ ਕੇ ਰਾਜ ਨੂੰ ਸਰਬ-ਸਾਂਝੇ ਹੋਣ ਦੀ ਦਿੱਖ ਦਿੱਤੀ; ਪੱਛਮ ਨਾਲ ਪੰਜਾਬ ਦਾ ਪਹਿਲਾ ਵਾਹ ਉਸੇ ਦੇ ਰਾਜ ਵਿਚ ਪਿਆ, ਜਿਸ ਨਾਲ ਜ਼ਿੰਦਗੀ ਦੇ ਕੁਝ ਖੇਤਰਾਂ ਵਿਚ ਆਧੁਨਿਕੀਕਰਨ ਦਾ ਆਰੰਭ ਹੋਇਆ; ਉਸ ਨੇ ਪੂਰਬ ਦੀ ਦੀ ਪੱਛੜੀ ਸਿਆਸਤ ਨੂੰ ਏਨਾ ਕੁ ਉੱਚਾ ਚੁੱਕ ਦਿੱਤਾ ਕਿ ਉਹ ਪੱਛਮ ਦੀ ਉੱਨਤ ਸਿਆਸਤ ਨਾਲ ਬਰ ਮੇਚਦੇ ਹੋਣ ਦਾ ਪ੍ਰਭਾਵ ਦੇ ਸਕੇ। ਰਾਜ ਨੂੰ ਸੈਕੂਲਰ ਆਧਾਰ ਦੇ ਦੇਣਾ ਸ਼ਾਇਦ ਉਸ ਦੀ ਸਭ ਤੋਂ ਵੱਡੀ ਦੇਣ ਸੀ,

ਜਿਸ ਤੋਂ ਪੈਦਾ ਹੁੰਦੀ ਸਾਂਝ ਸਮਾਂ ਪਾ ਕੇ ਪੰਜਾਬੀ ਸਭਿਆਚਾਰ ਵਿਚ ਵੀ ਬੇਮੇਲ ਉਭਾਰ ਲਿਆ ਸਕਦੀ ਸੀ। ਪਰ ਉਸ ਦੀ ਮੌਤ ਤੋਂ ਮਗਰੋਂ ਆਏ ਪੁੱਠੇ ਗੇੜ ਨੇ ਇਹਨਾਂ ਪ੍ਰਾਪਤੀਆਂ ਨੂੰ ਪੱਕੇ ਪੈਰੀਂ ਨਾ ਹੋਣ ਦਿੱਤਾ ।

ਅੰਗਰੇਜ਼ਾਂ ਨੇ ਪੰਜਾਬ ਹਥਿਆਉਣ ਤੋਂ ਮਗਰੋਂ ਚੇਤੰਨ ਤੌਰ ਉੱਤੇ ਸਮੁੱਚੇ ਵਿਕਾਸ ਨੂੰ ਪੁੱਠਾ ਗੇੜਾ ਦਿੱਤਾ। ਸਭ ਤੋਂ ਵੱਡੀ ਗੱਲ, ਸਾਂਝੀ ਕੌਮੀਅਤ ਦੇ ਵਿਕਸ ਰਹੇ ਅਹਿਸਾਸ ਨੂੰਨਸ਼ਟ ਕੀਤਾ । ਮਜਹੀ ਵਖਵਿਆਂ ਨੂੰ ਹਵਾ ਦੇ ਕੇ ਲੋਕਾਂ ਨੂੰ ਇਕ ਦੂਜੇ ਦੇ ਵਿਰੁੱਧ ਖੜਾ ਕੀਤਾ। ਅੰਗਰੇਜ਼ਾਂ ਦੇ ਰਾਜਸੀ ਗ਼ਲਬੇ ਹੇਠ ਸਭ ਤੋਂ ਮਗਰੋਂ ਆਉਣ ਨੇ ਵੀ ਪੰਜਾਬ ਉੱਤੇ ਆਪਣੀ ਤਰ੍ਹਾਂ ਦਾ ਪ੍ਰਭਾਵ ਪਾਇਆ ਲੱਗਦਾ ਹੈ । ਦੂਜੇ ਸੂਬਿਆਂ ਵਿਚ ਅੰਗਰਜ਼ਾ ਰਾਹੀਂ ਕਿ ਪੱਛਮੀ ਪ੍ਰਭਾਵ ਪਹਿਲਾਂ ਆਇਆ, ਜਿਸ ਹੇਠ ਸ਼ੁਰੂ ਹੋਈਆਂ ਪ੍ਰਬੁੱਧਤਾਂ ਦੀਆਂ ਲਹਿਰਾਂ ਨੇ ਛਮੀਅਤਾਂ ਦੇ ਵਿਕਾਸ ਨੂੰ ਅੱਗੇ ਤੋਰਿਆ। ਪਰ ਪੰਜਾਬ ਵਿਚ ਇਹਨਾਂ ਹੀ ਅਖਾਉਤੀ ਪ੍ਰਬੁੱਧਤਾ ਦੀਆਂ ਲਹਿਰਾਂ ਸਿੰਘ ਸਭਾ, ਆਰੀਆ ਸਮਾਜ ਆਦਿ) ਨੇ ਸਾਂਝੀ ਕੌਮੀਅਤ ਦਾ ਅਹਿਸਾਸ ਜਿੰਨਾ ਕੁ ਸੀ . ਉਸ ਨੂੰ ਖ਼ਤਮ ਕੀਤਾ । ਕੌਮੀ ਆਜ਼ਾਦੀ ਦੀ ਲਹਿਰ ਕੌਮੀਅਤਾਂ ਦੇ ਅਹਿਸਾਸ ਨੂੰ (ਜਿੱਥੇ ਇਹ ਵਿਕਸਤ ਹੋ ਚੁੱਕਾ ਸੀ) ਸੱਟ ਲਾਏ ਤੋਂ ਬਿਨਾਂ ਸਾਰਿਆਂ ਨੂੰ ਇਕ ਕੌਮੀ ਮੁੱਖ ਧਾਰਾ ਵਿਚ ਇਕਮੁੱਠ ਕਰਦੀ ਸੀ, ਪਰ ਮਜ਼੍ਹਬੀ ਸੰਗਠਨ ਕੰਮ ਅਤੇ ਕੌਮੀਅਤ ਦੇ ਸੰਕਲਪ ਨੂੰ ਮਜਬ ਨਾਲ ਜੋੜ ਕੇ, ਇਸ ਕੌਮੀ ਭਾਵਨਾ ਨੂੰ ਮੁੜ ਮੁੜ ਕੇ ਤਾਰਪੀਡੰ ਕਰਦੇ ਅਤੇ ਸਾਮਰਾਜੀ ਹੱਥਾਂ ਵਿਚ ਖੇਡਦੇ ਸਨ ਤਾਂ ਵੀ, ਜਿੱਥੇ ਕੌਮੀਅਤ ਦੀ ਭਾਵਨਾ ਵਿਕਾਸ ਕਰ ਚੁੱਕੀ ਹੁੰਦੀ, ਉੱਥੇ ਇਹ ਬਹੁਤਾ ਨੁਕਸਾਨ ਨਹੀਂ ਸਨ ਪਚਾ ਸਕਦੇ, ਸਗੋਂ ਸਾਮਰਾਜੀਆ ਨੂੰ ਆਪਣੇ ਚੁੱਕੇ ਕਦਮ ਵਾਪਸ ਲੈਣ ਲਈ ਮਜਬੂਰ ਕਰ ਦੇਂਦੇ ਸਨ, ਜਿਵੇਂ ਕਿ ਬੰਗਾਲ ਵਿਚ । ਪਰ ਪੰਜਾਬ ਵਰਗੀ ਥਾਂ ਇਹ ਤਬਾਹੀ ਮਚਾ ਸਕਦੇ ਸਨ।

ਧਰਮਾ, ਕੌਮੀਅਤਾਂ ਅਤੇ ਸੱਭਿਆਚਾਰਾਂ ਦੀ ਅਨੇਕਤਾ ਵਾਲੇ ਕਿਸੇ ਵੀ ਆਜ਼ਾਦ ਦੇਸ਼ ਵਿਚ ਕੌਮੀ ਅਤੇ ਕੌਮੀਅਤਾਂ ਦੇ ਸਵਾਲ ਨੂੰ ਕੌਮੀ ਸਭਿਆਚਾਰ ਅਤੇ ਕੌਮੀਅਤਾਂ ਦੇ ਸੱਭਿਆਚਾਰਾਂ ਵਿਚਲੇ ਸੰਬੰਧਾਂ ਦੇ ਸਵਾਲ ਨੂੰ ਨਜਿੱਠਣ ਦੇ ਦੋ ਹੀ ਤਰੀਕੇ ਹੋ ਸਕਦੇ ਹਨ । ਇਕ ਲੋਕਤੰਤਰੀ ਤਰੀਕਾ, ਜਿਸ ਵਿਚ ਹਰ ਕੌਮੀਅਤ ਨੂੰ ਆਪਣੇ ਸੱਭਿਆਚਾਰ ਦਾ ਵਿਕਾਸ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ, ਅਤੇ ਇੰਜ ਕਰਦਿਆਂ ਦੂਜੀਆਂ ਕੌਮੀਅਤਾਂ ਨੂੰ ਵੀ ਅਤੇ ਕੌਮੀ ਸਭਿਆਚਾਰ ਨੂੰ ਵੀ ਇਸ ਦੀਆਂ ਅਤੇ ਚੰਗੀਆਂ ਪ੍ਰਾਪਤੀਆਂ ਨਾਲ ਅਮੀਰ ਬਣਾਇਆ ਜਾਂਦਾ ਹੈ, ਜਦ ਕਿ ਦੂਜੇ ਸਭਿਆਚਾਰਾਂ ਦੀਆਂ ਪ੍ਰਾਪਤੀਆਂ ਨਾਲ ਇਹ ਆਪਣਾ ਖਜਾਨਾ ਵੀ ਭਰਪੂਰ ਕਰਦੀ ਹੈ । ਧਰਮ-ਨਿਰਪੱਖਤਾ ਅਤੇ ਬਿਨਾਂ ਕਿਸੇ ਤੇਦ-ਭਾਵ ਦੇ ਨਿੱਕੀਆਂ ਵੱਡੀਆਂ ਸਭ ਕੌਮੀਅਤਾਂ ਵਿਚਕਾਰ ਭਰਪੂਰ ਸੰਪਰਕ ਅਤੇ ਸੱਭਿਆਚਾਰਕ ਲੈਣ-ਦੇਣ ਇਸ ਤਰੀਕੇ ਦੀਆਂ ਲਾਜ਼ਮੀ ਸ਼ਰਤਾਂ ਹਨ । ਇਸ ਤਰ੍ਹਾਂ ਹੋਂਦ ਵਿਚ ਆਇਆ ਕੌਮੀ ਸਭਿਆਚਾਰ ਸਮੁੱਚੀ ਕੌਮ ਦੀਆਂ ਲੋਕਤੰਤਰੀ ਭਾਵਨਾਵਾਂ ਅਤੇ ਪ੍ਰਾਪਤੀਆਂ ਦਾ ਪ੍ਰਤਿਬਿੰਬ ਹੁੰਦਾ ਹੈ ।

ਦੂਜਾ ਤਰੀਕਾ ਇਹ ਹੈ ਕਿ ਕੌਮੀ ਏਕਤਾ ਅਤੇ ਇਕ ਕੌਮੀ ਸਭਿਆਚਾਰ ਦੇ ਨਾਂ ਉੱਤੇ ਕੌਮੀਅਤਾਂ ਦੇ ਸੱਭਿਆਚਾਰਾਂ ਨੂੰ ਖ਼ਤਮ ਕੀਤਾ ਜਾਏ । ਇਹ ਤਰੀਕਾ ਵੀ ਲੋਕਤੰਤਰੀ ਦਿੱਖ ਦੇ ਸਕਦਾ ਹੈ : ਭਾਰੀ ਬਹੁ-ਗਿਣਤੀ ਦੇ ਸਭਿਆਚਾਰ ਨੂੰ ਸਭ

ਵਲੋਂ ਪ੍ਰਵਾਨ ਕੀਤਾ ਜਾਏ। ਪਰ ਇਸ ਤਰੀਕੇ ਵਿਚ ਲੋਕਤੰਤਰ ਸੜਕਾਂ ਪੱਧਰੀਆਂ ਕਰਨ ਵਾਲੇ ਇੰਜਨ ਦਾ ਕੰਮ ਦੇਂਦਾ ਹੈ, ਜਿਹੜਾ ਅੱਗੇ ਆਉਂਦੀ ਹਰ ਚੀਜ਼ ਨੂੰ ਦਰੜ ਕੇ ਪੱਧਰਾ ਦਿੰਦਾ ਹੈ।ਤਾਕਤ ਦੀ ਵਰਤੋਂ ਇਸ ਤਰੀਕੇ ਦਾ ਲਾਜ਼ਮੀ ਅੰਸ਼ ਹੈ।

ਕਿਸੇ ਥਾਂ ਉੱਤੇ ਕਿਹੜਾ ਤਰੀਕਾ ਅਪਣਾਇਆ ਜਾਏਗਾ, ਇਹ ਗੱਲ ਇਸ ਤੱਥ ਉੱਪਰ ਨਿਰਭਰ ਕਰਦੀ ਹੈ ਕਿ ਹਕੂਮਤ ਕਿਸ ਸ਼ਰੇਣੀ ਦੇ ਹੱਥਾਂ ਵਿਚ ਹੈ ਅਤੇ ਇਸ ਦਾ ਖਾਸਾ ਕੀ ਹੈ। ਨਵ-ਆਜ਼ਾਦ ਦੇਸਾਂ ਵਿਚ ਹਕੂਮਤਾਂ ਵਧੇਰੇ ਕਰਕੇ ਸਰਮਾਏਦਾਰ ਜਮਾਤ ਨੇ ਸੰਭਾਲੀਆਂ ਹਨ। ਇਹ ਹਕੂਮਤਾਂ ਵਚਨਬੱਧਤਾ ਪਹਿਲੇ ਢੰਗ ਵੱਲ ਦਰਸਾਉਂਦੀਆਂ ਹਨ, ਪਰ ਕਮਜ਼ੋਰੀ ਦੂਜੇ ਢੰਗ ਲਈ ਰੱਖਦੀਆਂ ਹਨ।

ਭਾਰਤ ਵਿਚ ਵੀ ਇਹ ਦੋਵੇਂ ਰੁਝਾਣ ਨਾਲ ਨਾਲ ਚੱਲਦੇ ਦੇਖੇ ਜਾ ਸਕਦੇ ਹਨ।ਜਿੱਥੇ ਜਿੱਥੇ ਆਪਣੇ ਆਪਣੇ ਸਭਿਆਚਾਰ ਪ੍ਰਤਿ ਚੇਤਨਾ ਅਤੇ ਇਸ ਚੇਤਨਾ ਦੇ ਆਧਾਰ ਉੱਤੇ ਏਕਤਾ ਮਿਲਦੀ ਹੈ, ਉੱਥੇ ਤਾਂ ਸਭਿਆਚਾਰਕ ਖਿੱਤੇ ਹੱਦ ਵਿਚ ਜਲਦੀ ਆ ਗਏ। ਪਰ ਜਿੱਥੇ ਇਹ ਚੇਤਨਾ ਧੁੰਦਲੀ ਸੀ ਅਤੇ ਸੱਭਿਆਚਾਰਕ ਪਛਾਣ ਵੱਲੋਂ ਮੂੰਹ ਮੋੜਨ ਵਾਲੇ ਰੁਝਣ ਮਿਲਦੇ ਸਨ, ਉੱਥੇ ਭਾਸ਼ਾ-ਸਭਿਆਚਾਰ ਦੇ ਆਧਾਰ ਉੱਤੇ ਖਿੱਤੇ ਕਾਇਮ ਕਰਨ ਨੂੰ ਪਿੱਛੇ ਪਾਇਆ ਗਿਆ। ਪਰ ਜਿੱਥੇ ਵੀ ਕਿਤੇ ਅਤੇ ਜਦੋਂ ਵੀ ਕਿਤੇ ਇਸ ਸਮੱਸਿਆ ਨੂੰ ਹੱਲ ਕੀਤਾ ਗਿਆ, ਤਾਂ ਇਸ ਤਰ੍ਹਾਂ ਕਿ ਰੜਕਾਂ ਕਾਇਮ ਰਹਿਣ, ਤਾਂ ਕਿ ਉਹਨਾਂ ਨੂੰ ਆਧਾਰ ਬਣਾ ਕੇ ਕਦੀ ਵੀ ਪੁੱਠਾ ਗੇੜਾ ਦਿੱਤਾ ਜਾ ਸਕੇ ਅਤੇ ਇਕ ਕੌਮ, ਇਕ ਭਾਸ਼ਾ, ਇਕ ਸਭਿਆਚਾਰ ਦੇ ਆਧਾਰ ਉੱਤੇ ਏਕੀਕਰਨ ਦਾ ਰਾਹ ਪੱਧਰਾ ਕੀਤਾ ਜਾ ਸਕੇ।

ਇਸ ਸਾਰੇ ਅਮਲ ਦੇ ਸਿੱਟਿਆਂ ਦੀ ਭੈੜੀ ਮਿਸਾਲ ਪੰਜਾਬ ਹੈ, ਜਿਸ ਵਿਚ ਬਸਤੀਵਾਦੀ ਦੌਰ ਵਿਚ ਪੈਦਾ ਹੋਏ ਰੁਝਾਣਾਂ ਨੂੰ ਸਰਕਾਰ ਸਮੇਤ ਵੱਖ ਵੱਖ ਤਾਕਤਾਂ ਵੱਲੋਂ ਕਾਇਮ ਰੱਖਿਆ ਗਿਆ, ਉਕਸਾਇਆ ਗਿਆ, ਅਤੇ ਵਧਾਇਆ ਗਿਆ। ਜਦੋਂ ਤੱਕ ਸਾਂਝੀ ਸਭਿਆਚਾਰਕ ਪਛਾਣ ਦੇ ਆਧਾਰ ਉੱਤੇ ਏਕਤਾ ਨਹੀਂ ਹੁੰਦੀ, ਉਦੋਂ ਤੱਕ ਪੰਜਾਬ ਦੀਆਂ ਭੂਗੋਲਿਕ ਹੱਦਾਂ ਤਾਂ ਕੀ, ਪੰਜਾਬ ਦੀ ਹੋਂਦ ਵੀ ਅਨਿਸ਼ਚਿਤ ਹੀ ਮੰਨੀ ਜਾਣੀ ਚਾਹੀਦੀ ਹੈ।

ਇਸ ਸਾਰੀ ਵਿਚਾਰ ਵਿੱਚੋਂ ਜਿਹੜੇ ਨੁਕਤੇ ਉਭਰਦੇ ਹਨ, ਉਹਨਾਂ ਨੂੰ ਇਸ ਪ੍ਰਕਾਰ ਮੁੜ ਪੇਸ਼ ਕੀਤਾ ਜਾ ਸਕਦਾ ਹੈ :

**1.** ਅੱਜ ਪੰਜਾਬੀ ਸਭਿਆਚਾਰ ਦਾ ਭੂਗੋਲਿਕ ਚੌਖਟਾ ਨਿਸ਼ਚਿਤ ਕਰਦਿਆਂ ਅਸੀਂ ਅੱਜ ਦੀਆਂ ਹਾਲਤਾਂ ਨੂੰ ਅੱਖੋਂ ਓਹਲੇ ਨਹੀਂ ਕਰ ਸਕਦੇ ਅਤੇ ਇਹ ਹਾਲਤਾਂ ਇਸ

ਨਿਰਣੇ ਦੀ ਆਧਾਰ-ਦਲੀਲ ਬਣਦੀਆਂ ਹਨ ਕਿ ਅੱਜ ਦੇ ਭਾਰਤੀ ਪੰਜਾਬੀ ਨੂੰ ਹੀ ਪੰਜਾਬੀਸਭਿਆਚਾਰ ਦਾ ਭੂਗੋਲਿਕ ਚੌਖਟਾ ਮੰਨਿਆ ਜਾਏ।

**2.** ਇਸ ਤੋਂ ਪਹਿਲਾਂ ਦੀਆਂ ਭੂਗੋਲਿਕ ਤਬਦੀਲੀਆਂ ਅਤੇ ਬਾਕੀ ਸਮਾਜਕ-ਰਾਜਸੀ ਵਰਤਾਰੇ ਪੰਜਾਬੀ ਸਭਿਆਚਾਰ ਦੇ ਇਥੋਂ ਤੱਕ ਪੁੱਜਣ ਦੇ ਇਤਿਹਾਸ ਦਾ ਅੰਗ ਹਨ।

**3**. ਇਹ ਇਤਿਹਾਸ ਆਦਿ ਕਾਲ ਤੋਂ ਸ਼ੁਰੂ ਨਹੀਂ ਹੁੰਦਾ, ਸਗੋਂ ਉਦੋਂ ਤੋਂ ਸ਼ੁਰੂ ਹੁੰਦਾ ਹੈ, ਜਦੋਂ ਤੋਂ ਅੱਜ ਦੇ ਪੰਜਾਬੀ ਸਭਿਆਚਾਰ ਨੇ ਰੂਪ ਧਾਰਨਾ ਸ਼ੁਰੂ ਕੀਤਾ। ਅਤੇ ਇਹ ਸਮਾਂ ਨੌਵੀਂ ਤੋਂ ਬਾਰ੍ਹਵੀਂ ਸਦੀ ਦਾ ਸਮਾਂ ਹੈ, ਜਦੋਂ ਕਿ ਨਾ ਸਿਰਫ਼

ੳ.ਪੰਜਾਬੀ ਭਾਸ਼ਾ ਨੇ ਰੂਪ ਧਾਰਨਾ ਸ਼ੁਰੂ ਕੀਤਾ,

ਅ. ਪੰਜਾਬੀ ਸਾਹਿਤ ਨੇ ਰੂਪ ਧਾਰਨਾ ਸ਼ੁਰੂ ਕੀਤਾ,ਸਗੋਂ

ੲ.ਇਥੋਂ ਦੇ ਰਾਜਨੀਤਕ, ਸਮਾਜਕ ਅਤੇ ਬੋਧਕ ਖੇਤਰ ਵਿਚ ਐਸੇ ਡੂੰਘੇ ਜਾਂਦੇ ਪਰਿਵਰਤਨ ਸ਼ੁਰੂ ਹੋਏ ਜਿਨ੍ਹਾਂ ਨੇ ਪੁਰਾਤਨ ਸਭਿਆਚਾਰ ਨਾਲੋਂ ਨਿਖੇੜ ਕਰਦਿਆਂ, ਆਧੁਨਿਕ ਕੌਮੀਅਤਾਂ ਦੇ ਵਿਲੱਖਣ ਸਭਿਆਚਾਰਾਂ ਨੂੰ ਸਿਰ ਜਣ ਵਿਚ ਹਿੱਸਾ ਪਾਇਆ।

**4.** ਪੰਜਾਬੀ ਸਭਿਆਚਾਰਕ ਚੇਤਨਾ ਦੀ ਮੌਜੂਦਾ ਸਥਿਤੀ ਬਾਰੇ ਜਾਨਣ ਲਈ ਜ਼ਰੂਰੀ

ੳ. ਕੌਮੀ ਅਤੇ ਕੌਮੀਅਤੀ ਸਭਿਆਚਾਰਾਂ ਦੀ ਸੰਬਾਦਕਤਾ ਨੂੰ ਸਮਝਿਆ ਜਾਏ ; ਹੈ ਕਿ

ਅ. ਇਹ ਵੀ ਸਮਝਿਆ ਜਾਏ ਕਿ ਇਤਿਹਾਸਕ ਵਿਕਾਸ ਦੇ ਦੌਰਾਨ ਕਿਹੜੀਆਂ ਕਿਹੜੀਆਂ ਘਟਨਾਵਾਂ, ਲਹਿਰਾਂ ਅਤੇ ਵਿਚਾਰਧਾਰਾਵਾਂ ਨੇ ਕਿਸ ਕਿਸ ਤਰ੍ਹਾਂ ਦਾ ਰੋਲ ਅਦਾ ਕੀਤਾ;

ੲ. ਅੱਜ ਦੀ ਸਥਿਤੀ ਪਿੱਛੇ ਕਿਹੜੀਆਂ ਕਿਹੜੀਆਂ ਤਾਕਤਾਂ ਅਤੇ ਰੁਚੀਆਂ ਕਿਰਿਆਸ਼ੀਲ ਹਨ;

ਸ. ਇਹ ਸਾਰਾ ਕੁਝ ਸਮਝਦਿਆਂ, ਇਸ ਤੋਂ ਭਵਿੱਖ ਬਾਰੇ ਜੋ ਸੰਕੇਤ ਮਿਲਦੇ ਹਨ ਹਨ, ਉਹਨਾਂ ਨਾਲ ਨਜਿੱਠਣ ਦੀ ਕੋਸ਼ਿਸ਼ ਕੀਤੀ ਜਾਏ ।

# ਸਭਿਆਚਾਰ ਅਤੇ ਸਭਿਅਤਾ

## ਸਭਿਆਚਾਰ

ਪੰਜਾਬੀ ਸ਼ਬਦ 'ਸਭਿਆਚਾਰ` ਅੰਗਰੇਜ਼ੀ ਦੇ ਸ਼ਬਦ ਕਲਚਰ ਦਾ ਸਮਾਨਰਥੀ ਹੈ। ਇਹ ਸ਼ਬਦ ਅੰਗਰੇਜ਼ੀ ਵਿੱਚ ਪਹਿਲਾ ਕਲਟਸ ਦੇ ਰੂਪ ਵਿੱਚ ਖੇਤੀਬਾੜੀ ਕਰਨ ਤੇ ਪਸ਼ੂ ਪਾਲਣ ਦੇ ਅਰਥਾਂ ਵਿੱਚ ਪ੍ਰਯੋਗ ਹੁੰਦਾ ਸੀ। ਸਤਾਰਵੀਂ ਸਦੀ ਦੇ ਸ਼ੁਰੂ ਹੋਣ ਤੱਕ ਇਹ ਸ਼ਬਦ ਅਰਥ-ਵਿਸਥਾਰ ਦੀਆਂ ਅਨੇਕਾਂ ਪ੍ਰਕ੍ਰਿਅਵਾਂ ਵਿਚੋਂ ਲੰਘ ਚੁਕਿਆ ਸੀ। ਇਸ ਸ਼ਬਦ ਨੂੰ ਇੱਕ ਅਨੁਸ਼ਾਸ਼ਨ ਵਜੋਂ ਸਥਾਪਿਤ ਕਰਨ ਦਾ ਸਿਹਰਾ ਅੰਗਰੇਜ਼ ਮਾਨਵ ਵਿਗਿਆਨੀ ਐਡਵਰਡ ਬੀ. ਟਾਇਲਰ ਦੇ ਸਿਰ ਸੱਜਦਾ ਹੈ। 'ਸਭਿਆਚਾਰ` ਸ਼ਬਦ ਦਾ ਜਦੋਂ ਅਸੀਂ ਸੰਧੀ-ਛੇਦ ਕਰਦੇ ਹਾਂ ਤਾਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਸਭਿਆਚਾਰ ਮੁੱਖ ਰੂਪ ਵਿੱਚ ਦੋ ਸ਼ਬਦਾਂ ਤੋਂ ਮਿਲ ਕੇ ਬਣਿਆ ਹੈ ਅਤੇ ਇਸ ਦੇ ਅੱਗੇ ਵੀ ਹਿੱਸੇ ਹੋ ਸਕਦੇ ਹਨ ਜਿਵੇਂ:- ਸਭਿਆਚਾਰ = ਸੱਭਿਆ + ਆਚਾਰ (Civilized + behaviour)

ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਵਿਹਾਰ ਅਤੇ ਵਿਵਹਾਰ ਦੇ ਪਿੱਛੇ ਕਦਰਾਂ-ਕੀਮਤਾਂ ਦਾ ਇੱਕ ਵਿਧਾਨ ਕੰਮ ਕਰਦਾ ਹੈ। ਵਿਸ਼ੇਸ਼ ਕਦਰਾਂ-ਕੀਮਤਾਂ ਦੇ ਸਮੂਹ ਤੋਂ ਜੋ ਪ੍ਰੇਰਿਤ ਹੁੰਦਾ ਹੈ ਉਹ ਸਭਿਆਚਾਰ ਹੈ। ਮਨੁੱਖੀ ਜੀਵਨ ਦਾ ਨਿਖਾਰ, ਇਸ ਦਾ ਬੌਧਿਕ ਹੋਣਾ, ਆਪਣੇ ਆਦਰਸ਼ ਵੱਲ ਵਧਣਾ ਹੀ ਸਭਿਆਚਾਰ ਹੁੰਦਾ ਹੈ। ਮਾਨਵ ਸ਼ਾਸਤਰੀਆਂ ਨੇ ਸਭਿਆਚਾਰ ਨੂੰ ਮਨੁੱਖ ਦੁਆਰਾ ਬਣਾਇਆ ਗਿਆ ਸੰਪੂਰਨ ਵਾਤਾਵਰਨ ਕਿਹਾ ਹੈ, ਆਪਣੀਆਂ ਸਾਰੀਆਂ ਲੋੜ੍ਹਾਂ ਪੂਰੀਆਂ ਕਰਦਾ ਹੈ, ਗੁਣਾਂ, ਆਦਤਾਂ, ਪ੍ਰਥਾਵਾਂ, ਅਤੇ ਪਰੰਪਰਾਵਾਂ ਨੂੰ ਸਿੱਖਦਾ ਹੈ। ਕ੍ਰਿਸ ਬਾਰਕਰ ਨੇ ਆਪਣੀ ਪੁਸਤਕ ਸਭਿਆਚਾਰ ਦਾ ਅਧਿਐਨ: ਸਿਧਾਂਤ ਤੇ ਵਿਹਾਰ (Culture Studied: Theory & Practice) ਵਿੱਚ ਸਭਿਆਚਾਰ ਹੋਂਦ ਦੀਆਂ ਸਮਾਨਤਾਵਾਂ ਅਤੇ ਭਿੰਨਤਾਵਾਂ ਉੱਪਰ ਜ਼ੋਰ ਦਿੰਦਾ ਹੈ। ਸਭਿਆਚਾਰ ਦੀਆਂ ਦੋ ਕਿਸਮਾਂ ਆਤਮਗਤ ਅਤੇ ਵਸਤੂਗਤ ਹੁੰਦੀਆਂ ਹਨ।[1]

ਸਭਿਆਚਾਰ ਨੂੰ ਪਰਿਭਾਸ਼ਿਤ ਕਰਨ ਦਾ ਯਤਨ ਕਈ ਵਿਦਵਾਨਾ ਨੇ ਕੀਤਾ ਹੈ ਜਿਹਨਾਂ ਵਿੱਚੋਂ ਅਸੀਂ ਕੁਝ ਪਰਿਭਾਸ਼ਾਵਾਂ ਦਾ ਜ਼ਿਕਰ ਹੇਠ ਕਰ ਰਹੇ ਹਾਂ:- ਟਾਈਲਰ ਅਨੁਸਾਰ "ਸਭਿਆਚਾਰ ਉਹ ਜਟਿਲ ਸਮੂਹ ਹੈ ਜਿਸ ਵਿੱਚ ਗਿਆਨ, ਵਿਸਵਾਸ਼, ਕਲਾ, ਨੈਤਿਕਤਾ, ਕਾਨੂੰਨ, ਰੀਤੀ-ਰਿਵਾਜ ਅਤੇ ਹੋਰ ਸਭ ਸਮਰੱਥਾਵਾਂ ਅਤੇ ਆਦਤਾਂ ਆ ਜਾਂਦੀਆਂ ਹਨ, ਜਿਹੜੀਆਂ ਮਨੁੱਖ ਸਮਾਜ ਦਾ ਮੈਂਬਰ ਹੋਣ ਦੇ ਨਾਤੇ ਗ੍ਰਹਿਣ ਕਰਦਾ ਹੈ"1 ਅਮਰੀਕੀ ਮਾਨਵ ਵਿਗਿਆਨੀ ਹਿਰਸਕੋਵਿਤਸ ਨੇ ਸਭਿਆਚਾਰ ਦੀਆਂ ਦੋ ਸੰਖੇਪ ਪਰਿਭਾਸ਼ਾਵਾਂ ਦਿੱਤੀਆਂ ਹਨ 1. ਸਭਿਆਚਾਰ ਵਾਤਾਵਰਨ ਦਾ ਮਨੁੱਖ ਸਿਰਜਿਆ ਭਾਗ ਹੈ। 2. ਸਭਿਆਚਾਰ ਮਨੁੱਖੀ ਵਿਹਾਰ ਦੇ ਸਿੱਖੇ ਹੋਏ ਭਾਗ ਨੂੰ ਕਹਿੰਦੇ ਹਨ।[2] ਐਨਸਾਈਕਲੋਪੀਡੀਆ ਅਮੈਰਿਕਨਾ ਅਨੁਸਾਰ " ਸਭਿਆਚਾਰ ਕਿਸੇ ਸਮਾਜ ਦਾ ਵਿਹਾਰਕ ਵਸਤੂ ਹੁੰਦਾ ਹੈ"।2

## ਸਭਿਆਚਾਰ ਦੇ ਮੂਲ ਰੂਪ ਵਿੱਚ ਤਿੰਨ ਅੰਗ ਹਨ

- ਪਦਾਰਥਕ ਸਭਿਆਚਾਰ
- ਪ੍ਰਤਿਮਾਨਿਕ ਸਭਿਆਚਾਰ
- ਬੋਧਾਤਮਕ ਸਭਿਆਚਾਰ

ਇਹਨਾਂ ਅੰਗਾਂ ਵਿਚੋਂ ਅੱਗੇ ਹੋਰ ਵੀ ਅੰਗ ਹੋ ਸਕਦੇ ਹਨ ਜਿਹਨਾਂ ਦੇ ਸਮੂਹਿਕ ਰੂਪ ਵਿੱਚ ਕੰਮ ਕਰਨ ਦੇ ਨਾਲ ਹੀ ਸਭਿਆਚਾਰ ਦਾ ਪਸਾਰ ਤੇ ਵਿਸਥਾਰ ਹੁੰਦਾ ਹੈ।

## ਸਭਿਅਤਾ

ਸਭਿਅਤਾ ਸ਼ਬਦ ਅੰਗਰੇਜ਼ੀ ਭਾਸ਼ਾ ਦੇ ਸ਼ਬਦ 'ਸਿਵਿਲਾਈਜ਼ੇਸ਼ਨ` (Civilization) ਦਾ ਸਮਾਨਰਥੀ ਹੈ। ਜਿਹੜਾ ਕਿ ਮੂਲ ਰੂਪ ਵਿੱਚ ਲਾਤੀਨੀ ਭਾਸ਼ਾ ਦੇ ਸ਼ਬਦ ਤੋ ਬਣਿਆ ਹੈ। ਇਹ ਸ਼ਬਦ *ਸਿਵਲਿਸ* ਤੋਂ ਬਣਿਆ ਹੈ, ਜਿਸਦੇ ਅਰਥ ਨਾਗਰਿਕ ਬਣਨ ਜਾਂ ਸਮਾਜ ਦੇ ਮੈਂਬਰ ਹੋਣ ਦੇ ਹਨ। *ਸਿਵਿਲਾਈਜ਼ੇਸ਼ਨ* ਤੋਂ ਭਾਵ ਸਮਾਜਕ ਵਿਕਾਸ ਦਾ ਉਹ ਪੜਾਅ ਹੈ ਜਦੋਂ ਸਮਾਜ ਦਾ ਸੰਗਠਨ ਨਾਤੇਦਾਰੀ ਜਾਂ ਕਬੀਲੇ ਦੇ ਆਧਾਰ ਉੱਤੇ ਨਹੀਂ, ਸਗੋਂ *ਸਿਵਿਲ* ਆਧਾਰ ਉੱਤੇ ਕੀਤਾ ਜਾਣ ਲੱਗਾ, ਜਿਵੇਂ ਕਿ ਅੱਜ ਸ਼ਹਿਰਾਂ ਵਿੱਚ ਹੈ। ਸਮਾਜ ਵਿਗਿਆਨੀਆਂ ਦਾ ਇਹ ਕਹਿਣਾ ਹੈ ਕਿ ਸਿਵਿਲੀਕਰਨ ਦਾ ਇਹ ਪੜਾਅ ਪਦਾਰਥਕ ਸਭਿਆਚਾਰ ਵਿਚਲੀਆਂ ਕੁਝ ਐਸੀਆਂ ਕਾਢਾਂ ਨਾਲ ਜੁੜਿਆ ਹੋਇਆ ਹੈ, ਜਿਹਨਾਂ ਨੇ ਮਨੁੱਖੀ ਵਿਕਾਸ ਵਿੱਚ ਇਤਿਹਾਸਕ ਮੋੜ ਲੈ ਆਂਦਾ, ਖ਼ਾਸ ਕਰ ਕੇ ਧਾਤਾਂ ਦੀ ਕਾਢ, ਪਹੀਏ ਦੀ ਵਰਤੋਂ ਅਤੇ ਲਿਪੀ ਦੀ ਸਿਰਜਣਾ। ਅਸੀਂ ਸਭਿਆਚਾਰ ਦੇ ਤਿੰਨ ਅੰਗਾਂ ਵਿਚੋਂ ਪਦਾਰਥਕ ਸਭਿਆਚਾਰ ਨੂੰ ਸੱਭਿਅਤਾ ਕਹਿ ਸਕਦੇ ਹਾਂ, ਪਰ ਬਸਤੀਵਾਦੀ ਰੂਚੀਆਂ ਦੇ ਧਾਰਵੀ ਇਸ ਨੂੰ ਸਭਿਆਚਾਰ ਦੇ ਸੰਕਲਪ ਵਜੋਂ ਵਰਤਦੇ ਹਨ। ਸੁਸਾਇਟੀ, ਐਨ ਇੰਟਰੋਡਕਟਰੀ ਅਨੈਲਿਸਿਜ਼` ਵਿੱਚ ਸਭਿਅਤਾ ਦੀ ਪਰਿਭਾਸ਼ਾ ਇਹ ਦਿੱਤੀ ਹੈ: *ਸਭਿਅਤਾ ਤੋਂ ਸਾਡਾ ਮਤਲਬ ਉਸ ਸਾਰੇ ਮੈਕਾਨਿਜ਼ਮ ਅਤੇ ਸੰਗਠਨ ਤੋਂ ਹੈ, ਜਿਹੜਾ ਮਨੁੱਖ ਨੇ ਆਪਣੇ ਜੀਵਨ ਦੀਆਂ ਹਾਲਤਾਂ ਉੱਤੇ ਨਿਯੰਤਰ ਰੱਖਣ ਦੇ ਮੰਤਵ ਨਾਲ ਘੜਿਆ ਹੈ।*

## ਸਭਿਅਤਾ ਅਤੇ ਸਭਿਆਚਾਰਸਪਰ ਸਾਂਝਪਰ :

ਸਭਿਅਤਾ ਅਤੇ ਸਭਿਆਚਾਰ ਦੋਵਾਂ ਦਾ ਡੂੰਘਾ ਸੰਬੰਧ ਮਨੁੱਖ ਦੀ ਸਮਾਜਿਕ ਹੋਂਦ ਨਾਲ ਹੈ। ਦੋਵੇਂ ਮਨੁੱਖੀ ਸਿਰਜਨਾਂ ਦੇ ਵਰਤਾਰੇ ਹਨ। ਸਮਾਜ ਸ਼ਾਸ਼ਤਰੀ ਮੈਕਾਈਵਰ ਅਨੁਸਾਰ ਉਪਯੋਗਤਾ ਸਭਿਅਤਾ ਦਾ ਮੁੱਖ ਲੱਛਣ ਹੈ। ਟਾਇਪ ਰਾਈਟਰ ਦੀ ਮਸ਼ੀਨ ਜਾਂ ਪੈਨ ਸਭਿਅਤਾ ਦੇ ਖੇਤਰ ਦੀ ਚੀਜ਼ ਹਨ ਜਦੋਂ ਕਿ ਇਹਨਾਂ ਤੋਂ ਤਿਆਰ ਹੋਇਆ ਆਦੇਸ਼ ਲੇਖ ਜਾਂ ਕੋਈ ਹੋਰ ਰਚਨਾ ਸਭਿਆਚਾਰ ਦੇ ਖੇਤਰ ਦੀ ਚੀਜ਼ ਹੋਵੇਗੀ। ਸਿਧੇ ਤੌਰ `ਤੇ ਪ੍ਰਯੋਗ ਹੋਣ ਵਾਲੀਆਂ ਵਸਤਾਂ ਸਭਿਅਤਾ ਦੇ ਅੰਤਰਗਤ

ਅਤੇ ਉਨ੍ਹਾਂ ਤੋਂ ਪ੍ਰਾਪਤ ਹੋਣ ਵਾਲੇ ਸਿਟੇ ਸਭਿਆਚਾਰ ਦੇ ਖੇਤਰ ਦੀ ਚੀਜ਼ ਹਨ। ਸਭਿਅਤਾ ਦੇ ਖੇਤਰ ਦੀ ਅਧੂਰੀ ਚੀਜ਼ ਜਾਂ ਵਰਤਾਰੇ ਨੂੰ ਕੋਈ ਦੂਸਰਾ ਪੂਰਾ ਕਰ ਸਕਦਾ ਹੈ ਜਿਵੇਂ ਕਿ ਤਰਖਾਣ ਦੀ ਅਧੂਰੀ ਕੁਰਸੀ ਨੂੰ ਕੋਈ ਦੂਸਰਾ ਪੂਰਾ ਕਰ ਸਕਦਾ ਹੈ, ਪਰ ਕਿਸੇ ਅਧੂਰੇ ਨਾਵਲ, ਕਹਾਣੀ ਜਾਂ ਰਚਨਾ ਨੂੰ ਕੋਈ ਹੋਰ ਪੂਰਾ ਨਹੀਂ ਕਰ ਸਕਦਾ। ਸਭਿਅਤਾ ਅਤੇ ਸਭਿਆਚਾਰ ਦਾ ਦਵੰਦਾਤਮਕ ਰਿਸ਼ਤਾ ਹੈ। ਇਹ ਪਰਸਪਰ ਅੰਤਰ-ਸੰਬੰਧਿਤ, ਅੰਤਰ-ਆਧਾਰਿਤ ਅਤੇ ਅੰਤਰ-ਪ੍ਰਭਾਵਿਤ ਪਰ ਨਿਵੇਕਲੇ ਵਰਤਾਰੇ ਹਨ। 1,2,3[3] ਸਭਿਅਤਾ ਉਹ ਸੰਪੂਰਨ ਵਾਤਾਵਰਨ ਹੁੰਦਾ ਹੈ; ਜਿਸ ਵਿੱਚ ਵਿਅਕਤੀ ਆਪਣੇ ਬਹੁ-ਪੱਖੀ ਵਿਅਕਤੀਤਵ ਦਾ ਵਿਕਾਸ ਕਰਦਾ ਹੈ। ਸਭਿਆਚਾਰ ਤੇ ਸਭਿਅਤਾ ਦੋਹਾਂ ਨੂੰ ਸਮਾਜਿਕ ਵਰਤਾਰੇ ਦੇ ਵੱਖ-ਵੱਖ ਪੱਧਰ ਸਮਝਿਆ ਹੈ।[4] ਸਭਿਆਚਾਰ ਦਾ ਵਿਗਿਆਨਕ ਅਧਿਐਨ ਕਰਨ ਵਾਲਾ ਪ੍ਰਥਮ ਮਾਨਵ ਵਿਗਿਆਨੀ ਟਾਇਲਰ ਸਭਿਆਚਾਰ ਅਤੇ ਸਭਿਅਤਾ ਨੂੰ ਪਰਿਆਇਵਾਚੀ ਸ਼ਬਦ ਮੰਨਦਾ ਹੈ। ਸਮਾਜ ਵਿਗਿਆਨੀ ਮੈਕਾਈਵਰ ਅਤੇ ਪੇਜ ਨੇ ਆਪਣੀ ਪੁਸਤਕ *ਸੁਸਾਇਟੀ ਐਨ ਇੰਟਰੋਡਕਟਰੀ ਅਨੈਲਿਸਿਜ਼* ਵਿੱਚ ਸਭਿਅਤਾ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਹੈ: *ਸਭਿਅਤਾ ਤੋਂ ਸਾਡਾ ਮਤਲਬ ਉਸ ਸਾਰੇ ਮੈਕਾਨਿਜ਼ਮ ਅਤੇ ਸੰਗਠਨ ਤੋਂ ਹੈ, ਜਿਹੜਾ ਮਨੁੱਖ ਨੇ ਆਪਣੇ ਜੀਵਨ ਦੀਆਂ ਹਾਲਤਾਂ ਉੱਤੇ ਨਿਯੰਤਰਨ ਰੱਖਣ ਦੇ ਮੰਤਵ ਨਾਲ ਘੜਿਆ ਹੈ।*[5] ਗੁਰਬਖ਼ਸ਼ ਸਿੰਘ ਫ਼ਰੈਂਕ ਦੇ ਵਿਚਾਰ ਅਨੁਸਾਰ ਸਮਾਜ ਵਿਗਿਆਨ ਵਿੱਚ ਸਭਿਆਚਾਰ ਅਤੇ ਸਭਿਅਤਾ ਦੋਹਾਂ ਨੂੰ ਹੀ ਇਕੋ ਸਮਾਜਕ ਵਰਤਾਰੇ ਦੇ ਵੱਖ-ਵੱਖ ਪੜਾਅ ਸਮਝਿਆ ਜਾਂਦਾ ਹੈ। ਇਸ ਵਿੱਚ ਸਭਿਅਤਾ ਸਭਿਆਚਾਰ ਦਾ ਮਗਰਲਾ ਪੜਾਅ ਹੈ।[6] ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਸਭਿਆਚਾਰ ਅਤੇ ਸਭਿਅਤਾ ਨੂੰ ਕਈ ਵਿਦਵਾਨਾਂ ਨੇ ਸਮਾਨਾਰਥਕ ਸ਼ਬਦਾਂ ਵਜੋਂ ਵਰਤਿਆ ਹੈ, ਤਾਂ ਵੀ ਇਹ ਮੰਨਣਾ ਕਠਿਨ ਹੈ ਕਿ ਇਹ ਦੋਵੇਂ ਸ਼ਬਦ ਇਕੋ ਤਰ੍ਹਾਂ ਦੇ ਵਰਤਾਰੇ ਨੂੰ ਹੀ ਪੇਸ਼ ਕਰਦੇ ਹਨ। ਸਭਿਅਤਾ ਵਿੱਚ *ਉਪਯੋਗਤਾ ਅਤੇ ਮੈਕਾਨਿਜ਼ਮ* ਬੁਨਿਆਦੀ ਪ੍ਰਵਰਗ ਬਣ ਜਾਂਦੇ ਹਨ, ਜਦ ਕਿ *ਕਦਰਾਂ-ਕੀਮਤਾਂ ਸਮਰੱਥਾਵਾਂ ਅਤੇ ਵਿਹਾਰ ਦੇ ਪੈਟਰਨ* ਆਦਿ ਸਭਿਆਚਾਰ ਦੇ ਬੁਨਿਆਦੀ ਪ੍ਰਵਰਗ ਬਣ ਜਾਂਦੇ ਹਨ।[7] ਸਭਿਅਤਾ ਅਤੇ ਸਭਿਆਚਾਰ ਦੇ ਸੰਬੰਧ ਵਿੱਚ ਵਿਚਾਰ ਕਰਦੇ ਸਮੇਂ ਇਸ ਗੱਲ ਤੋਂ ਸੁਚੇਤ ਰਹਿਣਾ ਚਾਹੀਦਾ ਹੈ ਕਿ ਸਭਿਅਤਾ ਅਤੇ ਸਭਿਆਚਾਰ ਸ਼ਬਦ ਕਿਸੇ ਸਥੂਲ ਵਸਤੂ ਦਾ ਨਾਮ ਨਹੀਂ ਅਤੇ ਨਾ ਹੀ ਇਹ ਕੋਈ ਵਰਨਾਤਮਿਕ ਧਾਰਨਾ ਹੈ। ਸਭਿਅਤਾ ਅਤੇ ਸਭਿਆਚਾਰ ਅਜਿਹੇ ਪਰਿਭਾਸ਼ਕ ਸ਼ਬਦ ਹਨ ਜਿਨ੍ਹਾਂ ਦੀ ਵਿਆਖਿਆ ਕਰਕੇ ਉਚਿੱਤ ਅਰਥਾਂ ਵਿੱਚ ਪ੍ਰਯੋਗ ਕਰਨ ਦੀ ਲੋੜ ਹੈ।[8]

ਹਵਾਲੇ

---


1. ਗੁਰਜੀਤ ਸਿੰਘ ., ਸਭਿਆਚਾਰ ਦਾ ਫਲਸਫ਼ਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 26
2. ਗੁਰਬਖ਼ਸ਼ ਸਿੰਘ ਫ਼ਰੈਂਕ, ਸਭਿਆਚਾਰ ਤੇ ਪੰਜਾਬੀ ਸਭਿਆਚਾਰ, ਪੰਜਾਬੀ ਰਾਈਟਰਜ਼, ਕੋਆਪਰੇਟਿਵ ਸੋਸਾਇਟੀ, ਲੁਧਿਆਣਾ, ਪੰਨਾ 17,18

3. ਗੁਰਬਖ਼ਸ਼ ਸਿੰਘ ਫਰੈਂਕ., ਸਭਿਆਚਾਰ ਅਤੇ ਪੰਜਾਬੀ ਸਭਿਆਚਾਰ, ਪੰਨਾ -18,19 ਤੇ 69
4. ਗੁਰਜੀਤ ਸਿੰਘ, ਸਭਿਆਚਾਰ ਦਾ ਫਲਸਫ਼ਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 26
5. ਪ੍ਰੋ ਜੀਤ ਸਿੰਘ ਜੋਸ਼ੀ, ਸਭਿਆਚਾਰ ਸਿਧਾਂਤ ਤੇ ਵਿਹਾਰ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, ਪੰਨਾ 30-31
6. ਪ੍ਰੋ ਸ਼ੈਰੀ ਸਿੰਘ, ਪੰਜਾਬੀ ਸਭਿਆਚਾਰ ਵਿਭਿੰਨ ਪਰਿਪੇਖ, ਰੂਹੀ, ਅੰਮ੍ਰਿਤਸਰ, ਪੰਨਾ 39
7. ਗੁਰਬਖ਼ਸ਼ ਸਿੰਘ ਫ਼ਰੈਂਕ, ਸਭਿਆਚਾਰ ਤੇ ਪੰਜਾਬੀ ਸਭਿਆਚਾਰ, ਪੰਜਾਬੀ ਰਾਈਟਰਜ਼, ਕੋਆਪਰੇਟਿਵ ਸੋਸਾਇਟੀ, ਲੁਧਿਆਣਾ, ਪੰਨਾ 70
8. ਪ੍ਰੋ ਜੀਤ ਸਿੰਘ ਜੋਸ਼ੀ, ਪੰਜਾਬੀ ਸਭਿਆਚਾਰ ਬਾਰੇ, ਪੰਜਾਬੀ ਰਾਈਟਰਜ਼, ਕੋਆਪਰੇਟਿਵ ਸੋਸਾਇਟੀ, ਲੁਧਿਆਣਾ, ਪੰਨਾ 122

## ਸਭਿਆਚਾਰ ਅਤੇ ਇਤਿਹਾਸ

ਸਭਿਆਚਾਰਕ ਇਤਿਹਾਸ ਇਤਿਹਾਸਕ ਤਜ਼ਰਬੇ ਦੀਆਂ ਪ੍ਰਸਿੱਧ ਸੱਭਿਆਚਾਰਕ ਪਰੰਪਰਾਵਾਂ ਅਤੇ ਸਭਿਆਚਾਰਕ ਵਿਆਖਿਆਵਾਂ ਤੇ ਨਜਰ ਮਾਰਨ ਲਈ ਮਾਨਵ ਵਿਗਿਆਨ ਅਤੇ ਇਤਿਹਾਸ ਦੀਆਂ ਪਹੁੰਚਾਂ ਨੂੰ ਜੋੜਦਾ ਹੈ। ਇਹ ਇੱਕ ਸਭਿਆਚਾਰ ਨਾਲ ਸੰਬੰਧਤ ਘਟਨਾਵਾਂ (ਲਗਾਤਾਰ ਵਾਪਰਨ ਵਾਲੀਆਂ ਅਤੇ ਪਿਛਲੇ ਸਮੇਂ ਤੋਂ ਮੌਜੂਦ ਅਤੇ ਇੱਥੋਂ ਤੱਕ ਕਿ ਭਵਿੱਖ ਤੱਕ ਵੀ ਜਾਂਦਾ ਹੈ) ਦੀ ਨਿਰੰਤਰਤਾ ਨੂੰ ਸ਼ਾਮਲ ਕਰਦਿਆਂ, ਬੀਤੇ ਮਾਮਲੀਆਂ ਦੇ ਰਿਕਾਰਡਾਂ ਅਤੇ ਬਿਰਤਾਂਤਾਂ ਦੀ ਘੋਖ ਕਰਦਾ ਹੈ।

ਸਭਿਆਚਾਰਕ ਇਤਿਹਾਸ ਪਿਛਲੇ ਸਮੇਂ ਦੀਆਂ ਉਨ੍ਹਾਂ ਘਟਨਾਵਾਂ ਨੂੰ ਰਿਕਾਰਡ ਕਰਦਾ ਅਤੇ ਵਿਆਖਿਆ ਕਰਦਾ ਹੈ ਜਿਨ੍ਹਾਂ ਵਿੱਚ ਕਿਸੇ ਸਮੂਹ ਦੀਆਂ ਮਨਪਸੰਦ ਕਲਾਵਾਂ ਅਤੇ ਵਿਵਹਾਰਾਂ ਦੀਆਂ ਜਾਂ ਉਨ੍ਹਾਂ ਦੇ ਨਾਲ ਸੰਬੰਧਿਤ ਸਮਾਜਿਕ, ਸੱਭਿਆਚਾਰਕ ਅਤੇ ਰਾਜਨੀਤਿਕ ਮਾਹੌਲ ਰਾਹੀਂ ਮਨੁੱਖ ਸ਼ਾਮਲ ਹੁੰਦੇ ਹਨ। ਯਾਕੂਬ ਬਰਕਹਾਰਟ (1818–1897) ਨੇ ਸਭਿਆਚਾਰਕ ਇਤਿਹਾਸ ਨੂੰ ਅਨੁਸ਼ਾਸਨ ਵਜੋਂ ਲੱਭਣ ਵਿੱਚ ਸਹਾਇਤਾ ਕੀਤੀ। ਸੱਭਿਆਚਾਰਕ ਇਤਿਹਾਸ ਵਿਚਾਰ ਅਧੀਨ ਲੋਕਾਂ ਦੇ ਸਮੂਹ ਦੁਆਰਾ ਬਣਾਏ ਗਏ ਜੀਵਣ ਦੇ ਵੱਖੋ ਵੱਖਰੇ ਢੰਗਾਂ ਨੂੰ ਦਰਸਾਉਂਦਿਆਂ ਮਨੁੱਖੀ ਸਮਾਜਾਂ ਦੇ ਰਿਕਾਰਡ ਦਾ ਅਧਿਐਨ ਅਤੇ ਵਿਆਖਿਆ ਕਰਦਾ ਹੈ। ਸਭਿਆਚਾਰਕ ਇਤਿਹਾਸ ਵਿੱਚ ਪਿਛਲੀਆਂ ਸਭਿਆਚਾਰਕ ਗਤੀਵਿਧੀਆਂ ਦਾ ਸਮੁੱਚਾ ਹਿੱਸਾ ਸ਼ਾਮਲ ਹੁੰਦਾ ਹੈ, ਜਿਵੇਂ ਕਿ ਰਸਮ-ਰਵਾਜ, ਅਭਿਆਸਾਂ ਦੀ ਸ਼੍ਰੇਣੀ, ਅਤੇ ਸਥਾਨਾਂ ਦੇ ਨਾਲ ਅੰਤਰ ਅਮਲ।

ਬਹੁਤ ਸਾਰੇ ਮੌਜੂਦਾ ਸਭਿਆਚਾਰਕ ਇਤਿਹਾਸਕਾਰ ਇਸ ਨੂੰ ਇੱਕ ਨਵੀਂ ਪਹੁੰਚ ਹੋਣ ਦਾ ਦਾਅਵਾ ਕਰਦੇ ਹਨ, ਪਰ ਸੱਭਿਆਚਾਰਕ ਇਤਿਹਾਸ ਦੀ ਗੱਲ ਉਨੀਵੀਂ ਸਦੀ ਦੇ ਇਤਿਹਾਸਕਾਰਾਂ, ਜਿਵੇਂ ਕਿ ਪੁਨਰ ਜਨਮ ਦੇ ਇਤਿਹਾਸ ਦੇ ਸਵਿਸ ਵਿਦਵਾਨ ਜੈਕਬਬ ਬਰਕਰਟ, ਨੇ ਕੀਤੀ ਸੀ।[1]

ਸਭਿਆਚਾਰਕ ਇਤਿਹਾਸ ਆਪਣੀ ਪਹੁੰਚ ਵਿੱਚ ਅਤੇ ਅਖੌਤੀ ਨਵੇਂ ਇਤਿਹਾਸ ਦੀਆਂ ਫ਼ਰਾਂਸੀਸੀ ਲਹਿਰਾਂ ਨਾਲ ਅਲਚਿਆ ਪਲਚਿਆ ਹੋਇਆ ਹੈ ਅਤੇ ਯੂਐਸ ਵਿੱਚ ਇਹ ਅਮਰੀਕੀ ਅਧਿਐਨ ਦੇ ਖੇਤਰ ਨਾਲ ਨੇੜਿਓਂ ਜੁੜਿਆ ਹੋਇਆ ਹੈ। ਜਿਵੇਂ 19 ਵੀਂ ਸਦੀ ਦੇ ਸਵਿਸ ਇਤਿਹਾਸਕਾਰ ਜਾਕੋਬ ਬੁਰਖਰਟ ਨੇ ਇਟਾਲੀਅਨ ਪੁਨਰ ਜਨਮ ਦੇ ਸੰਬੰਧ ਵਿੱਚ ਧਾਰਣਾ ਦੇ ਸੰਬੰਧ ਵਿੱਚ ਮੂਲ ਤੌਰ ਤੇ ਸੋਚਿਆ ਅਤੇ ਲਾਗੂ ਕੀਤਾ ਸੀ, ਸਭਿਆਚਾਰਕ ਇਤਿਹਾਸ ਇੱਕ ਵਿਸ਼ੇਸ਼ ਇਤਿਹਾਸਕ ਕਾਲ ਦੇ ਸਮੁੱਚਤਾ ਵਿੱਚ, ਨਾ ਸਿਰਫ ਚਿੱਤਰਕਲਾ, ਮੂਰਤੀਕਲਾ ਅਤੇ ਆਰਕੀਟੈਕਚਰ ਦੇ ਹੀ, ਬਲਕਿ ਸਮਾਜ ਦੇ ਆਰਥਿਕ ਅਧਾਰ, ਅਤੇ ਇਸ ਦੇ ਰੋਜ਼ਾਨਾ ਜੀਵਨ ਦੀਆਂ ਸਮਾਜਿਕ ਸੰਸਥਾਵਾਂ ਦੇ ਵੀ ਅਧਿਐਨ ਵੱਲ ਰੁਚਿਤ ਸੀ।[2] 20 ਵੀਂ ਸਦੀ ਵਿੱਚ ਬੁਰਖਰਟ ਦੀ ਪਹੁੰਚ ਦੀਆਂ ਪ੍ਰਤੀਧੁਨੀਆਂ ਜੋਹਾਨ ਹੁਇਜ਼ਿੰਗਾ ਦੀ *ਦ ਵੈਨਿੰਗ ਆਫ਼ ਮਿਡਲ ਏਜਿਜ਼* (1919) ਵਿੱਚ ਵੇਖੀਆਂ ਜਾ ਸਕਦੀਆਂ ਹਨ।[3]

ਇਤਿਹਾਸ ਸਭਿਆਚਾਰ ਦਾ ਅਹਿਮ ਤੱਤ ਹੈ।ਹਰ ਸਭਿਆਚਾਰ ਆਪਣੇ ਸਮਾਜਕ ਵੇਗ ਦੀ ਉਪਜ ਹੁੰਦਾ ਹੈ।ਜਿਸ ਨੂੰ ਇਤਿਹਾਸਕ ਸੰਦਰਭ ਤੋਂ ਨਿਰਲੇਪ ਰੂਪ ਵਜੋਂ ਗ੍ਰਹਿਣ ਨਹੀਂ ਕੀਤਾ ਜਾ ਸਕਦਾ ਸਗੋਂ ਇਸ ਨੂੰ ਇਤਿਹਾਸਕ ਅਨੁਭਵ ਅਤੇ ਉਸ ਦੀਆਂ ਪਰੰਪਰਾਵਾਂ ਅਨੁਸਾਰ ਹੀ ਸਮਝਿਆ ਜਾ ਸਕਦਾ ਹੈ।[1]ਇਤਿਹਾਸ ਮਾਨਵੀ ਜੀਵਨ ਨਾਲ ਸੰਬੰਧਿਤ ਘਟਨਾਵਾਂ ਸਖਸ਼ੀਅਤਾਂ ਅਤੇ ਵਰਤਾਰਿਆਂ ਨੂੰ ਵਿਸ਼ੇਸ਼ ਕਾਲਕ੍ਰਮਿਕ ਤਰਤੀਬ ਵਿੱਚ ਪੇਸ਼ ਕਰਦਾ ਹੈ।ਸਧਾਰਨ ਅਰਥਾਂ ਵਿੱਚ ਇਤਿਹਾਸ ਬੀਤ ਚੁੱਕੇ ਜਾਂ ਬੀਤ ਚੁੱਕੀਆਂ ਵਰਣਨ ਯੋਗ ਘਟਨਾਵਾਂ ਨੂੰ ਉਹਨਾਂ ਦੇ ਸਮੁੱਚੇ ਸੰਦਰਭ ਸਹਿਤ ਵਿਚਰਨ ਜਾਂ ਸੰਭਾਲਣ ਦਾ ਉਪਰਾਲਾ ਕਰਦਾ ਹੈ।ਹਰ ਇੱਕ ਵਰਤਾਰੇ ਦਾ ਜਨਮਣਾ,ਵਿਗਸਣਾ ਇਤਿਹਾਸਕ ਕ੍ਰਮ ਪੇਸ਼ ਕਰਦਾ ਹੈ।ਪਰੰਤੂ ਸਮੁੱਚੇ ਸਮਾਜਿਕ ਪਰਿਪੇਖ ਵਿੱਚ ਇਤਿਹਾਸ ਉਸ ਸਮੁੱਚੇ ਕਰਮ ਨਾਲ ਜੁੜਿਆ ਹੁੰਦਾ ਹੈ ਜੋ ਗੁਜਰ ਚੁੱਕੇ ਦਾ ਲੇਖਾਂ ਜੋਖਾ ਕਰਦਾ ਹੈ।ਇਤਿਹਾਸ ਵਿੱਚ ਕਲਪਿਤ ਵਰਤਾਰੇ ਸ਼ਾਮਿਲ ਨਹੀਂ ਹੁੰਦੇ ਤਾਂ ਹੀ ਕਿਸੇ ਘਟਨਾ ਦੇ ਵਾਪਰਨ ਸੰਬੰਧੀ ਕਿਸੇ ਕਿਆਸ ਅਰਾਈ ਦੀ ਗੁੰਜਾਇਸ਼ ਹੀ ਹੁੰਦੀ ਹੈ ਸਗੋਂ ਇਤਿਹਾਸ ਤਾਂ ਕੌੜੇ ਕਠੋਰ ਸੱਚ ਨੂੰ ਸੰਭਾਲਦਾ ਤੇ ਆਉਣ ਵਾਲੀ ਪੀੜ੍ਹੀ ਦੇ ਸਪੁਰਦ ਕਰਦਾ ਹੈ। [2]ਇਤਿਹਾਸ ਇੱਕ ਤਰ੍ਹਾਂ ਨਾਲ ਪਰੰਪਰਾ ਅਤੇ ਨਵੀਨਤਾ ਦੇ ਦਵੰਦਾਤਮਿਕ ਸੰਬੰਧਾਂ ਦਾ ਵਿਸ਼ਲੇਸ਼ਣ ਪੇਸ਼ ਕਰਦਾ ਹੈ।ਇਸ ਲਈ ਹਰ ਸਭਿਆਚਾਰ ਦਾ ਇਤਿਹਾਸ ਉਸਦਾ ਪ੍ਰਮਾਣਿਕ ਦਸਤਾਵੇਜ਼ ਹੁੰਦਾ ਹੈ।ਜੋ ਵਿਭਿੰਨ ਇਤਿਹਾਸਕ ਪੜਾਵਾਂ ਤੇ ਸਭਿਆਚਾਰ ਨੂੰ ਤਬਦੀਲ ਕਰਦਾ ਹੈ।[3] ਇਤਿਹਾਸ ਆਪਣੇ ਸਮੇਂ, ਸਥਿਤੀ ਤੇ ਸਮਾਜ ਵਿਚਲੀ ਅੰਤਰ ਵੇਦਨਾ ਨੂੰ ਪ੍ਰਸਤੁਤ ਕਰਨ ਵੱਲ ਰੁਚਿਤ ਨਹੀਂ ਹੁੰਦਾ ਜਦ ਕਿ ਸਭਿਆਚਾਰ ਆਪਣੇ ਸਮਕਾਲੀ ਸਮੇਂ ਦਾ ਭਾਵ ਬੋਧ ਨਹੀਂ ਹੁੰਦਾ ਸਗੋਂ ਇਹ ਉਸਦਾ ਸੰਵੇਦਨਾਤਮਿਕ ਚਿਤਰ ਵੀ ਹੁੰਦਾ ਹੈ।ਇਸ ਤਰਾਂ ਸਭਿਆਚਾਰ ਸਮਾਜ ਦਾ ਸੰਵੇਦਨਾਤਮਿਕ ਚਿਤਰ ਹੀ ਨਹੀਂ ਸਗੋਂ ਆਪਣੇ ਸਮੇਂ ਦੀ ਇਤਿਹਾਸਕ ਪ੍ਰਤੀਕਾਇਆ ਵੀ ਹੈ।ਇਤਿਹਾਸ ਕਦੇ ਕਦੇ ਸਭਿਆਚਾਰ ਦੇ ਮਾਪਦੰਡ ਦੀਆਂ ਤਣੀਆਂ ਨੂੰ ਆਪਣੀ ਇਛਾ ਅਨੁਸਾਰ ਕਸਦਾ ਹੈ।ਇਥੇ ਆ ਕੇ ਸਭਿਆਚਾਰ ਦਾ ਵਿਦਰੋਹੀ ਸੁਰ ਸਿਆਸਤ ਅਤੇ ਸੱਤਾ ਦੇ ਸੰਦਰਭ ਤੋਂ ਆਕੀ ਹੋ ਕੇ ਆਪਣੇ ਲੀਹੇ ਤੁਰਦਾ ਰਹਿੰਦਾ ਹੈ।[4] ਸਿੰਘਾਂ ਤੇ ਫਿਰੰਗੀਆਂ ਦੀਆਂ ਲੜਾਈਆਂ ਇਤਿਹਾਸਕ ਮਹੱਤਵ ਰੱਖਦੀਆਂ ਹਨ।ਸਮੁੱਚੇ ਭਾਰਤ ਦੀਆਂ ਫੌਜਾਂ ਅਤੇ ਬਰਤਾਨਵੀ ਸਾਮਰਾਜ ਦੀਆਂ ਫੌਜਾਂ ਨੂੰ ਮੁੱਠੀ ਭਰ ਸਿੱਖ ਫੌਜ ਨੇ ਬੁਰੀ ਤਰ੍ਹਾਂ ਹਰਾ ਦਿਤਾ ਸੀ।ਇਹ ਇਤਿਹਾਸਕ ਸੱਚ ਹੈ ਪਰ ਜਿਵੇਂ ਖਾਲਸਾ ਫੌਜ ਜਿੱਤ ਕੇ ਵੀ ਹਾਰ ਦੀ ਨਮੋਸ਼ੀ ਦਾ ਸ਼ਿਕਾਰ ਹੋਈ ਸੀ ਇਹ ਵੀ ਇਤਿਹਾਸਕ ਘਟਨਾ ਹੈ।ਪਹਾੜਾਂ ਸਿੰਘ ਤੇ ਲਾਲ ਸਿੰਘ ਦੀ ਗਦਾਰੀ ਕਿਸੇ ਤੋਂ ਛੁਪੀ ਨਹੀਂ।ਪ੍ਰਿਥਵੀ ਰਾਜ ਚੌਹਾਨ ਦੀ ਜਿੱਤ ਨੂੰ ਹਾਰ ਵਿੱਚ ਬਦਲਣ ਵਾਲਾ ਜੈਚੰਦ ਵੀ ਉਸੇ ਸਾਹਮਣੇ ਪੇਸ਼ ਕਰ ਦਿੰਦਾ ਹੈ।ਲੋਕ ਉਸੇ ਨੂੰ ਨਾਇਕ ਜਾਂ ਖਲਨਾਇਕ ਦਾ ਦਰਜਾ ਦੇ ਦਿੰਦੇ ਹਨ।ਘਟਨਾ ਦਾ ਸੰਬੰਧ ਇਤਿਹਾਸ ਨਾਲ ਹੁੰਦਾ ਹੈ।ਜਦੋਂ ਕਿ ਉਸ ਦੇ ਚੰਗੇ ਜਾਂ ਬੁਰੇ ਪ੍ਰਭਾਵ ਦਾ ਨਿਤਾਰਾ ਸਭਿਆਚਾਰ ਕਰਦਾ ਹੈ।ਇਉਂ ਸਭਿਆਚਾਰ ਤੇ ਇਤਿਹਾਸ ਦੋਵੇਂ ਇੱਕ ਦੂਜੇ ਨਾਲ ਗਹਿਰੇ ਰਿਸ਼ਤਾ ਸੰਬੰਧਾਂ ਵਿੱਚ ਥੱਲੇ ਤੱਕ ਜਾ ਸਕਦੇ ਹਨ।ਦੋਵੇਂ ਇੱਕ ਦੂਜੇ ਤੋਂ ਪ੍ਰਭਾਵਿਤ ਵੀ ਹੁੰਦੇ ਹਨ ਅਤੇ ਪ੍ਰਭਾਵਿਤ ਵੀ ਕਰਦੇ ਹਨ। ਕਿਸੇ ਵੀ ਖਿੱਤੇ ਦੇ ਸਭਿਆਚਾਰਕ ਅਧਿਐਨ ਲਈ ਉਸਦੇ ਸਹੀ ਪਿਛੋਕੜ ਅਤੇ ਬਣਤਰ ਨੂੰ ਸਮਝਣ ਅਤੇ ਉਜਾਗਰ ਕਰਨ ਲਈ ਇਤਿਹਾਸ ਹੀ ਨਿਰਮਾਣਕਾਰੀ ਸਿੱਧ ਹੁੰਦਾ ਹੈ।ਜਿਵੇਂ ਪੰਜਾਬੀ ਸਭਿਆਚਾਰ ਦਾ ਇਤਿਹਾਸਕ

ਪਿਛੋਕੜ ਇਸ ਨੂੰ ਪਹਿਲੇ ਧਰਮ ਗ੍ਰੰਥ ਰਿਗਵੇਦ ਅਤੇ ਪਹਿਲੀ ਯੂਨੀਵਰਸਿਟੀ ਤੱਕ ਅਧਿਐਨ ਲਈ ਪ੍ਰੇਰਦਾ ਹੈ।ਜਿਸ ਦਾ ਹਵਾਲਾ ਧਨੀ ਰਾਮ ਚਾਤ੍ਰਿਕ ਨੇ ਕਾਵਿਬੱਧ ਕੀਤਾ ਹੈ।ਤੇਰੀ ਤਹਿਜੀਬ ਕਦੀਮੀ ਹੈ,ਇਕ ਧੁੰਦਲੀ ਜਿਹੀ ਨਿਸ਼ਾਨੀ ਹੈ। ਕੁਦਰਤ ਪੰਘੂੜਾ ਘੜਿਆ ਸੀ,ਤੈਨੂੰ ਰਿਸ਼ੀਆ ਅਵਤਾਰਾ ਦਾ। ਸੂਫੀਆਂ,ਸ਼ਹੀਦਾ,ਭਗਤਾਂ ਦਾ, ਬਲਬੀਰਾ ਸਤੀਆਂ ਨਾਰਾਂ ਦਾ। [5]

1. ਡਾ ਦਵਿੰਦਰ ਸਿੰਘ,ਸਭਿਆਚਾਰ ਵਿਗਿਆਨ ਅਤੇ ਪੰਜਾਬੀ ਸਭਿਆਚਾਰ,ਪੰਨਾ ਨੰ 26
2. ਜੀਤ ਸਿੰਘ ਸ਼ੀਤਲ,ਸਭਿਆਚਾਰ ਤੇ ਲੋਕਧਾਰਾ ਦੇ ਮੂਲ ਸਰੋਤ,ਪੰਨਾ ਨੰ 67
3. ਡਾ ਦਵਿੰਦਰ ਸਿੰਘ,ਸਭਿਆਚਾਰ ਵਿਗਿਆਨ ਅਤੇ ਪੰਜਾਬੀ ਸਭਿਆਚਾਰ,ਪੰਨਾ ਨੰ 26
4. ਓਮ ਪ੍ਰਕਾਸ਼ ਗਾਸੋ,ਪੰਜਾਬੀ ਸਭਿਆਚਾਰ,ਪੰਨਾ ਨੰ1
5. ਓਮ ਪ੍ਰਕਾਸ਼ ਗਾਸੋ,ਪੰਜਾਬੀ ਸਭਿਆਚਾਰ,ਪੰਨਾ ਨੰ1

### ਸਭਿਆਚਾਰ ਅਤੇ ਮਨੋਵਿਗਿਆਨ

ਸਾਰੀਆਂ ਸੰਸਕ੍ਰਿਤੀਆਂ ਵਿੱਚ ਹਾਲਾਤ ਵਿਵਹਾਰ ਦੇ ਮਹੱਤਵਪੂਰਣ ਨਿਰਧਾਰਕ ਹੁੰਦੇ ਹਨ, ਪਰ ਸਮੂਹਵਾਦੀ ਲੋਕਾਂ ਵਿੱਚ ਵਧੇਰੇ ਵੱਖ -ਵੱਖ ਦੇ ਵਿਚਕਾਰ ਬੋਧਾਤਮਕ ਇਕਸਾਰਤਾ ਮਨੋਵਿਗਿਆਨਕ ਪ੍ਰਕਿਰਿਆਵਾਂ, ਅਤੇ ਇਹਨਾਂ ਅਤੇ ਵਿਵਹਾਰ ਦੇ ਵਿਚਕਾਰ, ਇਹ ਵਿਸ਼ਵਵਿਆਪੀ ਤੌਰ ਤੇ ਵੀ ਵਾਪਰਦਾ ਹੈ, ਪਰ ਵਿਅਕਤੀਗਤ ਸਭਿਆਚਾਰਾਂ ਵਿੱਚ ਵਧੇਰੇ ਮਹੱਤਵਪੂਰਨ ਹੈ । ਹਾਲਾਂਕਿ ਵਿਸ਼ਾਲ ਪੰਜ ਵਿਅਕਤੀਗਤ ਸਭਿਆਚਾਰਾਂ ਵਿੱਚ ਚੰਗੀ ਤਰ੍ਹਾਂ ਸਥਾਪਤ ਜਾਪਦੇ ਹਨ, ਇਹਨਾਂ ਵਿੱਚੋਂ ਸਿਰਫ ਚਾਰ ਕਾਰਕ ਪ੍ਰਗਟ ਹੁੰਦੇ ਹਨ ਲਗਾਤਾਰ ਸਾਰੇ ਸਭਿਆਚਾਰਾਂ ਵਿੱਚ. ਇੱਕ ਚੁਣੌਤੀ ਖੋਜ ਦੇ ਰੂਪਾਂ ਨੂੰ ਲੱਭਣਾ ਹੈ ਜੋ ਨੈਤਿਕ (ਆਮ ਕਾਰਕ) ਅਤੇ ਇਮਿਕ (ਸਭਿਆਚਾਰ-ਵਿਸ਼ੇਸ਼) ਦੋਵਾਂ ਤੱਤਾਂ ਨੂੰ ਸ਼ਾਮਲ ਕਰਦੇ ਹਨ ।

ਮਨੋਵਿਗਿਆਨੀ ਦੁਆਰਾ ਸ਼ਖਸੀਅਤ ਦੇ ਅਧਿਐਨ ਵਿੱਚ ਸਭਿਆਚਾਰ ਨੂੰ ਸ਼ਾਮਲ ਕਰਨ ਦੇ ਕਈ ਕਾਰਕਾਂ ਦੇ ਕਾਰਨ ਯਤਨ ਵਧੇ ਹਨ, ਗੁਣਾਂ ਦੇ ਸੰਕਲਪ ਨੂੰ ਮੁੜ ਸੁਰਜੀਤ ਕਰਨਾ ਬਿਗ ਫਾਈਵ ਫੈਕਟਰਸ ਮਾਡਲ ਦੁਆਰਾ ਲਿਆਇਆ ਗਿਆ । ਇਹ ਸਮਝ ਕਿ ਇਹ ਮਾਡਲ ਸ਼ਖਸੀਅਤ ਤੇ ਇੱਕ ਵਿਆਪਕ ਅਤੇ ਵਿਆਪਕ ਪੇਸ਼ ਕਰਦਾ ਹੈ । ਸੱਭਿਆਚਾਰਕ ਪੱਧਰ 'ਤੇ ਵਿਅਕਤੀਵਾਦ ਅਤੇ ਸਮੂਹਿਕਤਾ ਦੇ ਨਿਰਮਾਣ, ਅਤੇ ਵਿਅਕਤੀਗਤ ਪੱਧਰ' ਤੇ ਮੁਹਾਵਰੇਦਾਰੀ ਅਤੇ ਅਲੋਕਨਵਾਦ ਦੇ ਨਿਰਮਾਣ.ਸਵਦੇਸ਼ੀ ਮਨੋਵਿਗਿਆਨ ਦਾ ਉਭਾਰ.ਬਹੁ -ਸਭਿਆਚਾਰਕ ਅੰਦੋਲਨਾਂ ਅਤੇ ਵੱਖ -ਵੱਖ ਸਭਿਆਚਾਰਾਂ ਦੇ ਲੋਕਾਂ ਨੂੰ ਉਦਯੋਗੀਕਰਨ ਵਾਲੇ ਦੇਸ਼ਾਂ ਵਿੱਚ ਜੋੜਨ ਦੀ ਜ਼ਰੂਰਤ.ਅੰਤਰ-ਸੱਭਿਆਚਾਰਕ ਖੋਜ ਵਿੱਚ ਵਿਧੀਗਤ ਸੁਧਾਰਾਂ ਨੂੰ ਸ਼ਾਮਲ ਕਰਨਾ.ਨਵੀਂ ਤਕਨਾਲੋਜੀਆਂ (ਇੰਟਰਨੈਟ) ਦੁਆਰਾ ਲਿਆਏ ਗਏ ਵਿਗਿਆਨਕ ਖੋਜ ਦੇ ਵਿਸ਼ਵੀਕਰਨ ਅਤੇ ਵਿਸ਼ਵਵਿਆਪੀਤਾ ਵਿੱਚ ਵਾਧਾ, ਸ਼ਖਸੀਅਤ-ਸਭਿਆਚਾਰ ਸੰਬੰਧਾਂ ਦੇ ਅਧਿਐਨ ਲਈ ਪਹੁੰਚ

,ਸ਼ਖਸੀਅਤ ਅਤੇ ਸਭਿਆਚਾਰ ਦੇ ਵਿਚਕਾਰ ਸੰਬੰਧਾਂ ਦਾ ਅਧਿਐਨ ਕਰਦੇ ਸਮੇਂ ਤਿੰਨ ਦ੍ਰਿਸ਼ਟੀਕੋਣਾਂ ਦੀ ਪਾਲਣਾ ਕੀਤੀ ਗਈ ਹੈ, ਅੰਤਰ-ਸੱਭਿਆਚਾਰਕ ਦ੍ਰਿਸ਼ਟੀਕੋਣ ਵਿੱਚ ਸ਼ਾਮਲ ਹਨ। ਸਭਿਆਚਾਰਕ ਬ੍ਰਹਿਮੰਡਾਂ ਦੀ ਖੋਜ ਕਰਨ ਲਈ ਕਈ ਸਮਾਜਾਂ ਦੀ ਤੁਲਨਾ.ਸਭਿਆਚਾਰ ਨੂੰ ਵਿਅਕਤੀਗਤ ਲਈ ਬਾਹਰੀ ਸਮਝਣਾ ਅਤੇ ਇਸਦੀ ਵਰਤੋਂ ਸ਼ਖਸੀਅਤ ਅਤੇ ਵਿਵਹਾਰ ਦੀ ਭਵਿੱਖਬਾਣੀ ਕਰਨ ਲਈ ਕੀਤੀ ਜਾ ਸਕਦੀ ਹੈ। ਪਸ਼ਨਾਵਲੀ ਅਤੇ ਮਨੋਵਿਗਿਆਨਕ ਪੈਮਾਨਿਆਂ ਦੀ ਵਰਤੋਂ, ਪ੍ਰਸੰਗਿਕ ਪ੍ਰਭਾਵਾਂ ਤੋਂ ਮੁਕਾਬਲਤਨ ਮੁਕਤ ਨਿਰਮਾਣ ਅਤੇ ਉਨ੍ਹਾਂ ਦੇ ਮਾਪਾਂ ਦੀ ਸਮਾਨਤਾ ਅਤੇ ਅੰਤਰ-ਸਭਿਆਚਾਰਕ ਲਈ ਚਿੰਤਾ.ਵਿਅਕਤੀਗਤ ਅੰਤਰਾਂ 'ਤੇ ਧਿਆਨ ਕੇਂਦਰਤ ਕਰਦੇ ਹੋਏ, ਸਭਿਆਚਾਰ ਨੂੰ ਇੱਕ ਸੁਤੰਤਰ ਵੇਰੀਏਬਲ ਦੇ ਰੂਪ ਵਿੱਚ ਲੈਣਾ ਜੋ ਪ੍ਰਗਟਾਵੇ ਨੂੰ ਪ੍ਰਭਾਵਤ ਕਰ ਸਕਦਾ ਹੈ ਅਤੇ ਗੁਣਾਂ ਦੇ ਸਬੰਧਾਂ ਨੂੰ ਪ੍ਰਭਾਵਤ ਕਰ ਸਕਦਾ ਹੈ.NEO-PI-R ਦਾ 30 ਤੋਂ ਵੱਧ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਗਿਆ ਹੈ ਅਤੇ ਹਰੇਕ ਸਭਿਆਚਾਰ ਵਿੱਚ ਜਿਸ ਵਿੱਚ ਇਸਨੂੰ ਲਾਗੂ ਕੀਤਾ ਗਿਆ ਹੈ। ਸਭਿਆਚਾਰਕ ਦ੍ਰਿਸ਼ਟੀਕੋਣ ਵਿੱਚ ਸ਼ਾਮਲ ਹਨ:ਬ੍ਰਹਿਮੰਡਾਂ ਦੀ ਭਾਲ ਕਰਨ ਦੀ ਬਜਾਏ, ਇਹ ਇੱਕ ਜਾਂ ਵਧੇਰੇ ਸਭਿਆਚਾਰਾਂ ਵਿੱਚ ਮਨੋਵਿਗਿਆਨਕ ਘਟਨਾਵਾਂ ਦੇ ਵਰਣਨ 'ਤੇ ਕੇਂਦ੍ਰਤ ਹੈ।

ਸਭਿਆਚਾਰ (ਬਣਤਰ ਅਤੇ ਗਤੀਸ਼ੀਲਤਾ) ਦੇ ਮਨੋਵਿਗਿਆਨਕ ਕਾਰਜਾਂ ਦੇ ਅਧਿਐਨ 'ਤੇ ਜ਼ੋਰ ਦਿੱਤਾ ਗਿਆ ਹੈ। ਸਭ ਤੋਂ ਵੱਧ, ਗੁਣਾਤਮਕ ਜਾਂਦੇ ਹਨ.ਉਹ ਗੁਣਾਂ ਨਾਲੋਂ ਪ੍ਰਕਿਰਿਆਵਾਂ ਦੀ ਵਧੇਰੇ ਪਰਵਾਹ ਕਰਦਾ ਹੈ। ਵਿਅਕਤੀਗਤ ਅਤੇ ਸਭਿਆਚਾਰ ਦੇ ਵਿਚਕਾਰ ਇੱਕ ਸਥਾਈ ਲੈਣ -ਦੇਣ ਨਿਰਧਾਰਤ ਕੀਤਾ ਜਾਂਦਾ ਹੈ, ਜੋ ਕਿ ਪਰਸਪਰ ਪ੍ਰਭਾਵਸ਼ਾਲੀ ਵਿਧੀ ਦੀ ਵਰਤੋਂ ਦੀ ਵਕਾਲਤ ਕਰਦਾ ਹੈ। ਸਵੈ ਸਮਾਜਕ ਤੌਰ ਤੇ ਬਣਾਇਆ ਗਿਆ ਹੈ ਅਤੇ, ਇਸ ਲਈ, ਇਸਦੀ ਧਾਰਨਾ ਇੱਕ ਸਭਿਆਚਾਰ ਤੋਂ ਦੂਜੇ ਵਿੱਚ ਵੱਖਰੀ ਹੋਵੇਗੀ। ਇਸ ਦ੍ਰਿਸ਼ਟੀਕੋਣ ਤੋਂ, ਇਸ ਗੱਲ 'ਤੇ ਜ਼ੋਰ ਦਿੱਤਾ ਜਾਂਦਾ ਹੈ ਕਿ ਸਭਿਆਚਾਰ ਦੇ ਅਧਾਰ ਤੇ ਸ਼ਖਸੀਅਤ ਦੀ ਵੱਖਰੀ ਧਾਰਨਾ ਨਿਰਭਰਤਾ ਜਾਂ ਸੁਤੰਤਰਤਾ ਦੇ ਪੱਧਰ ਤੋਂ ਆਉਂਦੀ ਹੈ। ਜਿਸ ਨਾਲ ਸਵੈ ਨੂੰ ਪਰਿਭਾਸ਼ਤ ਕੀਤਾ ਜਾਂਦਾ ਹੈ। ਸ਼ਖਸੀਅਤ (ਪੱਛਮ) ਦੀ ਸੁਤੰਤਰ ਦ੍ਰਿਸ਼ਟੀ ਨੂੰ ਹੇਠਾਂ ਦਿੱਤੇ ਵਿਚਾਰਾਂ ਦੁਆਰਾ ਦਰਸਾਇਆ ਗਿਆ ਹੈ:ਇੱਕ ਵਿਅਕਤੀ ਇੱਕ ਖੁਦਮੁਖਤਿਆਰ ਜੀਵ ਹੁੰਦਾ ਹੈ, ਗੁਣਾਂ, ਗੁਣਾਂ ਜਾਂ ਪ੍ਰਕਿਰਿਆਵਾਂ ਦੇ ਇੱਕ ਵਿਲੱਖਣ ਅਤੇ ਵਿਲੱਖਣ ਸਮੂਹ ਦੁਆਰਾ ਪਰਿਭਾਸ਼ਤ ਕੀਤਾ ਜਾਂਦਾ ਹੈ.ਅੰਦਰੂਨੀ ਗੁਣਾਂ ਜਾਂ ਪ੍ਰਕਿਰਿਆਵਾਂ ਦੀ ਸੰਰਚਨਾ ਵਿਵਹਾਰ ਦਾ ਕਾਰਨ ਬਣਦੀ ਹੈ। ਅਸੀਂ ਕਿਸੇ ਵਿਅਕਤੀ ਨੂੰ ਉਸਦੇ ਕੰਮਾਂ ਦੁਆਰਾ ਜਾਣ ਸਕਦੇ ਹਾਂ.ਵਿਅਕਤੀਆਂ ਦਾ ਵਤੀਰਾ ਵੱਖਰਾ ਹੁੰਦਾ ਹੈ ਕਿਉਂਕਿ ਕੁਝ ਅੰਦਰੂਨੀ ਪ੍ਰਕਿਰਿਆਵਾਂ ਅਤੇ ਗੁਣਾਂ ਦੀ ਸੰਰਚਨਾ ਵਿੱਚ ਕੁਝ ਦੂਜਿਆਂ ਤੋਂ ਵੱਖਰੇ ਹੁੰਦੇ ਹਨ, ਇੱਕ ਅੰਤਰ ਜੋ ਕਿ ਇਸ ਧਾਰਨਾ ਵਿੱਚ, ਸਕਾਰਾਤਮਕ ਹੋਵੇਗਾ। ਲੋਕ ਆਪਣੇ ਵਿਵਹਾਰ ਵਿੱਚ ਆਪਣੇ ਗੁਣਾਂ ਅਤੇ ਅੰਦਰੂਨੀ ਪ੍ਰਕਿਰਿਆਵਾਂ ਦਾ ਪ੍ਰਗਟਾਵਾ ਕਰਦੇ ਹਨ, ਇਸ ਲਈ ਵਿਵਹਾਰ ਤੋਂ ਵੱਖੋ ਵੱਖਰੀਆਂ ਸਥਿਤੀਆਂ ਵਿੱਚ ਇਕਸਾਰ ਅਤੇ ਸਮੇਂ ਦੇ ਨਾਲ ਸਥਿਰ ਰਹਿਣ ਦੀ ਉਮੀਦ ਕੀਤੀ ਜਾਂਦੀ ਹੈ। ਸ਼ਖਸੀਅਤ ਦਾ ਅਧਿਐਨ ਮਹੱਤਵਪੂਰਨ ਹੈ ਕਿਉਂਕਿ ਇਹ ਸਾਨੂੰ ਵਿਵਹਾਰ ਦੀ ਭਵਿੱਖਬਾਣੀ ਕਰਨ ਅਤੇ ਨਿਯੰਤਰਣ ਕਰਨ ਦੀ ਆਗਿਆ ਦਿੰਦਾ ਹੈ। ਸ਼ਖਸੀਅਤ ਦੀ ਅੰਤਰ -ਨਿਰਭਰ

ਦ੍ਰਿਸ਼ਟੀ (ਏਸ਼ੀਆ, ਅਫਰੀਕਾ, ਲਾਤੀਨੀ ਅਮਰੀਕਾ, ਮੈਡੀਟੇਰੀਅਨ ਦੇਸ਼.) ਹੇਠ ਲਿਖੇ ਵਿਚਾਰਾਂ ਦੁਆਰਾ ਦਰਸਾਈ ਗਈ ਹੈ।

## ਸਭਿਆਚਾਰ ਅਤੇ ਆਰਥਿਕਤਾ

ਭਾਰਤ ਇੱਕ ਪੂਜੀਵਾਦੀ ਦੇਸ਼ ਹੈ ਜਿਸ ਵਿੱਚ ਸਰਕਾਰੀ ਅਦਾਰਿਆਂ ਦੀ ਜ਼ਿਕਰਯੋਗ ਥਾਂ ਹੈ ਪਰ ਭਾਰਤ ਦਿਨੋ-ਦਿਨ ਨਿੱਜੀ ਸਰਮਾਏਦਾਰੀ ਵਾਲੇ ਵਿਕਾਸ ਮਾਡਲ ਨੂੰ ਆਪਣਾ ਰਿਹਾ ਹੈ। ਭਾਰਤ ਆਰਥਿਕ ਵਿਕਾਸ ਦੇ ਮਾਡਲ ਨੂੰ ਆਪਣਾ ਰਿਹਾ ਹੈ। ਭਾਰਤ ਵਿੱਚ ਆਰਥਿਕ ਵਿਕਾਸ ਦੇ ਮਾਡਲ ਵਿੱਚੋਂ ਅਨੇਕਾਂ ਸਮੱਸਿਆਂਵਾਂ ਉਪਜੀਆਂ ਹਨ। ਇਹਨਾਂ ਵਿੱਚ ਅਹਿਮ ਸਮੱਸਿਆ ਗਰੀਬੀ ਦੀ ਹੈ।ਆਰਥਿਕਤਾ ਕਿਸੇ ਸਮਾਜਿਕ ਢਾਂਚੇ ਦੀ ਬੁਨਿਆਦੀ ਇਕਾਈ ਹੁੰਦੀ ਹੈ ਅਤੇ ਮਨੁੱਖੀ ਇਤਿਹਾਸ ਵਿੱਚ ਜੇਕਰ ਕੋਈ ਸਮਾਜ ਆਰਥਿਕ ਪੱਖ ਤੋਂ ਪੱਛੜਿਆ ਹੈ ਤਾਂ ਉਸ ਦੀਆਂ ਸਮੱਸਿਆਵਾਂ ਦੀ ਰੂਪ ਵਧੇਰੇ ਜਟਿਲ ਹੋਵੇਗਾ। ਮਨੁੱਖੀ ਸਮਾਜ ਦੇ ਸਮੁੱਚੇ ਇਤਿਹਾਸਕ-ਸਮਾਜਕ ਵੇਗ ਦੀ ਦਸ਼ਾ ਅਤੇ ਦਿਸ਼ਾ ਨੂੰ ਸਮਝਣ ਲਈ ਉਸ ਦੇ ਸਭਿਆਚਾਰਕ ਪਾਸਾਰ ਦੇ ਸੁਭਾ ਨੂੰ ਗ੍ਰਹਿਣ ਕਰਨਾ ਇੱਕ ਮੁੱਢਲਾ ਅਤੇ ਫ਼ੈਸਲਾਕੁਨ ਸੁਆਲ ਹੁੰਦਾ ਹੈ। ਸੱਭਿਆਚਾਰ ਦੀ ਸਹੀ ਸਮਝ ਲਈ ਇਸ ਦੀਆਂ ਅਨੇਕਾਂ ਦਿਸ਼ਾਵਾਂ ਅਤੇ ਪਰਤਾਂ ਨੂੰ ਇੱਕੋ ਵੇਲੇ ਦ੍ਰਿਸ਼ਟੀਗੋਚਰ ਕਰਨਾ ਜ਼ਰੂਰੀ ਹੋ ਜਾਂਦਾ ਹੈ। ਇਸ ਲਈ ਸਭਿਆਚਾਰ ਦਾ ਅਧਿਐਨ ਆਪਣੇ ਆਪ ਵਿੱਚ ਇੱਕ ਵਿਸ਼ਾਲ ਅਤੇ ਗੁੰਝਲਦਾਰ ਸਮੱਸਿਆ ਹੁੰਦੀ ਹੈ। ਜਿਸ ਕਰਕੇ ਕਿਸੇ ਇੱਕ ਸਭਿਆਚਾਰ ਵਿਚਲੀ ਤਬਦੀਲੀ ਦੇ ਅਮਲ ਦੀ ਸਹੀ ਅਤੇ ਸੰਪੂਰਨ ਸਮਝ ਲਈ, ਪਹਿਲਾਂ ਤਿੰਨ ਪ੍ਰਮੁੱਖ ਸੁਆਲਾਂ ਨੂੰ ਸਮਝਣਾ ਜ਼ਰੂਰੀ ਹੋ ਜਾਂਦਾ ਹੈ। ਪਹਿਲਾਂ, ਸਭਿਆਚਾਰ ਦੀ ਹੋਂਦ-ਵਿਧੀ ਕੀ ਹੈ। ਦੂਸਰਾ, ਸਭਿਆਚਾਰ ਦੀ ਕਾਰਜ-ਵਿਧੀ ਕੀ ਹੈ। ਅਰਥਾਤ ਇਹ ਸਮਾਜ ਵਿੱਚ ਮਨੁੱਖ ਉੱਤੇ ਕਿਵੇਂ ਅਸਰ ਕਰਦਾ ਹੈ ਅਤੇ ਉਸ ਨੂੰ ਕਿਵੇਂ ਕਾਰਜਸ਼ੀਲ ਕਰਦਾ ਜਾਂ ਤੋਰਦਾ ਹੈ। ਤੀਸਰੇ, ਸਭਿਆਚਾਰਕ ਤਬਦੀਲੀ ਦੇ ਮੂਲ ਆਧਾਰ ਅਤੇ ਸਹੀ ਅਰਥ ਕੀ ਹਨ।

### ਆਰਥਿਕਤਾ

ਆਰਥਿਕਤਾ ਕਿਸੇ ਭੂਗੋਲਿਕ ਖੇਤਰ ਵਿੱਚ ਅਲੱਗ-ਅਲੱਗ ਘਟਕਾਂ ਵੱਲੋਂ ਸੀਮਿਤ ਵਸਤੂਆਂ ਅਤੇ ਸੇਵਾਵਾਂ ਦੇ ਉਤਪਾਦਨ ,ਵਿਤਰਣ ਜਾਂ ਵਪਾਰ ਅਤੇ ਖਪਤ ਨੂੰ ਕਹਿੰਦੇ ਹਨ।ਇਹ ਆਰਥਿਕ ਘਟਕ ਵਿਅਕਤੀ, ਕਾਰੋਬਾਰ,ਸੰਸਥਾਵਾਂ ਜਾਂ ਸਰਕਾਰਾਂ ਹੋ ਸਕਦੇ ਹਨ। ਜਦ ਦੋ ਪੱਖ ਕਿਸੇ ਵਸਤੂ ਜਾਂ ਸੇਵਾ ਦੀ ਇੱਕ ਕੀਮਤ,ਜੋ ਕਿ ਆਮ ਤੌਰ ਤੇ ਕਿਸੇ ਵਿਸ਼ੇਸ਼ ਮੁਦਰਾ ਵਿੱਚ ਪ੍ਰਗਟ ਕੀਤੀ ਜਾਂਦੀ ਹੈ, ਨਿਰਧਾਰਿਤ ਕਰਨ ਲੈਣ, ਤਾਂ ਉਹ ਇਸਦਾ ਲੈਣ ਦੇਣ ਕਰਦੇ ਹਨ।[1]

### ਸੱਭਿਆਚਾਰ

ਕੋਈ ਵੀ ਕੌਮ ਜਾਂ ਕੋਈ ਵੀ ਜਨ-ਸਮੂਹ,ਜਿਹੜਾ ਸਮਾਜ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਉਹ ਸੱਭਿਆਚਾਰ ਤੋਂ ਸੱਖਣਾ ਨਹੀਂ ਹੁੰਦਾ, ਭਾਵੇਂ ਉਹ ਵਿਕਾਸ ਦੇ ਕਿਸੇ ਪੜਾਅ ਉੱਤੇ ਵੀ ਕਿਉਂ ਨਾ ਹੋਵੇ। ਸੱਭਿਆਚਾਰ ਦੇ ਕਲਾਵੇ ਵਿੱਚ ਜੀਵਨ ਦੇ ਸਾਰੇ ਖੇਤਰ ਹੀ ਆ ਜਾਂਦੇ ਹਨ।

**ਪਰਿਭਾਸ਼ਾ-** "ਸੱਭਿਆਚਾਰ ਵਾਤਾਵਰਣ ਦਾ ਮਨੁੱਖ-ਸਿਰਜਿਆ ਭਾਗ ਹੈ।""ਸੱਭਿਆਚਾਰ ਮਨੁੱਖੀ ਵਿਹਾਰ ਦੇ ਸਿੱਖੇ ਹੋਏ ਭਾਗ ਨੂੰ ਕਹਿੰਦੇ ਹਨ।"[2]

ਪਹਿਲੀ ਪਰਿਭਾਸ਼ਾ ਪ੍ਰਕਿਰਤੀ ਅਤੇ ਮਨੁੱਖ ਦੇ ਵਿਰੋਧ ਨੂੰ ਪੇਸ਼ ਕਰਦੀ ਹੈ। ਦੂਸਰੀ ਪਰਿਭਾਸ਼ਾ ਵਿਰਸੇ ਵਿੱਚ ਮਿਲੇ ਅਤੇ ਗ੍ਰਹਿਣ ਕੀਤੇ ਦੇ ਵਿਰੋਧ ਨੂੰ ਪਿਛੋਕੜ ਵਿੱਚ ਰੱਖਿਆ ਗਿਆ ਹੈ।

## ਸੱਭਿਆਚਾਰ ਅਤੇ ਆਰਥਿਕਤਾ ਵਿੱਚ ਸੰਬੰਧ

ਇਤਿਹਾਸਕ ਅਤੇ ਸਭਿਆਚਾਰ ਨਿਰੰਤਰਤਾ ਨੂੰ ਨਿਰੰਤਰਤਾ ਭੰਗ ਹੋਣ ਦੇ ਪੜਾਵਾਂ ਵਿੱਚ ਵੰਡਣ ਦਾ ਸਪਸ਼ਟ ਯਤਨ ਆਰਥਿਕ ਪੱਖੋਂ ਹੀ ਕੀਤਾ ਜਾ ਸਕਦਾ ਹੈ। ਕਿਉਂਕਿ ਆਰਥਿਕਤਾ ਕਿਸੇ ਸਮਾਜਕ ਢਾਂਚੇ ਦੀ ਬੁਨਿਆਦੀ ਇਕਾਈ ਹੁੰਦੀ ਹੈ ਅਤੇ ਮਨੁੱਖੀ ਇਤਿਹਾਸ ਵਿੱਚ ਜੇਕਰ ਕੋਈ ਸਮਾਜ ਆਰਥਿਕ ਪੱਖ ਤੋਂ ਪੱਛੜਿਆ ਹੈ ਤਾਂ ਉਸ ਦੀਆਂ ਸਮੱਸਿਆਵਾਂ ਦਾ ਰੂਪ ਵਧੇਰੇ ਜਟਿਲ ਹੋਵੇਗਾ। ਇਸ ਆਰਥਿਕ ਪੱਖ ਨੂੰ ਧਿਆਨ ਵਿੱਚ ਰੱਖਕੇ ਕੀਤੀ ਇਸ ਵੰਡ ਅਨੁਸਾਰ ਹੁਣ ਤੱਕ ਦੇ ਮਨੁੱਖੀ ਇਤਿਹਾਸ ਵਿੱਚ ਪੰਜ ਮੁੱਖ ਆਰਥਕ ਬਣਤਰਾਂ ਨੂੰ ਨਿਖੇੜਿਆ ਗਿਆ ਹੈ: ਮੁੱਢਲਾ ਸਾਂਝਾ ਸਮਾਜ, ਗੁਲਾਮ-ਮਾਲਕੀ, ਸਾਮੰਤਵਾਦ, ਸਰਮਾਇਦਾਰੀ ਅਤੇ ਸਮਾਜਵਾਦ। ਹਰ ਆਰਥਕ ਬਣਤਰ ਵਿੱਚ ਵੱਖ-ਵੱਖ ਆਰਥਿਕ ਅੰਸ਼ਾਂ ਦੀ ਪ੍ਰਧਾਨਤਾ ਹੁੰਦੀ ਹੈ। ਆਰਥਿਕ ਰਿਸ਼ਤੇ ਅਤੇ ਕਦਰਾਂ ਕੀਮਤਾਂ ਆਰਥਿਕਤਾ ਵਿੱਚ ਵੱਖ-ਵੱਖ ਆਰਥਿਕ ਅੰਸ਼ਾਂ ਦੀ ਪ੍ਰਧਾਨਤਾ ਕਰਕੇ ਜਨਮ ਲੈਂਦੀਆਂ ਹਨ। ਜਿਵੇਂ: ਕਿ ਸਮਾਂਤਵਾਦ ਵਿੱਚ ਪ੍ਰਧਾਨ ਆਰਥਕ ਅੰਸ਼ ਭੂਮੀ ਮਾਲਕੀ ਦਾ ਹੈ। ਅਤੇ ਸਮਾਜਵਾਦ ਵਿੱਚ ਪ੍ਰਧਾਨ ਤੱਥ ਉਤਪਾਦਨ ਦੇ ਸਾਧਨਾਂ ਦੀ ਸਮਾਜਕ ਮਾਲਕੀ ਹੁੰਦਾ ਹੈ। ਇਸ ਤਰ੍ਹਾਂ ਹੀ ਦੂਜੀਆਂ ਆਰਥਕ ਬਣਤਰਾਂ ਵਿੱਚ ਵੀ ਪ੍ਰਧਾਨ ਆਰਥਕ ਅੰਸ਼ ਵੇਖੇ ਜਾ ਸਕਦੇ ਹਨ।[3]

ਇਹ ਪ੍ਰਧਾਨ ਆਰਥਿਕ ਸੰਬੰਧ ਆਪਣੇ ਅਨੁਕੂਲ ਕਦਰਾਂ ਕੀਮਤਾਂ ਸਿਰਜਦੇ ਹਨ। ਇਹਨਾਂ ਆਰਥਿਕ ਬਣਤਰਾਂ ਦੁਆਰਾ ਸਿਰਜੀਆਂ ਕਦਰਾਂ-ਕੀਮਤਾਂ ਦਾ ਆਪਸ ਵਿੱਚ ਟਕਰਾਅ ਵੀ ਵੇਖਣ ਨੂੰ ਮਿਲਦਾ ਹੈ। ਜਿਵੇਂ ਕਿ ਸਰਮਾਇਦਾਰੀ ਵਿੱਚ ਵੱਧ ਤੋਂ ਵੱਧ ਧਨ ਇਕੱਠਾ ਕਰਨ ਅਤੇ ਉਤਪਾਦਨੀ ਸਾਧਨਾਂ ਨੂੰ ਵਿਅਕਤੀਗਤ ਮਾਲਕੀ ਹੇਠ ਲਿਆਉਣ ਦਾ ਸਮਾਜਵਾਦ ਦੁਆਰਾ ਵਿਰੋਧ ਵੀ ਕੀਤਾ ਜਾਂਦਾ ਹੈ। ਇਹਨਾਂ ਆਰਥਿਕ ਬਣਤਰਾਂ ਵਿੱਚ ਬਦਲਾਵ ਵੀ ਆਉਂਦਾ ਰਹਿੰਦਾ ਹੈ। ਇਹ ਆਰਥਿਕ ਬਣਤਰਾਂ ਕਿਸੇ ਨਿਸ਼ਚਿਤ ਸਮੇਂ ਅਤੇ ਸਥਾਨ ਦੀਆਂ ਸੀਮਾਵਾਂ ਵਿੱਚ ਆਪਣੇ ਅਰਥ ਗ੍ਰਹਿਣ ਕਰਦੀਆਂ ਹਨ। ਇੱਕ ਦੇਸ਼ ਦੀ ਆਰਥਿਕ ਬਣਤਰ ਦੂਜੇ ਦੇਸ਼ ਦੀ ਆਰਥਿਕ ਬਣਤਰ ਨਾਲੋਂ ਭਿੰਨ ਹੋ ਸਕਦੀ ਹੈ। ਇਸ ਤਰ੍ਹਾਂ ਆਰਥਕ ਕਾਰਨ ਸਭਿਆਚਾਰ ਦੀ ਰੂਪ-ਰੇਖਾ ਉਲੀਕਦੇ ਹਨ ਪਰ ਇਹ ਸਭਿਆਚਾਰ ਨੂੰ ਨਿਰਧਾਰਨ ਕਰਨ ਵਾਲਾ ਇਕੋ ਇੱਕ ਕਾਰਨ ਨਹੀਂ ਹੁੰਦਾ।

ਸਭਿਆਚਾਰ ਦੇ ਕੁਝ ਪੱਖ ਆਰਥਿਕਤਾ ਨਾਲ ਸਿੱਧੇ ਤੌਰ ਤੇ ਜੁੜੇ ਹੁੰਦੇ ਹਨ। ਪਰ ਕੁਝ ਆਪਣੇ-ਆਪ ਵਿੱਚ ਸਵੈ-ਅਧੀਨ ਹੋਣ ਦਾ ਭੁਲੇਖਾ ਵੀ ਦਿੰਦੇ ਹਨ। ਭਾਵੇਂ ਕਿ ਸਮੇਂ ਦੀ ਘੱਟ ਜਾਂ ਵੱਧ ਮਾਤਰਾ ਵਿੱਚ ਆਰਥਿਕਤਾ ਨਾਲ ਹੀ ਜੁੜੇ ਹੋਏ ਹਨ। ਪਰ ਕੁਝ ਪੱਖ ਵਿੱਚ ਆਰਥਕਤਾ ਨਾਲ ਸੰਬੰਧ ਸਤਹੀ ਅਤੇ ਨਾਮ-ਮਾਤਰ ਹੁੰਦੇ ਹਨ, ਜਿਸ ਤਰ੍ਹਾਂ ਕਿ ਭਾਸ਼ਾ। ਕੁਝ ਪੱਖ ਸਦਾ ਸਦੀਵੀ ਨਿਰੰਤਰਤਾ ਵਿੱਚ ਹੁੰਦੇ ਹਨ ਕੁਝ ਪੱਖ ਇੱਕੋ ਰੂਪ ਵਿੱਚ ਜਾਰੀ ਰਹਿਣ ਦਾ ਪ੍ਰਭਾਵ ਪਾਉਂਦੇ ਹਨ, ਪਰ ਇਤਿਹਾਸਕ ਤੌਰ ਤੇ ਦੇਖਿਆ ਜਾਏ ਤਾਂ ਆਰਥਕ ਬਣਤਰਾਂ ਦੀ ਤਬਦੀਲੀ ਦਾ ਅਸਰ ਉਹਨਾਂ ਉੱਪਰ ਵੀ ਹੁੰਦਾ ਹੈ। ਅਸੀਂ ਧਰਮ ਅਤੇ ਪ੍ਰਿਵਾਰ ਦੀ ਉਦਾਹਰਣ ਲੈਣ ਸਕਦੇ ਹਾਂ।

**ਸੱਭਿਆਚਾਰ ਦੀ ਹੋਂਦ ਵਿਧੀ**

ਕੁਦਰਤ ਨਾਲ ਸਮਾਜਿਕ -ਮੁੱਨਖੀ ਚੇਤਨਾ ਦਾ ਦੁਅੰਦਾਤਮਕ ਰਿਸ਼ਤਾ ਹੈ। ਇਹ ਸੱਭਿਆਚਾਰ ਦੀ ਸਿਰਜਣਾ ਦਾ ਮੂਲ ਆਧਾਰ ਹੁੰਦਾ ਹੈ। ਹੋਲੀ-ਹੋਲੀ ਮਨੁੱਖ ਆਪਣੇ ਸਰੀਰਕ ਅਤੇ ਚੇਤਨਾਗਤ ਵਿਕਾਸ ਦੇ ਇੱਕ ਖ਼ਾਸ ਪੜਾ ਉੱਤੇ ਅਪੜਦਾ ਹੈ। ਜਿੱਥੋ ਅੱਗੇ ਮਨੁੱਖੀ ਚੇਤਨਾ ਅਤੇ ਕੁਦਰਤ ਦਾ ਸੰਬੰਧ ਸਾਧਾਰਣ ਵਾਲਾ ਨਾ ਰਹਿ ਕੇ ਗੁੰਝਲਦਾਰ ਦੁਅੰਦਾਤਮਕ ਰਿਸ਼ਤੇ ਦਾ ਰੂਪ ਧਾਰਨ ਕਰ ਲੈਂਦਾ ਹੈ। ਜਿਵੇਂ ਕਿ ਗੋਭੀ ਦਾ ਫੁੱਲ ਕੁਦਰਤੀ ਸੰਸਾਰ ਦਾ ਹਿੱਸਾ ਹੈ। ਪਰੰਤੂ ਪਹਿਲਾਂ ਉਸਨੂੰ ਬੀਜਿਆ ਗਿਆ ਫਿਰ ਉਹ ਤਿਆਰ ਹੋਇਆ, ਫਿਰ ਉਸਨੂੰ ਕੱਟਿਆ ਗਿਆ, ਫਿਰ ਸੰਵਾਰ ਕੇ ਮਸਾਲੇ ਪਾ ਕੇ ਉਸ ਨੂੰ ਬਣਾਇਆ ਗਿਆ ਅਤੇ ਖਾਣੇ ਦੇ ਮੇਜ਼ ਤੇ ਉਸ ਨੂੰ ਖ਼ਾਸ ਭਾਂਡੇ ਵਿੱਚ ਸਜਾਇਆ ਉਹ ਫੁੱਲ ਸੱਭਿਆਚਾਰਕ ਸੰਸਾਰ ਦੀ ਸਿਰਜਣਾ ਦਾ ਰੂਪ ਧਾਰਣ ਕਰ ਲੈਂਦਾ ਹੈ। ਕੁਦਰਤੀ ਤੌਰਤੇ ਉਸ ਗੋਭੀ ਦੇ ਫੁੱਲ ਨੂੰ ਜੇ ਕੋਈ ਵੀ ਮਨੁੱਖ ਪਸ਼ੂ ਤਰ੍ਹਾਂ ਸਿੱਧਾ ਖਾਂ ਲਵੇ ਤਾਂ ਅਜਿਹੇ ਰੂਪ ਵਿੱਚ ਮਨੁੱਖੀ ਚੇਤਨਾ ਦਾ ਕੁਦਰਤ ਨਾਲ ਸੰਬੰਧ ਆਮ ਪਸ਼ੂਆਂ ਵਾਂਗ ਸਾਧਾਰਣ ਵਿਰੋਧ ਵਾਲਾ ਹੀ ਹੋਵੇਗਾ,ਦੁਅੰਦਾਤਮਕ ਵਿਰੋਧ ਵਾਲਾ ਨਹੀਂ ਹੋਵੇਗਾ ਹਰ ਸੱਭਿਆਚਾਰਕ ਸਿਰਜਣਾ ਆਪਣੇ ਆਪ ਦੇ ਰੂਪ ਵਿੱਚ ਸੱਭਿਆਚਾਰ ਨਹੀਂ ਹੁੰਦੀ। ਸਗੋਂ ਉਹ ਸਿਰਜਣਾ ਤਾਂ ਆਪਣੀਆਂ ਵਿਸ਼ੇਸ਼ ਪਰਿਸਥਿਤੀਆਂ ਵਿੱਚ ਕੁਦਰਤ ਪ੍ਰਤੀ ਜਾਂ ਆਪਣੀਆਂ ਲੋੜਾਂ, ਇੱਛਾਵਾਂ, ਆਸਾਂ ਅਤੇ ਔਕੜਾਂ ਪ੍ਰਤੀ ਮਨੁੱਖ ਦੇ ਸਾਂਝੇ ਹੁੰਗਾਰੇ ਦੀ ਸੰਵਾਰਕ ਹੁੰਦੀ ਹੈ।

**ਸੱਭਿਆਚਾਰ ਦੀ ਕਾਰਜ ਵਿਧੀ**

ਇੱਕ ਸੱਭਿਆਚਾਰ ਆਪਣੇ ਆਪ ਨੂੰ ਮਨੁੱਖ ਦੇ ਕਿਸੇ ਦਲੀਲ ਤਕ ਨਹੀਂ ਪਹੁੰਚਦਾ। ਸੱਭਿਆਚਾਰ ਸਿਰਜਿਆ ਸੀ ਉਸ ਸਮੇਂ ਜਾਂਦਾ ਹੈ, ਜਦੋਂ ਉਹ ਹੁੰਗਾਰਾ ਇੱਕ ਮਨੁੱਖੀ ਸਮੂਹ ਦੀ ਸਮੂਹਿਕ ਚੇਤਨਾ ਅਤੇ ਸ਼ਖ਼ਸੀਅਤ ਦਾ ਇੱਕ ਅਨਿੱਖੜ ਅੰਗ ਬਣ ਚੁੱਕਿਆ ਹੋਵੇ। ਸਮਾਜ ਵਿੱਚ ਉਹ ਧੜਕਦੀ ਜ਼ਿੰਦਗੀ ਦੇ ਖ਼ੂਨ ਦੇ ਦੋਰੇ ਵਿੱਚ ਰਚ-ਮਿਚ ਗਿਆ ਹੋਵੇ। ਇਸ ਕਰਕੇ ਹੀ ਸੱਭਿਆਚਾਰ ਦੀ ਪਹੁੰਚ ਦਿਮਾਗ਼ ਦੀ ਥਾਂ ਸਿੱਧੀ ਦਿਲ ਤੱਕ ਹੁੰਦੀ ਹੈ। ਸੱਭਿਆਚਾਰ ਦਿਮਾਗ਼ ਤੱਕ ਵੀ ਦਿਲ ਦੇ ਜਜ਼ਬੇ ਦੇ ਮਾਧਿਅਮ ਰਾਹੀਂ ਹੀ ਪਹੁੰਚਦਾ ਹੈ। ਇਸ ਤਰ੍ਹਾਂ ਸੱਭਿਆਚਾਰ ਸਮੂਹਿਕ ਹੁੰਗਾਰੇ ਨੂੰ ਜ਼ਜਬੇ ਦੇ ਰੂਪ ਵਿੱਚ ਚੇਤਨਾ ਦੇ ਨੂੰ ਸਾਡੇ ਸਮੁੱਚੇ ਵਿਵਹਾਰ ਦੇ ਅਚੇਤ ਦੀ ਇੱਕ ਵਿਸ਼ੇਸ਼ ਦਿਸ਼ਾ ਵੱਲ ਨੂੰ ਲੈ ਤੁਰਦਾ ਹੈ।

**ਸੱਭਿਆਚਾਰ ਤਬਦੀਲੀ ਦਾ ਆਧਾਰ**

ਕੁਦਰਤ ਦੇ ਨਾਲ ਆਪਣੇ ਸਮੂਹਿਕ ਸੰਘਰਸ਼ ਵਿੱਚ ਰੁੱਝਿਆ ਜਨ-ਸਮੂਹ ਪੈਦਾਵਾਰੀ ਦੇ ਸਾਧਨਾਂ ਸੰਦਾਂ ਦੀ ਅਸਾਵੀਂ ਵੰਡ ਅਤੇ ਉਹਨਾਂ ਦੇ ਸਮਾਨਾਂਤਰ ਲੁੱਟ-ਚੋਂਘ ਦੇ ਸਮਾਜਕ ਰਿਸ਼ਤੇ, ਜਮਾਤੀ ਸਮਾਜ ਵਿੱਚ ਆਰਥਿਕ ਪੱਖੋਂ ਭਾਰੂ ਜਮਾਤ ਦੇ ਸੱਭਿਆਚਾਰ ਦੀ ਪ੍ਰਭੁਤਾ ਜਾਂ ਸਰਦਾਰੀ ਸਥਾਪਤ ਢੰਗ ਨਾਲ ਪ੍ਰਗਟ ਕਰਦਿਆਂ ਕਿਹਾ ਹੈ ਕਿ ਜਮਾਤੀ ਆਧਾਰਾਂ ਵਾਲੀ ਹਰ ਕੌਮ ਬੁਰਜੂਆਂ ਜਮਾਤ ਦੇ ਕੁਝ ਤੱਤਾਂ ਦੀ ਹੀ ਨਹੀਂ ਸਗੋਂ ਭਾਰੂ ਸੱਭਿਆਚਾਰ ਦੇ ਰੂਪ ਵਿੱਚ ਬੁਰਜੂਆਂ ਸੱਭਿਆਚਾਰ ਦੀ ਹੀ ਧਾਰਨੀ ਹੁੰਦੀ ਹੈ। ਇਸ ਪ੍ਰਸੰਗ ਵਿੱਚ ਇਹ ਸੰਕੇਤ ਕਰਨਾ ਵੀ ਜ਼ਰੂਰੀ ਹੈ ਕਿ ਸਮਾਜ ਦਾ ਆਰਥਿਕ ਨੀਂਹ ਅਤੇ ਸੱਭਿਆਚਾਰ ਦਾ ਸਿੱਧਾ ਇਕਹਿਰਾ ਸੰਬੰਧ ਨਹੀਂ ਹੁੰਦਾ ਸਗੋਂ ਇਹ ਦੋਵੇਂ ਦੁਅੰਦਾਤਮਕ ਰਿਸ਼ਤੇ ਵਿੱਚ ਬੱਝੇ ਹੁੰਦੇ ਹਨ।

**ਮੱਧਕਾਲੀਨ ਪੰਜਾਬੀ ਸੱਭਿਆਚਾਰ ਦਾ ਮੂਲ ਸੁਭਾ**

ਲਗਾਤਾਰ ਪੰਜਾਬ ਉੱਤੇ ਬਾਹਰਲੇ ਹਮਲਿਆਂ ਅਧੀਨ ਜੋ ਇੱਥੇ ਸਿਰਜਿਆ ਜਾਂਦਾ ਰਿਹਾ ਉਹ ਤਹਿਸ-ਨਹਿਸ ਹੁੰਦਾ ਰਿਹਾ।[4] ਨਿੰਰਤਰ ਦਬਾਓ ਥੱਲੇ ਪਲਣ ਵਾਲੀ ਮਾਨਸਿਕਤਾ ਜਾਂ ਤਾਂ ਬੀਮਾਰ,ਬੌਣੀ ਅਤੇ ਅਵਿਕਸਿਤ ਸ਼ਖ਼ਸੀਅਤ ਦੀ ਸਿਰਜਣਾ ਕਰਦੀ ਹੈ ਜਾਂ ਇਸ ਦਬਾਓ ਦੇ ਵਿਰੁੱਧ ਉਸਦਾ ਹੁੰਗਾਰਾ ਟਾਬਰੀ ਵਾਲਾ ਹੋਵੇ ਤਾਂ ਉਹ ਇੱਕ ਤੁੰਦਰਸਤ, ਸਿਰਜਨਾਤਮਕ, ਸ਼ਕਤੀਸ਼ਾਲੀ ਅਤੇ ਇਨਕਲਾਬੀ ਸੁਭਾ ਦੀ ਸ਼ਖ਼ਸੀਅਤ ਦੀ ਉਸਾਰੀ ਦਾ ਆਧਾਰ ਬਣਦੀ ਹੈ। ਪੰਜਾਬੀ ਮਾਨਸਿਕਤਾ ਨੂੰ ਨਿੰਰਤਰ ਇਤਿਹਾਸਕ ਦਬਾਓ ਪ੍ਰਤੀ ਮੁੱਖ ਤੌਰ ਤੇ ਦੂਸਰੀ ਕਿਸਮ ਦਾ ਹੁੰਗਾਰਾ ਹੀ ਭਰਿਆ ਹੈ। ਪੰਜਾਬ ਦੇ ਇਤਿਹਾਸ ਦੇ ਇਸ ਦੌਰ ਦਾ ਸਭ ਤੋਂ ਵਿਲੱਖਣ ਪੱਖ ਇਹ ਹੈ ਕਿ ਦੋ ਸਦੀਆਂ ਤੋਂ ਵੱਧ ਹਾਕਮ ਜਮਾਤਾਂ ਦੇ ਧਰਮ,ਸਾਹਿਤ, ਰਾਜਨੀਤੀ ਦੀ ਥਾਂ ਲੋਕ-ਹਿੱਤ ਦੇ ਪੈਂਤੜੇ ਵਾਲਾ ਧਰਮ, ਸਾਹਿਤ ਅਤੇ ਰਾਜਨੀਤੀ ਹੀ ਭਾਰੂ ਰਹੀ। ਪੰਜਾਬ ਵਿੱਚ ਸਾਮੰਤਵਾਦੀ ਆਰਥਿਕ-ਸਮਾਜਿਕ ਵਿਵਸਥਾ ਤੋਂ ਪੂੰਜੀਵਾਦੀ ਆਰਥਿਕ-ਸਮਾਜਿਕ ਬਣਤਰ ਵਲ ਦੇ ਵਿਕਾਸ ਦਾ ਅਮਲ ਅਤੇ ਇਸ ਅਮਲ ਉੱਤੇ ਸਾਡੇ ਚਲੇ ਆ ਰਹੇ ਭਾਰਤੀ-ਬ੍ਰਹਮਣਕ ਸੱਭਿਆਚਾਰ ਦੇ ਡੂੰਘੇ ਪ੍ਰਭਾਵ, ਉਸ ਦੇ ਦਖ਼ਲ ਜਾਂ ਉਸ ਰਾਹੀਂ ਅਦਾ ਕੀਤੇ ਗਏ ਰੋਲ ਦੀ ਡਾਇਲੈਕਟਿਕਸ ਨੂੰ ਵਿਸਥਾਰ ਨਾਲ ਜਾਣਨਾ ਜ਼ਰੂਰੀ ਹੋ ਜਾਂਦਾ ਹੈ।

**ਆਰਥਕਤਾ ਅਤੇ ਇਸ ਪ੍ਰਤੀ ਹੁੰਗਾਰੇ ਦਾ ਸੁਭਾ**

ਆਰਥਕ ਬਣਤਰ ਸੱਭਿਆਚਾਰ ਤਬਦੀਲੀ ਅਤੇ ਵਿਕਾਸ ਦਾ ਆਧਾਰ ਹੁੰਦੀ ਹੈ। ਆਜ਼ਾਦੀ ਤੋਂ ਬਾਅਦ ਪੰਜਾਬ ਦੀ ਖੇਤੀ ਆਰਥਿਕਤਾ ਵਿੱਚ ਬਹੁਤ ਥੋੜੇ ਸਮੇਂ ਵਿੱਚ ਤੇਜ਼ੀ ਨਾਲ ਤਬਦੀਲੀ ਵਾਪਰੀ ਵਿੱਚ ਆਰਥਕ ਸਮਾਜਕ ਜੁਗਾੜ ਜਾਂ ਸੰਸਥਾਈ ਸਹੂਲਤਾਂ, ਜਿਨ੍ਹਾਂ ਵਿੱਚ ਬਿਜਲੀ, ਸਿੰਚਾਈ ਦੇ ਸਾਧਨ, ਵਧੀਆ ਬੀਜਾਂ ਅਤੇ ਖਾਦਾਂ ਆਦਿ ਮੁਹੱਈਆ ਕਰਨ ਦੀ ਵਿਵਸਥਾ, ਪੰਜਾਬ ਵਿੱਚ ਪਹਿਲਾਂ ਬਸਤੀਵਾਦੀ ਲਾਗਤ ਕਾਰਣ ਅਤੇ ਬਾਅਦ ਵਿੱਚ ਲਗਭਗ ਹਰ ਸਰਕਾਰ ਨੇ ਇਸ ਪਾਸੇ ਧਿਆਨ ਦਿੱਤਾ ਤੇ ਇਹ ਪਹਿਲਾਂ ਨਾਲੋਂ ਵਧੀਆ ਅਤੇ ਵਿਕਸਤ ਰਹੀ। ਪੰਜਾਬ ਵਿੱਚ ਹੋਏ ਆਰਥਕ ਵਿਕਾਸ ਦੀ ਬਸਤੀਵਾਦੀ ਲੁੱਟ ਦਾ ਜਿੱਥੇ ਇਹ ਇੱਕ ਪਾਸੇ ਇਹ ਅਸਿੱਧਾ ਢੰਗ ਹੈ ਉੱਥੇ ਸਮੁੱਚੇ ਤੌਰ ਤੇ ਪੰਜਾਬ ਵਿੱਚ ਸਰਮਾਏਦਾਰੀ

ਆਰਥਕ ਵਿਵਸਥਾ ਦੇ ਵਿਰੋਧਾਂ ਅਤੇ ਹੋ ਰਹੀ ਲੁੱਟ-ਖਸੁੱਟ ਪ੍ਰਤੀ ਲੋਕਾਂ ਨੂੰ ਚੇਤਨ ਨਾ ਹੋਣ ਦੇਣ ਦਾ ਇੱਕ ਸਫ਼ਲ ਹਥਿਆਰ ਹੈ। ਮਨੁੱਖ ਨੂੰ ਆਪਣੀ ਹੋਂਦ, ਆਪਣੀ ਲੁੱਟ-ਖਸੁੱਟ ਸਿਰਜਨਾਤਮਕ ਸਮਰਥਾ ਤੋਂ ਊਣਾਂ ਕਰ ਦੇਣ ਲਈ ਖਪਤ-ਰੁਚੀ ਤੋਂ ਵਧੀਆ ਹੋਰ ਸਾਧਨ ਨਹੀਂ ਅਤੇ ਜੇ ਅਜਿਹੀ ਸੋਚ ਹੀ ਸਮਾਜਕ-ਸਭਿਆਚਾਰ ਖੇਤਰ ਦੀ ਭਾਰੀ ਸੋਚ ਹੋ ਤਾਂ ਜਮਾਤੀ ਸਮਾਜ ਵਿੱਚ ਸਰਮਾਏਦਾਰੀ ਦੀਆਂ ਜੜ੍ਹਾਂ ਦਾ ਸਦਾ ਲਈ ਕੁਦਰਤੀ ਹੈ।

**ਰਾਜਸੀ ਖੇਤਰ ਵਿੱਚ ਆਰਥਕ ਦਾ ਸੁਭਾ**

ਰਾਜਨੀਤੀ ਸਮਾਜ ਦੀ ਆਰਥਕ ਨੀਂਹ ਦੇ ਮੂਲ ਵਿਰੋਧਾਂ ਅਤੇ ਉਹਨਾਂ ਨਾਲ ਸਬੰਧਤ ਸੰਘਰਸ਼ ਦਾ ਹੀ ਸਮਾਜਕ ਪ੍ਰਗਟਾਵਾ ਹੁੰਦੀ ਹੈ। ਲੋਕਾਂ ਵਿੱਚ ਇਸਦੇ ਅਰਥ ਕੁਰਸੀ-ਯੁੱਧਾਂ ਤੱਕ ਹੀ ਸੀਮਤ ਹਨ। ਜਿਵੇਂ ਕਿ ਖੇਤੀ ਵਿੱਚ ਸਰਮਾਏਦਾਰੀ ਉਤਪਾਦਨ ਪ੍ਰਣਾਲੀ ਅਤੇ ਇਸਦੇ ਪੈਦਾਵਾਰੀ ਰਿਸ਼ਤਿਆਂ ਦੀ ਪ੍ਰਮੁੱਖਤਾ ਸਥਾਪਤ ਹੋ ਚੁੱਕੀ ਹੈ। ਪਿਛਲੇ ਇੱਕ ਦਹਾਕੇ ਵਿੱਚ ਰਾਜਸੀ ਸਭਿਆਚਾਰ ਆਪਣੇ ਮੁੱਢਲੇ ਅਤੇ ਅਵਿਕਸਤ ਰੂਪ ਵਿੱਚ ਸਥੂਲ ਰੂਪ ਗ੍ਰਹਿਣ ਕਰਨ ਵਲ ਤੁਰੀ ਹੈ। ਪਰ ਸਾਧਾਰਣ ਰੂਪ ਵਿੱਚ ਇਹ ਜਨਤਾ ਦਾ ਰਾਜਸੀ ਵਿਵਹਾਰ ਕਿਸੇ ਇੱਕ ਸਿਧਾਂਤਕ ਜਮਾਤੀ ਪੈਂਤੜੇ ਅਤੇ ਇਸ ਦ੍ਰਿਸ਼ਟੀ ਤੋਂ ਰਾਜਨੀਤੀ ਚੇਤਨਤਾ ਤੋਂ ਲਗਭਗ ਕੋਰਾ ਹੈ। ਹਰ ਦਿਨ ਪ੍ਰਤੀ ਜੀਵਨ ਦੀਆਂ ਔਕੜਾਂ, ਪ੍ਰਬੰਧਕੀ ਵਧੀਕੀਆਂ, ਆਰਥਕ ਸਹੂਲਤਾਂ ਅਤੇ ਪਾਰਲੀਮਾਨੀ ਰਾਜਨੀਤੀ ਆਦਿ ਇਸ ਦੌਰ ਦੇ ਰਾਜਸੀ ਹੁੰਗਾਰੇ ਦਾ ਪ੍ਰਮੁੱਖ ਆਧਾਰ ਹੈ।

ਮਨੁੱਖ ਦੀਆਂ ਬੁਨਿਆਦੀ ਲੋੜਾਂ ਤੋਂ ਲੈਕੇ ਵਿਲਾਸਤਾ ਵਾਲੀਆਂ ਵਸਤਾਂ ਤੱਕ ਸਭ ਕੁਝ ਸਿੱਧੇ ਜਾਂ ਅਸਿੱਧੇ ਤੌਰ ਤੇ ਪ੍ਰਕਿਰਤੀ ਨਾਲ ਸੰਬੰਧ ਰੱਖਦੇ ਹਨ। ਮਨੁੱਖ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਪ੍ਰਕਿਰਤੀ ਵਿਰੁੱਧ ਘੋਲ਼ ਕਰਦਾ ਹੈ। ਜੀਵਨ ਦੀਆਂ ਇਸ ਲੋੜਾਂ ਨੇ ਹੀ ਮਨੁੱਖ ਨੂੰ ਇਕ-ਦੂਜੇ ਦਾ ਸਹਿਯੋਗ ਪ੍ਰਾਪਤ ਕਰਨ ਅਤੇ ਸੰਦਾਂ ਦਾ ਨਿਰਮਾਣ ਕਰਨ ਲਈ ਉਕਸਾਇਆ ਹੈ। ਆਧੁਨਿਕ ਸਮਾਜ ਵਿੱਚ ਉੱਚ ਸ਼੍ਰੇਣੀ,ਮੱਧ ਸ਼੍ਰੇਣੀ ਤੇ ਨਿਮਨ ਸ਼੍ਰੇਣੀ ਦਾ ਬੁਨਿਆਦੀ ਆਧਾਰ ਉਹਨਾਂ ਦਾ ਆਰਥਿਕ ਪੱਧਰ ਹੁੰਦਾ ਹੈ। ਸਮਾਜ ਦੀ ਹਰ ਸ਼੍ਰੇਣੀ ਵਿੱਚ ਆਰਥਿਕ ਪੱਧਰ ਦੇਖਿਆ ਜਾ ਸਕਦਾ ਹੈ । ਕਿਸੇ ਸਮੇਂ ਵਿੱਚ ਇਹ ਸ਼੍ਰੇਣੀ ਰੂਪ ਗ਼ੁਲਾਮ ਅਤੇ ਗ਼ੁਲਾਮ ਮਲਾਇਕਾਂ ਦੇ ਰੂਪ ਵਿੱਚ ਹੁੰਦੀ ਸੀ ਤੇ ਫਿਰ ਦੂਸਰੇ ਸਮੇਂ ਇਹ ਮਜਾ਼ਰੇ ਅਤੇ ਭੂਮੀਪਤੀਆਂ ਦੇ ਰੂਪ ਵਿੱਚ ਬਦਲ ਜਾਂਦਾ ਹੈ ਜਦੋਂ ਕਿ ਪੂੰਜੀਵਾਦੀ ਦੌਰ ਵਿੱਚ ਇਹ ਰੂਪ ਮਜ਼ਦੂਰ ਅਤੇ ਪੂੰਜੀਪਤੀ ਦਾ ਰੂਪ ਧਾਰਨ ਕਰ ਲੈਂਦਾ ਹੈ। ਇਹਨਾਂ ਸਭ ਸ਼੍ਰੇਣੀ ਦੀ ਹੋਂਦ ਭਾਵੇਂ ਇਕ-ਦੂਜੇ ਦੇ ਕਾਰਨ ਹੀ ਹੁੰਦੀ ਹੈ ਪਰ ਇਹਨਾਂ ਦੇ ਹਿੱਤਾਂ ਇਕ-ਦੂਜੇ ਦੇ ਉਲਟ ਹੁੰਦੇ ਹਨ।[5]

ਮਾਰਕਸਵਾਦੀ ਵਿਧੀ ਵਿੱਚ ਸਮਾਜਕ ਸੰਰਚਨਾ ਨੂੰ ਆਧਾਰ ਅਤੇ ਉਸਾਰੂ ਦੇ ਦੋ ਪ੍ਰਮੁੱਖ ਪ੍ਰਵਰਗਾਂ ਵਿੱਚ ਪੇਸ਼ ਕੀਤਾ ਜਾਂਦਾ ਹੈ। ਉਤਪਾਦਨ ਦੇ ਸੰਬੰਧਾਂ ਦਾ ਸਰੂਪ, ਸਮਾਜ ਦੇ ਆਰਥਿਕ ਢਾਂਚਾ ਸਮਾਜਕ ਸੰਰਚਨਾ ਦਾ ਆਧਾਰ ਹੈ ਤੇ ਇਸ ਦੀਆਂ ਕਦਰਾਂ ਕੀਮਤਾਂ ਦੇ ਵਿਭਿੰਨ ਰੂਪ ਜਿਵੇਂ ਕਿ ਕਾਨੂੰਨ, ਧਰਮ, ਸਾਹਿਤ ਕਲਾ ਅਤੇ ਤਿੰਨ ਦੇ ਪ੍ਰਗਟਾਅ ਆਦਿ ਇਸ ਉਸਾਰ

ਦਾ ਰੂਪ ਬਣਦੇ ਹਨ। ਆਧਾਰ ਦੇ ਬਦਲਣ ਨਾਲ ਉਸਾਰ ਵੀ ਘੱਟ ਜਾਂ ਵੱਧ ਗਤੀ ਵਿੱਚ ਤਬਦੀਲ ਹੋ ਜਾਂਦਾ ਹੈ। ਸੱਭਿਆਚਾਰ ਸਮਾਜਕ ਉਪਜ ਹੈ ਤਾਂ ਆਰਥਕਤਾ ਸਮਾਜਕ ਰਿਸ਼ਤਿਆਂ ਨੂੰ ਪੈਦਾ ਕਰਨ ਵਾਲਾ ਮਹੱਤਵਪੂਰਨ ਤੱਤ ਹੈ।

ਆਰਥਕਤਾ ਸੱਭਿਆਚਾਰ ਲਈ ਇੱਕ ਮਹਤੱਵਪੂਰਨ ਅੰਸ਼ ਹੈ। ਸੱਭਿਆਚਾਰ ਦੇ ਮਹਤੱਵਪੂਰਨ ਪੜਾਵਾਂ ਦੀ ਵੰਡ ਹੁਣ ਤੱਕ ਸਭ ਤੋਂ ਵੱਧ ਸਾਰਥਕ ਅਤੇ ਤਰਕਸ਼ੀਲ ਢੰਗ ਨਾਲ ਆਰਥਕ ਆਧਾਰ ਉੱਤੇ ਹੀ ਕੀਤੀ ਮਿਲਦੀ ਹੈ। ਸੱਭਿਆਚਾਰ ਦੇ ਬਹੁਤ ਸਾਰੇ ਤੱਥਾਂ ਲਈ ਆਰਥਿਕਤਾ ਕਾਫ਼ੀ ਹੱਦ ਤਕ ਪ੍ਰਤੱਖ ਅਤੇ ਨਿਰਣਾਇਕ ਰੋਲ ਅਦਾ ਕਰਦੀ ਹੈ। ਪਰ ਉਹਨਾਂ ਪੱਖਾਂ ਦਾ ਅਧਿਐਨ ਕਰਨ ਉੱਤੇ ਵੀ ਜਿਹੜੀ ਸਿੱਧੀ ਤਰ੍ਹਾਂ ਤੇ ਆਰਥਕਤਾ ਨਾਲ ਸਬੰਧਤ ਨਹੀਂ, ਆਰਥਕ ਵਰਤਾਰਿਆਂ ਨਾਲ ਉਹਨਾਂ ਦਾ ਪ੍ਰਤੱਖ ਸੰਬੰਧ ਜ਼ਰੂਰ ਹੈ।

ਹਵਾਲੇ

1. ਫ਼ਰੈਂਕ, ਗੁਰਬਖ਼ਸ਼ ਸਿੰਘ (2017). ਸਭਿਆਚਾਰ ਅਤੇ ਪੰਜਾਬੀ ਸਭਿਆਚਾਰ.: ਵਾਰਿਸ਼ ਸ਼ਾਹ ਫ਼ਾਉਂਡੇਸ਼ਨ, ਅੰਮ੍ਰਿਤਸਰ ਪੰ. . 17

2. ਫ਼ਰੈਂਕ, ਗੁਰਬਖ਼ਸ਼ ਸਿੰਘ (2017). ਸਭਿਆਚਾਰ ਅਤੇ ਪੰਜਾਬੀ ਸਭਿਆਚਾਰ.: ਵਾਰਿਸ਼ ਸ਼ਾਹ ਫ਼ਾਉਂਡੇਸ਼ਨ. ਅੰਮ੍ਰਿਤਸਰ ਪੰ.. 18.

3. ਫ਼ਰੈਂਕ, ਗੁਰਬਖ਼ਸ਼ ਸਿੰਘ (2017). ਸਭਿਆਚਾਰ ਅਤੇ ਪੰਜਾਬੀ ਸਭਿਆਚਾਰ. ਵਾਰਿਸ਼ ਸ਼ਾਹ ਫ਼ਾਉਂਡੇਸ਼ਨ. ਅੰਮ੍ਰਿਤਸਰ ਪੰ.76.

4. ਰਵੀ, ਰਵਿੰਦਰ. ਆਰਥਿਕ ਵਿਕਾਸ ਅਤੇ ਸਭਿਆਚਾਰ ਤਬਦੀਲੀ.: ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ., ਪਟਿਆਲਾ ਪੰ. 243.

5. ਪੂਨੀ, ਬਲਬੀਰ ਸਿੰਘ (1991). ਸਭਿਆਚਾਰ, ਜਸਜੀਤ ਸਾਹਿਤ ਪ੍ਰਕਾਸ਼ਨ. ਅੰਮ੍ਰਿਤਸਰ: ਪੰ. 117.

## ਸੱਭਿਆਚਾਰ ਅਤੇ ਧਰਮ

**ਸਭਿਆਚਾਰ**:-ਸਭਿਆਚਾਰ ਸ਼ਬਦ ਮੂਲ ਰੂਪ ਵਿੱਚ ਦੋ ਸ਼ਬਦਾਂ "ਸਭਿਯ+ਆਚਾਰ" ਦਾ ਸਮਾਸ ਹੈ। ਅੰਗਰੇਜ਼ੀ ਭਾਸ਼ਾ ਵਿੱਚ ਸਮਾਨਾਰਥਕ ਸ਼ਬਦ Culture ਮੰਨਿਆ ਜਾਂਦਾ ਹੈ। ਸਭਿਆਚਾਰ ਤਿੰਨ ਸ਼ਬਦਾਂ "ਸ+ਭ+ਆਚਾਰ" ਦਾ ਮੇਲ ਹੈ। 'ਸ' ਦਾ ਅਰਥ ਪੂਰਵ 'ਭ' ਦਾ ਅਰਥ ਨਿਯਮ (ਆਚਾਰ) ਦਾ ਅਰਥ ਵਿਵਹਾਰ ਹੈ। ਇਸ ਤਰ੍ਹਾਂ ਪੂਰਵ ਨਿਸ਼ਚਿਤ ਨੇਮਾਂ ਦੁਆਰਾ ਕੀਤਾ ਗਿਆ ਵਿਵਹਾਰ ਤੇ ਵਿਹਾਰ ਸਭਿਆਚਾਰ ਹੈ।[1]

**ਧਰਮ:-** ਧਰਮ ਨੂੰ ਸਭਿਆਚਾਰ ਦਾ ਜਨਮ ਦਾਤਾ ਆਖਿਆ ਜਾਂਦਾ ਹੈ। ਧਰਮ ਸੰਸਾਰਕ ਦ੍ਰਿਸ਼ਟੀ ਪੇਸ਼ ਕਰਦਾ ਹੈ। ਧਰਮ ਇੱਕ ਸਭਿਆਚਾਰਕ ਸੰਸਥਾ ਹੈ। ਇਸ ਕਰਕੇ ਧਰਮ ਪੰਜਾਬੀ ਸਭਿਆਚਾਰ ਦਾ ਵੀ ਮੂਲ ਸੰਕੇਤ ਹੈ। ਪੰਜਾਬੀ ਸਭਿਆਚਾਰ ਤੇ ਵਿਕਾਸ ਅਤੇ ਪਰਿਵਰਤਨ ਵਿੱਚ ਸਮੇਂ-ਸਮੇਂ ਵੱਖੋ ਵੱਖ ਧਰਮਾਂ ਨੇ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਹਿੰਦੂ ਧਰਮ ਤੇ ਪ੍ਰਾਚੀਨ ਰਸਮ ਰਿਵਾਜ, ਰਹਿਣੀ ਬਹਿਣੀ, ਵਹਿਮ ਭਰਮ ਅਤੇ ਉਨ੍ਹਾਂ ਦੀਆਂ ਧਾਰਮਿਕ ਪਰੰਪਰਾਵਾਂ ਜੋ ਉਹਨਾਂ ਦੇ ਘਰਾਂ ਵਿੱਚ ਅਜੇ ਤਕ ਚਲੀਆ ਆ ਰਹੀਆਂ ਹਨ ਦਾ ਮੁੱਖ ਸਰੋਤ ਉਨ੍ਹਾਂ ਦੇ ਪ੍ਰਾਚੀਨ ਧਾਰਮਿਕ ਗ੍ਰੰਥ ਹਨ ਜਿਨ੍ਹਾਂ ਵਿਚੋਂ ਉਸ ਸਮੇਂ ਦੇ ਲੋਕਾਂ ਦਾ ਸਭਿਆਚਾਰਕ ਚਿਤ੍ਰਣ ਕੀਤਾ ਮਿਲਦਾ ਹੈ।

ਇਸੇ ਤਰ੍ਹਾਂ ਇਸਲਾਮ ਧਰਮ ਦੇ ਪ੍ਰਵੇਸ਼ ਨਾਲ ਮੁਸਲਮਾਨੀ ਸਭਿਆਚਾਰ ਵੀ ਪੰਜਾਬੀ ਸਭਿਆਚਾਰ ਦਾ ਇੱਕ ਅੰਗ ਬਣ ਗਿਆ। ਮੁਸਲਮਾਨੀ ਸਭਿਆਚਾਰ ਦਾ ਮੁੱਖ ਸਰੋਤ ਉਨ੍ਹਾਂ ਦੇ ਧਾਰਮਿਕ ਆਗੂਆਂ ਸੂਫ਼ੀ ਫਕੀਰਾਂ ਦੇ ਕਲਾਮ ਵਿਚੋਂ ਮਿਲਦਾ ਹੈ। ਸੂਫ਼ੀ ਫਕੀਰ ਬਾਬਾ ਫਰੀਦ ਦੀ ਮਿੱਠੀ ਅਤੇ ਰਸੀਲੀ ਬਾਣੀ ਨੇ ਮੁਸਲਮਾਨੀ ਸਭਿਆਚਾਰ ਨੂੰ ਫੈਲਾਉਣ ਵਿੱਚ ਬੜਾ ਯੋਗਦਾਨ ਪਾਇਆ। ਉਨ੍ਹਾਂ ਦੇ ਮਲੋਕਾਂ ਵਿੱਚ ਪੰਜਾਬੀ ਸਭਿਆਚਾਰ ਦਾ ਚਿਤ੍ਰਣ ਕੀਤਾ ਮਿਲਦਾ ਹੈ।

ਸਿੱਖ ਸਭਿਆਚਾਰ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਰੱਖੀ ਜਿਸ ਦੁਆਰਾ ਕਿਰਤ ਕਰਨਾ ਨਾਮ ਜਪਣਾ ਅਤੇ ਵੰਡ ਛਕਣਾ ਪ੍ਰਚਲਿਤ ਹੋਇਆ। ਸਿੱਖਾਂ ਦੇ ਧਰਮ ਗ੍ਰੰਥ 'ਗੁਰੂ ਗ੍ਰੰਥ ਸਾਹਿਬ' ਵਿੱਚ ਪੰਜਾਬੀ ਜੀਵਨ ਅਤੇ ਸਭਿਆਚਾਰ ਦੀ ਤਸਵੀਰ ਪੇਸ਼ ਕੀਤੀ ਗਈ ਹੈ। ਪੰਜਾਬ ਦੇ ਸਭਿਆਚਾਰ ਨੂੰ ਗੁਰੂ ਨਾਨਕ ਦੇਵ ਜੀ ਨੇ ਅਣਖ ਅਤੇ ਦਲੇਰੀ ਬਖਸ਼ੀ ਜਿਵੇਂ:

ਜੇ ਜੀਵੈ ਪਤਿ ਲਖੀ ਜਾਇ

ਸਭ ਹਰਾਮੁ ਜੇਤਾ ਕਿਛੁ ਥਾਇ।

ਵਿਸ਼ਿਸ਼ਟ ਧਰਮ ਪੰਜਾਬੀ ਸਭਿਆਚਾਰ ਦਾ ਮੂਲ ਸਰੋਤ ਹਨ। ਵਿਸ਼ਿਸ਼ਟ ਧਰਮਾਂ ਦੇ ਇੱਕ ਸਾਂਝੇ ਪੰਜਾਬੀ ਸਭਿਆਚਾਰ ਨੂੰ ਉਸਾਰਨ ਦੀ ਥਾਂ ਹਿੰਦੂ ਸਭਿਆਚਾਰ, ਮੁਸਲਮਾਨੀ ਸਭਿਆਚਾਰ, ਸਿੱਖ ਸਭਿਆਚਾਰ ਹੀ ਉਸਾਰਿਆ ਹੈ। ਸਾਨੂੰ ਸਾਂਝੇ ਪੰਜਾਬੀ ਸਭਿਆਚਾਰ ਦੀ ਸਹੀ ਝਲਕ ਲੋਕ ਧਰਮ ਵਿੱਚੋਂ ਦ੍ਰਿਸ਼ਟਮਾਨ ਹੁੰਦੀ ਹੈ। ਲੋਕ ਧਰਮ ਹਿੰਦੂਆ ਸਿੱਖਾਂ ਅਤੇ

ਮੁਸਲਮਾਨਾਂ ਦਾ ਸਾਂਝਾ ਧਰਮ ਹੈ ਦੇਵੀ ਦੇਵਤੇ, ਮੜ੍ਹੀ ਮਸਾਣ, ਪੀਰ-ਫਕੀਰ, ਤਕੀਏ ਸਮਾਧਾਂ ਸਭ ਦੀ ਪੂਜਾ ਸਭ ਵਰਗਾਂ ਦੇ ਲੰਕ ਕਰਦੇ ਹਨ।

**ਸਭਿਆਚਾਰ ਅਤੇ ਧਰਮ**:-ਸਭਿਆਚਾਰ ਵਾਂਗ ਹੀ ਧਰਮ ਸ਼ਬਦ ਵੀ ਜਟਿਲ ਅਤੇ ਵਿਆਪਕ ਅਰਥਾਂ ਦਾ ਵਾਚਕ ਹੈ। ਮੁਢਲੇ ਕਾਲ ਦੇ ਮਾਨਵ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਪ੍ਰਕਿਰਤੀ ਹੀ ਸੀ। ਪ੍ਰਕਿਰਤੀ ਇਕੋ ਸਮੇਂ ਮਨੁੱਖ ਦੇ ਸਾਹਮਣੇ ਦੋ ਰੂਪਾਂ ਵਿੱਚ ਮੌਜੂਦ ਸੀ, ਅਰਥਾਤ ਮਨੁੱਖ ਦੀ ਪੈਦਾਵਾਰ ਜੇ ਪ੍ਰਕ੍ਰਿਤਿਕ ਕਾਰਨਾ ਤੇ ਨਿਰਭਰ ਕਰਦੀ ਹੈ ਤਾਂ ਉਸ ਦੇ ਵਿਨਾਸ਼ ਦਾ ਕਾਰਨ ਵੀ ਪ੍ਰਕਿਰਤੀ ਦੀ ਬਣਦੀ ਹੈ। ਇਹੋ ਕਾਰਨ ਹੈ ਕਿ ਮਨੁੱਖੀ ਕਲਪਨਾ ਅਤੇ ਵਿਸ਼ਵਾਸ ਨੇ ਪ੍ਰਕਿਰਤੀ ਦੇ ਮਾਰੂ ਪ੍ਰਭਾਵ ਨੂੰ ਭੂਤ, ਪ੍ਰੇਤ, ਜਿੰਨ, ਚੁੜੇਲ ਅਤੇ ਰਾਖਸ਼ਾਂ ਦੇ ਵਿਭਿੰਨ ਰੂਪਾਂ ਦਾ ਦਰਜਾ ਦੇ ਦਿੱਤਾ। ਪਰੰਤੂ ਨਾਲ ਨਾਲ ਪ੍ਰਕਿਰਤੀ ਮਨੁੱਖ ਲਈ ਉਸਾਰੂ ਕਾਰਜ ਵੀ ਕਰਦੀ ਰਹੀ ਹੈ। ਧੁੱਪ ਹਵਾ, ਪਾਣੀ, ਅੱਗ, ਅਨਾਜ ਇਹ ਮਨੁੱਖ ਨੂੰ ਜੀਵਤ ਰੱਖਣ ਲਈ ਲਾਜ਼ਮੀ ਤੱਤ ਹਨ। ਇਸ ਲਈ ਇਹਨਾਂ ਨੂੰ ਦੇਵ ਸ਼ਰੇਣੀ ਵਿੱਚ ਸ਼ਾਮਿਲ ਕਰ ਲਿਆ ਗਿਆ। ਇਸੇ 'ਦੇਵ' ਸ਼ਰੇਣੀ ਦਾ ਵਿਕਸਤ ਰੂਪ ਹੀ ਧਰਮ ਦਾ ਬੁਨਿਆਦੀ ਨੁਕਤਾ ਹੈ। ਪ੍ਰਕਿਰਤੀ ਦੇ ਉਸਾਰੂ ਪੱਖ ਨੂੰ ਮਨੁੱਖ ਦੇਵੀ ਸ਼ਕਤੀਆਂ ਦਾ ਰੂਪ ਮੰਨਦਾ ਹੈ।[2]

**ਧਰਮ ਦਾ ਵਿਸ਼ਲੇਸ਼ਣ ਕੀਤਿਆਂ, ਇਸ ਦੇ ਤਿੰਨ ਪੱਖ ਉਘੜ ਕੇ ਸਾਹਮਣੇ ਆਉਂਦੇ ਹਨ**:-

- ਇਹ ਕੋਈ ਸੰਸਾਰਦ੍ਰਿਸ਼ਟੀਕੋਣ ਪੇਸ਼ ਕਰਦਾ ਹੈ।-
- ਇਸ ਦ੍ਰਿਸ਼ਟੀਕੋਨ ਅਨੁਸਾਰ ਇਹ ਵਿਹਾਰ ਦੇ ਨਿਯਮ ਘੜਦਾ ਹੈ।
- ਇਹ ਇੱਕ ਸੰਗਠਨ ਪੇਸ਼ ਕਰਦਾ ਹੈ। ਜਿਹੜਾ ਹੋਰਨਾਂ ਕਾਰਜਾਂ ਤੋਂ ਇਲਾਵਾ, ਆਪਣੇ ਅਨੁਆਈਆਂ ਵਿੱਚ ਸਾਂਝ ਅਤੇ ਇਕਮਿਕਤਾ ਪੈਦਾ ਕਰਦਾ ਹੈ।

ਇਹ ਤਿੰਨੇ ਹੀ ਪੱਖ ਮੁੱਖ ਤੌਰ ਉੱਤੇ ਸਭਿਆਚਾਰ ਦੇ ਬੋਧਾਤਮਕ ਅਤੇ ਪ੍ਰਤਿਮਾਨਕ ਅੰਗਾ ਨਾਲ ਸੰਬੰਧ ਰੱਖਦੇ ਹਨ।[3]

ਧਰਮ ਨੂੰ ਕਈ ਵਾਰੀ ਸਭਿਆਚਾਰ ਦਾ ਸਮਾਨਾਰਥੀ, ਇਸ ਦਾ ਜਨਮ ਦਾਤਾ, ਇਸ ਦਾ ਆਧਾਰ ਜਾ ਇਸ ਦੀ ਚਾਲਕ ਸ਼ਕਤੀ ਦੱਸਿਆ ਜਾਂਦਾ ਹੈ। ਪਰ ਅਸਲ ਵਿੱਚ ਧਰਮ ਆਪ ਇੱਕ ਸਭਿਆਚਾਰ ਸਿਰਜਣਾ ਹੈ। ਧਰਮ ਦੀ ਹੋਂਦ ਪੂਰਵ-ਇਤਿਹਾਸਕ ਕਾਲ ਵਿੱਚ ਵੀ ਮਿਲਦੀ ਹੈ। ਨਵੀਨ ਖੋਜ ਨੇ ਇਹ ਪੂਰੀ ਤਰ੍ਹਾਂ ਸਾਬਤ ਕਰ ਦਿੱਤਾ ਹੈ ਕਿ ਆਰੀਆ ਲੋਕਾਂ ਤੋਂ ਪਹਿਲਾਂ ਵੀ ਇਸ ਧਰਤੀ ਉਤੇ ਵਸਦੀਆਂ ਦਰਾਵੜ ਤੇ ਕੋਲ ਜਾਤੀਆਂ ਵਿੱਚ ਧਰਮ ਅਤੇ ਧਾਰਮਿਕ ਭਾਵਨਾਵਾਂ ਪੂਰੀ ਤਰ੍ਹਾਂ ਪ੍ਰਚਲਿਤ ਸਨ। ਆਰੀਆਂ ਜਾਤੀ ਦੀਆਂ ਅਨੇਕਾਂ ਧਾਰਮਿਕ ਰਸਮਾਂ ਅਤੇ ਪੂਜਾ ਵਿਧੀਆਂ ਦਾ ਮੂਲ ਦਰਾਵੜ ਜਾਤੀ ਨਾਲ ਜੁੜਦਾ ਹੈ। ਦਰਾਵੜਾਂ ਦਾ ਵਿਸ਼ਵਾਸ ਸੀ ਕਿ ਮੌਤ ਤੋਂ ਮਗਰੋਂ ਰੂਹਾਂ ਰੁਖਾਂ ਪੱਛੀਆਂ ਜਾ ਡੰਗਰਾਂ ਵਿੱਚ ਚਲੀਆਂ ਜਾਂਦੀਆਂ ਹਨ। ਆਰੀਆਂ ਲੋਕਾਂ ਨੇ ਇਸੇ ਸੰਕਲਪ ਵਿੱਚ ਥੋੜੀ ਜਿਹੀ ਸੋਧ ਕਰਕੇ ਇਹ ਧਾਰਨਾ ਬਣਾ ਲਈ ਕਿ ਰੂਹ ਪਿਛਲੇ ਜਨਮ

ਦੇ ਫਲਸਰੂਪ ਮੁਕਤ ਹੋਣ ਲਈ ਆਰੀਆ ਲੋਕਾਂ ਨੇ 'ਮੁਕਤੀ' ਦਾ ਸੰਕਲਪ ਅਪਣਾਇਆ। ਹੌਲੀ-ਹੌਲੀ ਧਰਮ ਅਰਥ, ਕਾਮ,ਮੋਥ ਭਾਰਤੀ-ਸਭਿਆਚਾਰ ਦੇ ਬੁਨਿਆਦੀ ਤੱਤ ਬਣ ਗਏ।

ਸਭਿਆਚਾਰ ਅਤੇ ਧਰਮ ਆਪਸ ਵਿੱਚ ਅੰਤਰ ਸੰਬੰਧਤ ਹਨ। ਭਾਵੇਂ ਕਈ ਵਾਰ ਇਹ ਕਿਹਾ ਜਾਂਦਾ ਹੈ ਕਿ ਧਰਮ ਬਿਨਾ ਰਾਜ ਹੋ ਸਕਦਾ ਹੈ ਪਰ ਰਾਜ ਬਿਨ੍ਹਾਂ ਧਰਮ ਨਹੀਂ ਪਰ ਫਿਰ ਵੀ ਅਸੀਂ ਕਹਿ ਸਕਦੇ ਹਾਂ ਕਿ ਕੋਈ ਵੀ ਰਾਜ ਅਜਿਹਾ ਨਹੀਂ ਹੋਵੇਗਾ ਜਿੱਥੋਂ ਦੇ ਲੋਕਾਂ ਦੇ ਕੁੱਝ ਵਿਸ਼ਵਾਸ ਨਾ ਹੋਣ ਇਹ ਵਿਸ਼ਵਾਸ ਹੀ ਧਰਮ ਦਾ ਆਧਾਰ ਹੁੰਦੇ ਹਨ। ਧਰਮ ਉਹ ਸੰਸਥਾ ਹੈ ਜੋ ਕਿਸੇ ਸਭਿਆਚਾਰ ਵਿੱਚ ਰਹਿਣ ਲਈ ਜੀਵ ਨੂੰ ਨੈਤਿਕ ਗੁਣ ਸਿਖਾਉਂਦਾ ਹੈ।

ਸੰਸਾਰ ਵਿੱਚ ਹਰ ਥਾਂ ਤੇ ਅਲੱਗ ਅਲੱਗ ਸਭਿਆਚਾਰ ਤੇ ਧਰਮ ਪਾਏ ਜਾਂਦੇ ਹਨ ਜਿਨ੍ਹਾਂ ਦੇ ਆਪਣੇ ਅਲੱਗ ਅਲੱਗ ਨਿਯਮ ਹੋਣਗੇ ਤੇ ਇਹ ਦੋਵੇਂ ਇੱਕ ਦੂਜੇ ਨਾਲ ਅੰਤਰ ਸਥਾਪਿਤ ਹੁੰਦੇ ਹਨ। ਭਾਵ ਹਰੇਕ ਸਭਿਆਚਾਰ ਉੱਥੋਂ ਦੇ ਧਰਮ ਦਾ ਸਰੂਪ ਨਿਸ਼ਚਿਤ ਕਰਦਾ ਹੈ ਤੇ ਹਰ ਧਰਮ ਦੇ ਸਭਿਆਚਾਰ ਦੇ ਸਰੂਪ ਤੇ ਆਪਣਾ ਪ੍ਰਭਾਵ ਪਾਉਂਦਾ ਹੈ। ਇਸੇ ਤਰ੍ਹਾਂ ਇੱਕ ਭਾਰਤੀ ਪੰਜਾਬ ਦੇ ਸਿੱਖ ਤੇ ਇੱਕ ਵਿਦੇਸ਼ੀ ਸਿੱਖ ਦੇ ਰਹਿਣ ਸਹਿਣ ਵਿੱਚ ਵੀ ਫਰਕ ਹੋਵੇਗਾ ਭਾਵੇਂ ਇਹਨਾਂ ਦੇ ਵੀ ਬੁਨਿਆਦੀ ਪੱਖ ਇਕੋ ਜਿਹੇ ਹੀ ਹਨ।

**ਵਿਸ਼ਿਸ਼ਟ ਧਰਮ:-** ਵਿਸ਼ਿਸ਼ਟ ਧਰਮ ਜਾਂ ਸੰਸਥਾਈ ਧਰਮ ਤੋਭਾਵ ਧਰਮ ਦੇ ਉਸ ਰੂਪ ਤੋਂ ਹੈ। ਜਿਸ ਦੀ ਸਥਾਪਨਾ ਕਿਸੇ ਵਿਅਕਤੀ ਵਰਗ ਵੱਲੋਂ ਕੀਤੀ ਜਾਂਦੀ ਹੈ। ਹਰ ਵਿਸ਼ਿਸ਼ਟ ਧਰਮ ਦੀ ਆਪਣੀ ਵੱਖਰੀ ਵਿਚਾਰਧਾਰਾ ਹੁੰਦੀ ਹੈ। ਜਿਸ ਦੇ ਅਨੁਸਾਰ ਉਸਦੇ ਨਿਯਮ ਅਤੇ ਮਨਾਹੀਆਂ ਦੀ ਸਥਾਪਨਾ ਹੁੰਦੀ ਹੈ। ਵਿਸ਼ਿਸ਼ਟ ਧਰਮ ਦਾ ਕੋਈ ਨਾਮ ਹੁੰਦਾ; ਜਿਵੇਂ ਹਿੰਦੂ ਧਰਮ, ਜੈਨ ਧਰਮ, ਬੁੱਧ ਧਰਮ, ਇਸਲਾਮ ਧਰਮ, ਈਸਾਈ ਧਰਮ ਅਤੇ ਸਿੱਖ ਧਰਮ ਆਦਿ। ਵਿਸ਼ਿਸ਼ਟ ਧਰਮ ਦੀ ਇੱਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਇਸ ਦੇ ਨਿਯਮ ਮਨਾਹੀਆਂ ਅਤੇ ਹਿਦਾਇਤਾਂ ਲਿਖਤੀ ਰੂਪ ਵਿੱਚ ਸੁਰਖਿਅਤ ਹੁੰਦੀਆਂ ਹਨ। ਹਿੰਦੂ ਧਰਮ ਦੇ ਵੇਦ ਸ਼ਾਸ਼ਤਰ ਸਿਮਰਤੀਆਂ ਪੁਰਾਣ, ਜੈਨ ਧਰਮ ਦੇ ਆਚਾਰਾਗ, ਬੁੱਧ ਧਰਮ ਦੇ ਵਿਨੱਪਿਟਕ, ਇਸਲਾਮੀ ਧਰਮ ਦੀ ਕੁਰਾਨ ਸ਼ਰੀਫ਼, ਈਸਾਈ ਧਰਮ ਦੀ ਪਵਿੱਤਰ ਬਾਈਬਲ, ਸਿੱਖ ਧਰਮ ਦੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਜਿਹੇ ਹੀ ਲਿਖਤੀ ਗ੍ਰੰਥ ਹਨ। ਜਿਹੜੇ ਸੰਬੰਧਤ ਧਰਮ ਦੇ ਲੋਕਾਂ ਦੀ ਰਾਹਨੁਮਾਈ ਕਰਦੇ ਹਨ। ਹਰ ਵਿਸ਼ਿਸ਼ਟ ਧਰਮ ਦਾ ਕੋਈ ਨਾ ਕੋਈ ਪੂਜਾ ਸਥਾਨ ਹੁੰਦਾ ਹੈ, ਹਿੰਦੂ ਧਰਮ ਲਈ ਮੰਦਰ, ਬੋਧੀਆਂ ਲਈ ਮੱਠ, ਸਾਈਆਂ ਲਈ ਚਰਚ, ਮੁਸਮਾਨਾਂ ਲਈ ਮਸਜਿਦ, ਸਿੱਖਾਂ ਲਈ ਗੁਰੂਦੁਆਰਾ ਅਜਿਹੇ ਹੀ ਧਾਰਮਿਕ ਸਥਾਨ ਦੇ ਨਾਮ ਹਨ।

**ਲੋਕ ਧਰਮ:-** ਲੋਕ ਧਰਮ ਵਿਸ਼ਿਸ਼ਟ ਧਰਮ ਤੋਂ ਵੱਖਰਾ ਸੰਕਲਪ ਹੈ। ਇਸ ਵਿੱਚ ਲੋਕ ਜੀਵਨ ਦੀਆਂ ਅਨੇਕਾਂ ਆਪ ਮੁਹਾਰੀਆਂ ਲਹਿਰਾਂ ਦੀ ਝਲਕ ਹੁੰਦੀ ਹੈ। ਵਹਿਮ ਭਰਮ ਅਤੇ ਲੋਕ ਵਿਸ਼ਵਾਸ ਲੋਕ ਧਰਮ ਦਾ ਆਧਾਰ ਹੁੰਦੇ ਹਨ। ਡਰ, ਭੋਖਲੇ, ਸ਼ੰਕੇ ਅਤੇ ਭੈ ਤੋਂ ਲੋਕ ਧਰਮ ਦੀ ਹੋਂਦ ਨਿਰਧਾਰਿਤ ਕਰਨ ਵਿੱਚ ਸਹਾਈ ਹੁੰਦੇ ਹਨ। ਲੋਕ ਧਰਮ ਮਾਨਵਤਾ ਦਾ ਹਾਣੀ ਹੈ। ਇਸ ਦੇ ਅਰਥ ਖੇਤਰ ਵਿੱਚ ਨਰਗ ਸੁਰਗ ਚੁਰਾਸੀ ਲੱਖ ਜੂਨਾਂ ਦਾ ਭੈ ਅਤੇ ਵਿਸ਼ਵਾਸ, ਮੰਨਤਾ,ਸੁੱਖਣਾ,ਚੜ੍ਹਾਵੇ,

ਵਰਤ, ਤੀਰਥ ਯਾਤਰਾ, ਤੀਰਥ ਇਸ਼ਨਾਨ, ਸੂਰਜ/ਚੰਦ ਗ੍ਰਹਿਣ ਬਾਰੇ ਵਿਸ਼ਵਾਸ, ਪੂਜਾ, ਪਾਠ, ਜੰਤਰ, ਮੰਤਰ, ਧਾਗੇ, ਤਵੀਤ, ਸ਼ਰਾਧ, ਸ਼ਗਨ, ਅਪਸ਼ਗਨ, ਆਦਿ ਅਨੇਕਾਂ ਪੱਖ ਸ਼ਾਮਿਲ ਹੁੰਦੇ ਹਨ।

ਧਰਮ ਦੇ ਇਹ ਦੋਵੇਂ ਰੂਪ ਸਭਿਆਚਾਰ ਦੇ ਮਹੱਤਵ ਪੂਰਨ ਪੱਖ ਤਾਂ ਹਨ ਪਰ ਇਹ ਸਭਿਆਚਾਰ ਦੇ ਸਮਾਨਾਰਥੀ ਨਹੀਂ ਹਨ। ਨਾ ਹੀ ਕੋਈ ਧਰਮ ਕਿਸੇ ਸਭਿਆਚਾਰ ਦਾ ਇਕੋ ਇੱਕ ਨਿਰਧਾਰਨੀ ਤੱਤ ਹੁੰਦਾ ਹੈ। ਧਰਮ ਮਨੁੱਖ ਦੀ ਸਭਿਆਚਾਰਕ ਪ੍ਰਾਪਤੀ ਹੈ। ਕਿਸੇ ਇਕੋ ਸਭਿਆਚਾਰ ਅੰਦਰ ਅਨੇਕਾਂ ਧਰਮ ਖਲਰ ਸਕਦੇ ਹਨ ਪਰ ਕਿਸੇ ਇੱਕ ਧਰਮ ਵਿੱਚ ਵੱਖ ਵੱਖ ਸਭਿਆਚਾਰਾਂ ਦੇ ਸਮੁੱਚੇ ਰੂਪ ਸਮਾ ਸਕਣ। ਇਹ ਸੰਭਵ ਨਹੀਂ ਹੈ। ਧਰਮ ਅਤੇ ਸਭਿਆਚਾਰ ਦੋਵੇਂ ਹੀ ਪਰਿਵਰਤਨਸ਼ੀਲ ਹਨ। ਦੋਵੇਂ ਇੱਕ ਦੂਜੇ ਨੂੰ ਘੱਟ ਜਾਂ ਵੱਧ ਮਾਤਰਾ ਵਿੱਚ ਪ੍ਰਭਾਵਿਤ ਕਰਦੇ ਹਨ।

ਹਵਾਲੇ

1. ਸਿੰਘ, ਡਾ. ਜਸਵਿੰਦਰ, ਪੰਜਾਬੀ ਸਭਿਆਚਾਰ ਪਛਾਣ ਚਿੰਨ੍ਹ,ਪੰਨਾ 25

2. ਜੋਸ਼ੀ, ਪ੍ਰੋ ਜੀਤ ਸਿੰਘ, ਸਭਿਆਚਾਰ ਸਿਧਾਂਤ ਤੇ ਵਿਵਹਾਰ, ਪੰਨਾ 31

3. ਫਰੈਂਕ, ਪ੍ਰੋ ਗੁਰਬਖ਼ਸ਼ ਸਿੰਘ, ਸਭਿਆਚਾਰ ਤੇ ਪੰਜਾਬੀ ਸਭਿਆਚਾਰ, ਪੰਨਾ 9

## ਸਭਿਆਚਰ ਤੇ ਰਾਜਨੀਤੀ

ਸਭਿਆਚਰ ਤੇ ਰਾਜਨੀਤੀ ਆਪਸ ਵਿੱਚ ਇੱਕ ਦੂਜੇ ਤੋਂ ਪ੍ਰਭਾਵਿਤ ਹੁੰਦੇ ਹਨ। ਦੋਵੇਂ ਇੱਕ ਦੂਜੇ ਦੇ ਪੂਰਕ ਦੀ ਤ੍ਰਾਂ ਕਾਰਜ ਕਰਦੇ ਹਨ।ਵੈਦਿਕ ਸਮਿਆਂ ਤੋਂ ਹੀ ਧਰਮ ਰਾਜਨੀਤਿਕ ਦ੍ਰਿਸ਼ਟੀ ਦਾ ਅਧਾਰ ਰਿਹਾ ਹੈ।ਮੌਜੂਦਾ ਸਮੇਂ ਵਿਚ ਭਾਰਤ ਵਿਚ ਧਰਮ ਅਧਾਰਿਤ ਰਾਜਨੀਤੀ ਨੇ ਬਹੁਵਾਦੀ ਰਾਸ਼ਟਰਵਾਦ ਉੱਪਰ ਆਪਣਾ ਪਰਛਾਵਾਂ ਗਹਿਰਾ ਕਰ ਦਿੱਤਾ ਹੈ।ਇਕ ਅਜਿਹੀ ਰਾਸ਼ਟਰਵਾਦੀ ਪਛਾਣ ਬਣਾਉਣ ਉੱਪਰ ਜੋਰ ਦਿੱਤਾ ਜਾ ਰਿਹਾ ਹੈ ਜੋ ਘੱਟ-ਗਿਣਤੀਆਂ ਨੂੰ ਨਜ਼ਰਅੰਦਾਜ਼ ਕਰਦੀ ਹੈ ਅਤੇ ਉਨ੍ਹਾਂ ਨੂੰ ਹਾਸ਼ੀਏ 'ਤੇ ਧੱਕ ਦਿੰਦੀ ਹੈ।ਪਿਛਲੇ ਦਹਾਕੇ ਤੋਂ ਧਰਮ ਅਧਾਰਿਤ ਰਾਜਨੀਤੀ ਨੇ ਜਿਆਦਾ ਪ੍ਰਮੁੱਖਤਾ ਹਾਸਿਲ ਕਰ ਲਈ ਹੈ।੨੦੧੬ ਵਿਚ ਅਮਰੀਕੀ ਰਾਸ਼ਟਰਪਤੀ ਦੀ ਚੋਣ ਸਮੇਂ ਅਤੇ ਉਸ ਤੋਂ ਬਾਅਦ ਡੋਨਲਡ ਟਰੰਪ ਦੇ ਕਾਰਜਕਾਲ ਦੌਰਾਨ ਧਰਮ ਨੂੰ ਕੇਂਦਰ ਵਿਚ ਰੱਖਿਆ ਗਿਆ।ਕੋਸਟਾ ਰਿਕਾ ਵਰਗੇ ਉਦਾਰਵਾਦੀ ਮੁਲਕ ਵਿਚ ਰਾਸ਼ਟਰਪਤੀ ਚੋਣਾਂ ਸਮੇਂ ਇਕ ਉਮੀਦਾਵਰ, ਜੋ ਕਿ ਈਸਾਈ ਪਿਛੋਕੜ ਨਾਲ ਸੰਬੰਧਿਤ ਸੀ, ਦੁਆਰਾ ਧਰਮ ਨੂੰ ਆਧਾਰ ਬਣਾਇਆ ਗਿਆ।ਇਸੇ ਤਰਾਂ ਹੀ ਬ੍ਰਾਜੀਲ ਵਰਗੇ ਮੁਲਕ ਵਿਚ ਰੱਬ ਦਾ ਨਾਂ ਪ੍ਰਮੁੱਖਤਾ ਨਾਲ ਵਰਤਿਆ ਗਿਆ।ਯੂਰੋਪ ਦੇ ਕੁਝ ਹਿੱਸਿਆ, ਲੈਟਿਨ ਅਮਰੀਕਾ, ਰੂਸ ਅਤੇ ਤੁਰਕੀ ਨਾਲ ਸੰਬੰਧਿਤ ਨਵੇਂ ਗਣਤੰਤਰਾਂ ਵਿਚ ਰਾਜਨੀਤਿਕ ਖੇਤਰ ਵਿਚ ਧਰਮ ਮਹੱਤਵਪੂਰਨ ਰੋਲ ਅਦਾ ਕਰਦਾ ਹੈ।ਭਾਵੇਂ ਭਾਰਤ ਇਕ ਧਰਮ-ਨਿਰਪੱਖ ਗਣਤੰਤਰ ਹੈ, ਪਰ ਭਾਰਤੀ ਰਾਜਨੀਤਿਕ ਦ੍ਰਿਸ਼ ਵਿਚ ੧੯੬੦ਵਿਆਂ ਦੀ ਸ਼ੁਰੂਆਤ ਤੋਂ ਹੀ ਧਰਮ ਰਾਜਨੀਤੀ ਨਾਲ ਰਲਗੱਡ ਰਿਹਾ ਹੈ।ਭਾਰਤ ਦੀ ਪ੍ਰਮੱੁਖ ਅਤੇ ਸਭ ਤੋਂ ਪੁਰਾਣੀ ਰਾਜਨੀਤਿਕ ਪਾਰਟੀ ਕਾਂਗਰਸ ਨੇ ਰਾਜਨੀਤਿਕ ਪ੍ਰਗਟਾਵੇ ਲਈ ਹਮੇਸ਼ਾ ਧਰਮ ਨੂੰ ਵਰਤਿਆ ਹੈ।ਮੌਜੂਦਾ ਸੱਤਾਧਾਰੀ ਪਾਰਟੀ ਧਰਮ ਨੂੰ ਆਪਣੇ ਹਿੱਤਾਂ ਲਈ ਵਰਤਣ ਵਿਚ ਹੋਰ ਵੀ ਜਿਆਦਾ ਮੂੰਹਫੱਟ ਸ਼ਪੱਸ਼ਟਵਾਦੀ ਰਹੀ ਹੈ ਜੋ ਕਿ ਇਸ ਦੀ ਸ਼ੁਰੂਆਤ ਤੋਂ ਹੀ ਇਸ ਦਾ ਮੁੱਖ ਅਧਾਰ ਰਿਹਾ ਹੈ।ਬੀਜੇਪੀ ਦੀ ਰਾਜਨੀਤਿਕ-ਧਾਰਮਿਕ ਸਹਿਜੀਵਤਾ ਨੇ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਲਈ ਧਾਰਮਿਕ ਬਹੁਸੰਖਿਆਵਾਦ ਨੂੰ ਵੈਧ ਬਣਾ ਦਿੱਤਾ ਹੈ।ਚੁਣਾਵੀ ਪ੍ਰੀਕਿਰਿਆ ਵਿਚ ਬੀਜੇਪੀ ਦੇ ਉਦੈ ਨੇ ਭਾਰਤ ਦੇ ਧਰਮ-ਨਿਰਪੱਖ ਖਾਸੇ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ।

ਭਾਰਤ ਦਾ ਧਰਮ ਨਿਰਪੱਖ ਖਾਸਾ ਅਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਵਿਚ ਰਾਜਨੀਤਿਕ ਹਿੱਤਾਂ ਲਈ ਲੋਕਾਂ ਦੇ ਜੋਸ਼ ਨੂੰ ਹਵਾ ਦੇਣ ਲਈ ਧਰਮ ਦੇ ਆਲੇ-ਦੁਆਲੇ ਹੀ ਘੁੰਮਦਾ ਰਿਹਾ ਹੈ।ਕਾਂਗਰਸ ਪਾਰਟੀ ਭਾਵੇਂ ਜਨਤਕ ਰੂਪ ਵਿਚ ਧਰਮ-ਨਿਰਪੱਖਤਾ ਲਈ ਵਚਨਬੱਧ ਸੀ, ਪਰ ਰਾਜਨੀਤਿਕ ਸਮੀਕਰਨਾਂ ਲਈ ਇਸ ਨੇ ਵੀ ਸਮੇਂ-ਸਮੇਂ ਤੇ, ਖਾਸ ਕਰਕੇ ਇੰਦਰਾ ਗਾਂਧੀ ਦੀ ਅਗਵਾਈ ਵਿਚ, ਧਰਮ ਨੂੰ ਵਰਤਿਆ।ਮੱਧ-ਯੁੱਗ ਤੋਂ ਹੀ ਭਾਰਤੀ ਬਰੇ-ਸਗੀਰ ਵਿਚ ਧਰਮ ਅਤੇ ਰਾਜਨੀਤੀ ਦਾ ਰਿਸ਼ਤਾ ਬਹੁਤ ਹੀ ਗਹਿਰੇ ਰੂਪ ਵਿਚ ਪ੍ਰਮੁੱਖ ਬਿਰਤਾਂਤ ਰਿਹਾ ਹੈ।੧੯੪੭ ਵਿਚ ਭਾਰਤ ਦੀ ਖੂਨੀ ਵੰਡ ਵੀ ਧਰਮ ਅਧਾਰਿਤ ਰਾਜ ਬਣਾਉਣ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਹੋਈ।

ਇਤਿਹਾਸਿਕ ਪੱਖ ਤੋਂ ਦੇਖਦਿਆਂ ਧਰਮ ਨੇ ਰਾਜਨੀਤਿਕ ਲਾਮਬੰਦੀ ਵਿਚ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਹੈ।ਧਰਮ ਦੀਆਂ ਵਿਆਪਕ ਵਿਚਾਰਧਾਰਾਵਾਂ ਨੇ ਰਾਜਨੀਤਿਕ ਸਿਧਾਂਤਾਂ ਨੂੰ ਵੀ ਪ੍ਰਭਾਵਿਤ ਕੀਤਾ ਹੈ।ਇਸਲਾਮ ਨੇ ਪਛਾਣ ਅਧਾਰਿਤ ਰਾਜਨੀਤੀ ਦੀ ਜ਼ਮੀਨ ਤਿਆਰ ਕੀਤੀ, ਈਸਾਈ ਵਿਚਾਰਧਾਰਾ ਨੇ ਪੱਛਮੀ ਰਾਜਨੀਤਿਕ ਪਰਿਦ੍ਰਿਸ਼ ਨੂੰ ਪ੍ਰਭਾਵਿਤ ਕੀਤਾ ਹੈ, ਯਹੂਦੀਵਾਦ ਨੇ ਯਹੂਦੀ ਰਾਜ ਦੀ ਨੀਂਹ ਰੱਖੀ ਅਤੇ ਸਹਿੰਦੂਵਾਦੀ ਵਿਚਾਰਧਾਰਾ ਭਾਰਤੀ ਵਿਚ ਹਿੰਦੂਵਾਦੀ ਰਾਜਨੀਤੀ ਦਾ ਮੁੱਖ ਅਧਾਰ ਰਹੀ ਹੈ।ਮਹਾਤਮਾ ਗਾਂਧੀ ਨੇ ਆਪਣੀ ਸਵੈ-ਜੀਵਨੀ ਵਿਚ ਇਹ ਟਿੱਪਣੀ ਕੀਤੀ ਹੈ ਜੋ ਕਹਿੰਦੇ ਹਨ ਕਿ ਰਾਜਨੀਤੀ ਵਿਚ ਧਰਮ ਦਾ ਕੋਈ ਰੋਲ ਨਹੀ ਹੈ, ਅਸਲ ਵਿਚ ਧਰਮ ਦੀ ਮਹੱਤਤਾ ਤੋਂ ਜਾਣੂ ਨਹੀਂ ਹਨ।ਸੰਸਾਰ ਦਾ ਮੌਜੂਦਾ ਰਾਜਨੀਤਿਕ ਪਰਿਦ੍ਰਿਸ਼ ਗਾਂਧੀ ਦੀ ਟਿੱਪਣੀ ਦੀ ਗਵਾਹੀ ਭਰਦਾ ਹੈ।ਰਾਸ਼ਟਰਵਾਦ ਨੂੰ ਅਜ਼ਾਦੀ ਲਈ ਰਾਸ਼ਟਰੀ ਪਛਾਣ ਅਤੇ ਰਾਜਨੀਤਿਕ ਅਤੇ ਧਾਰਮਿਕ ਹਿੰਸਾ ਨੂੰ ਬੜਾਵਾ ਦੇਣ ਵਿਚ ਧਰਮ ਨੇ ਮਹਤੱਵਪੂਰਨ ਰਾਜਨੀਤਿਕ ਸ਼ਕਤੀ ਵਜੋਂ ਕੰਮ ਕੀਤਾ ਹੈ।ਇਸ ਦੇ ਉਲਟ ਰਾਜਨੀਤਿਕ ਚਿੰਤਕਾਂ ਜਿਵੇਂ ਕਿ ਜਾਹਨ ਲੌਕ ਨੇ ਵਿਚਾਰ ਪੇਸ਼ ਕੀਤਾ ਸੀ ਕਿ ਤਰਕ, ਤਰਕਵਾਦ ਦੇ ਉਭਾਰ ਨਾਲ ਧਾਰਮਿਕ ਰਾਜਨੀਤਿਕ ਸੱਭਿਆਚਾਰ ਸਮੇਂ ਨਾਲ ਫਿੱਕਾ ਪੈ ਜਾਵੇਗਾ।ਪਰ ਅਸਲ ਵਿਚ ਧਰਮ ਨੇ ਆਪਣੇ ਆਪ ਨੂੰ ਹੋਰ ਵੀ ਸ਼ਕਤੀਸ਼ਾਲੀ ਰੂਪ ਵਿਚ ਸਥਾਪਿਤ ਕਰ ਲਿਆ ਹੈ ਜਿਸ ਨੇ ਵਿਸ਼ਵੀ ਰਾਜਨੀਤੀ, ਸਮਾਜਿਕ ਢਾਂਚੇ ਅਤੇ ਆਰਥਿਕਤਾ ਨੂੰ ਪ੍ਰਭਾਵਿਤ ਕੀਤਾ ਹੈ।ਇਸ ਨੂੰ ਹਿੰਦੂਵਾਦੀ ਵਿਚਾਰਧਾਰਾ, ਲੈਟਿਨ ਅਮਰੀਕਾ ਵਿਚ ਧਾਰਮਿਕ ਅਜ਼ਾਦੀ, ਇਰਾਨ ਵਿਚ ਇਸਲਾਮਿਕ ਕ੍ਰਾਂਤੀ, ਯੂਗੋਸਾਲਵੀਆ ਦਾ ਬੋਸਨੀਆ, ਕਸੋਵੋ ਅਤੇ ਕ੍ਰੋਸ਼ੀਆ ਵਿਚ *ਟੁੱਟਣ* ਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ।ਪੱਛਮੀ ਏਸ਼ੀਆ ਵਿਚ ਚੱਲ ਰਹੇ ਸੰਘਰਸ਼ ਵਿਚ ਧਰਮ ਨੂੰ ਦੈਵੀ ਰੂਪ ਮੰਨਣ ਤੋਂ ਲੈ ਕੇ ਧਾਰਮਿਕ ਚਿੰਨ੍ਹਵਾਦ ਮਹੱਤਵਪੂਰਨ ਪੱਖ ਰਿਹਾ ਹੈ।

ਰਾਜਨੀਤੀ ਅਤੇ ਧਰਮ ਨੂੰ ਅਲੱਗ-ਅਲੱਗ ਸਮਝਣ ਦਾ ਵਿਚਾਰ ਸੌਲਵੀ ਸਦੀ ਦੇ ਮੱਧ ਵਿਚ ਯੂਰਪੀ ਗਿਆਨਵਾਦ ਨਾਲ ਸ਼ੁਰੂ ਹੋਇਆ।ਇਸ ਗਿਆਨਵਾਦੀ ਪਰੰਪਰਾ ਨੇ ਮੱਧਯੁੱਗੀ ਕੈਥੋਲਿਕ ਚਰਚ ਦੀ ਪ੍ਰਭੂਸੱਤਾ ਨੂੰ ਚੁਣੌਤੀ ਦਿੱਤੀ ਜਿਸ ਦੀ ਮਨੁੱਖੀ ਹੋਂਦ ਉੱਪਰ ਅਧਿਆਤਮਕ ਅਤੇ ਲੌਕਿਕ ਉੱਪਰ ਪਕੜ ਸੀ।ਅੰਗਰੇਜ਼ ਦਾਰਸ਼ਨਿਕ ਜੌਹਨ ਲੌਕ ਦੇ ਯਤਨਾਂ ਨਾਲ ਵਿਭਿੰਨ ਵਿਰੋਧੀ ਅਵਾਜ਼ਾਂ ਅਤੇ ਇਜ਼ਹਾਰ ਦਾ ਉਦੈ ਹੋਇਆ।ਉਸ ਨੇ ਧਰਮ ਅਤੇ ਰਾਜਨੀਤੀ ਨੂੰ ਵੱਖ ਕਰਨ ਲਈ ਸਪੱਸ਼ਟ ਰੇਖਾ ਖਿੱਚੀ ਅਤੇ ਇਸ ਨੂੰ ਮਨੁੱਖੀ ਤਰਕ ਅਤੇ ਅਸਲੀਅਤ ਦੇ ਅਲੱਗ ਅੱਲਗ ਪੱਖ ਦੱਸਿਆ।ਲੌਕ ਦਾ ਮੰਨਣਾ ਸੀ ਕਿ ਧਰਮ ਨਿੱਜੀ ਵਿਅਕਤੀਗਤ ਵਿਚਾਰ ਅਤੇ ਵਿਸ਼ਵਾਸ ਹੈ ਜਦੋਂ ਕਿ ਰਾਜਨੀਤੀ ਇਕ ਸੱਭਿਅਕ ਮਨੱੁਖ ਦੀ ਤਰਕ ਉੱਪਰ ਅਧਾਰਿਤ ਨਾਗਰਿਕ ਅਤੇ ਜਨਤਕ ਮਸਲਿਆਂ ਵਿਚ ਸ਼ਮੂਲੀਅਤ ਹੈ।ਇਨ੍ਹਾਂ ਹੀ ਵਿਚਾਰਾਂ ਨੂੰ ਬਾਅਦ ਵਿਚ ਅਠਾਰਵੀ ਸਦੀ ਵਿਚ ਜਰਮਨ ਦਾਰਸ਼ਨਿਕ ਇਮੈਨੂਅਲ ਕਾਂਤ ਨੇ ਹੋਰ ਪੱਕਿਆ ਕੀਤਾ।ਉਸ ਨੇ ਰਾਜਨੀਤਿਕ ਸੱਤਾ ਦੇ ਸੰਦਰਭ ਵਿਚ ਧਰਮ ਦੀਆਂ ਸੀਮਾਵਾਂ ਉੱਪਰ ਜੋਰ ਦਿੱਤਾ।ਅਮਰੀਕਾ ਦੇ ਸੰਸਥਾਪਕਾਂ ਨੇ ਇਹਨਾਂ ਹੀ ਆਲੋਚਨਾਤਮਿਕ ਪੱਖਾਂ ਨੂੰ ਧਿਆਨ ਵਿਚ

ਰੱਖਿਆ। ਇਸੇ ਤਰਾਂ ਹੋਰ ਯੂਰਪੀ ਰਾਜਾਂ ਵਿਚ ਵੀ ਸੱਭਿਅਕ ਸਮਾਜ ਅਤੇ ਰਾਜਨੀਤਿਕ ਸੱਤਾ ਸਥਾਪਿਤ ਕਰਨ ਲਈ ਚਰਚ ਅਤੇ ਰਾਜ ਵਿਚ ਸਪੱਸ਼ਟ ਹੱਦਬੰਦੀ ਕੀਤੀ ਗਈ।

ਸਮਾਜਿਕ ਚਿੰਤਕਾਂ ਅਤੇ ਦਾਰਸ਼ਨਿਕਾਂ ਨੇ ਇਸ ਗੱਲ ਉੱਪਰ ਜੋਰ ਦਿੱਤਾ ਕਿ ਧਰਮ ਮਨੁੱਖੀ ਦਿਮਾਗ ਦਾ ਕਾਲਪਨਿਕ ਅਚੇਤਨ ਪੱਖ ਹੈ।ਧਰਮ ਨੂੰ ਰਾਜਨੀਤੀ ਤੋਂ ਅਲੱਗ ਕਰਕੇ ਦੇਖਣ ਨੂੰ ਅਜ਼ਾਦ ਮਨੁੱਖੀ ਇਜ਼ਹਾਰ ਅਤੇ ਸੱਭਿਅਕ ਨਾਗਰਿਕ ਸਮਾਜ ਵਿਚ ਰਾਜਨੀਤਿਕ ਢਾਂਚੇ ਦਾ ਪ੍ਰਤੀਕ ਮੰਨਿਆ ਗਿਆ। ਇਤਿਹਾਸ ਵਿਚ ਸਾਨੂੰ ਵਿਲੱਖਣ ਸਖ਼ਸ਼ੀਅਤ ਵਾਲੇ ਵਿਅਕਤੀਆਂ ਦੀਆਂ ਉਦਾਹਰਣਾਂ ਵੀ ਮਿਲਦੀਆਂ ਹਨ ਜਿਨ੍ਹਾਂ ਨੂੰ ਪੈਗੰਬਰ ਮੰਨਿਆ ਗਿਆ।ਸਿੱਖ ਗੁਰੂਆਂ ਨੇ ਵੀ ਪ੍ਰਚਲਿਤ ਰਸਮਾਂ-ਰੀਤਾਂ, ਧਾਰਮਿਕ ਪ੍ਰਭੂਸੱਤਾ, ਰਾਜਨੀਤਿਕ ਸ਼ਕਤੀ ਅਤੇ ਉਨ੍ਹਾਂ ਦੀ ਪਰੰਪਰਿਕ ਸੱਤਾ ਨੂੰ ਚੁਣੌਤੀ ਦੇ ਕੇ ਜਿਉਣ ਦੇ ਨਵੇਂ ਢੰਗ ਅਤੇ ਵਿਚਾਰਾਂ ਦੀ ਗੱਲ ਕੀਤੀ। ਇਸ ਨੇ ਪ੍ਰਚਲਿਤ ਧਾਰਮਿਕ ਰਾਜਨੀਤਿਕ ਸ਼ਕਤੀ ਦੇ ਵਿਰੁੱਧ ਸੁਧਾਰਵਾਦ ਦੇ ਯੁੱਗ ਦੀ ਸ਼ੁਰੂਆਤ ਕੀਤੀ।ਦੱਖਣੀ ਅਮਰੀਕਾ ਅਤੇ ਭਾਰਤ ਵਿਚ ਬਸਤੀਵਾਦੀ ਤਾਕਤਾਂ ਨੇ ਧਾਰਮਿਕ ਰਾਜਨੀਤਿਕ ਮਹੱਤਤਾ ਉੱਪਰ ਜੋਰ ਦਿੱਤਾ।ਇੱਥੋਂ ਤੱਕ ਕਿ ਆਧੁਨਿਕ ਅਮਰੀਕਾ ਨੇ ਵੀ ਧਰਮ ਨੂੰ ਰਾਜਨੀਤਿਕ ਸੰਦਰਭ ਵਿਚ ਪ੍ਰਭਾਸ਼ਿਤ ਕੀਤਾ।ਪ੍ਰਭੂਸੱਤਾ ਪ੍ਰਾਪਤੀ ਕਰਨ ਦੀ ਤਰਤੀਬ ਵਿਚ ਸੱਤਾਧਾਰੀ ਧਿਰ ਲੋਕਾਂ ਦੀ ਬਿਰਤੀ ਧਰਮ ਨਾਲ ਜੋੜ ਕੇ ਧਰਮ ਅਤੇ ਰਾਜਨੀਤੀ ਦੇ ਰਲਗੱਡ ਤੋਂ ਫਾਇਦਾ ਲੈਣ ਦੀ ਤਾਕ ਵਿਚ ਰਹਿੰਦੇ ਹਨ।ਇਸ ਤਰਾਂ ਦੋਹਾਂ ਨੂੰ ਰਲਗੱਡ ਕਰ ਦੇਣਾ ਰਾਜ ਅਤੇ ਧਰਮ ਦੀ ਵੱਖਰਤਾ ਵਿਚਲੀ ਬਾਰੀਕ ਰੇਖਾ ਨੂੰ ਧੁੰਦਲਾ ਕਰ ਦਿੰਦਾ ਹੈ ਅਤੇ ਇਹ ਮਜਬੂਤ ਸੰਗਠਿਤ ਰਾਸ਼ਟਰੀ ਪਛਾਣ ਬਣਨ ਦੇ ਰਾਹ ਵਿਚ ਵੀ ਰੋੜਾ ਬਣਦਾ ਹੈ।

ਧਰਮ, ਅਧਿਆਤਮਿਕਤਾ ਅਤੇ ਰਾਜਨੀਤਿਕ ਸ਼ਕਤੀ ਦੇ ਸਰੂਪ ਅਤੇ ਸੰਬੰਧ ਉੱਪਰ ਆਲੋਚਨਾਤਿਮਕ ਵਿਚਾਰ ਪਲੇਟੋ ਦੇ ਸਮੇਂ ਤੋਂ ਹੀ ਚੱਲਦਾ ਆ ਰਿਹਾ ਹੈ।ਪ੍ਰਾਚੀਨ ਯੂਨਾਨ ਵਿਚ ਅਰਸਤੂ ਦੀ ਰਾਜਨੀਤੀ, ਮੱਧ-ਭਾਰਤ ਵਿਚ ਕੌਟਿਲਯਾ ਦਾ ਅਰਥ-ਸ਼ਾਸਤਰ, ਪ੍ਰਾਚੀਨ ਇਸਲਾਮ ਵਿਚ ਅਰਬ ਦੇ ਧਾਰਮਿਕ ਗਿਆਤਾ, ਮੱਧਯੁਗ ਦੇ ਵਿਚਾਰਕ ਜਿਵੇਂ ਰੋਮਨ ਅਫਰੀਕਨ ਦਾਰਸ਼ਨਿਕ ਅਗਸਟਾਈਨ, ਇਟਾਲੀਅਨ ਪੁਜਾਰੀ ਅਤੇ ਰਾਜਨੀਤਿਕ ਦਾਰਸ਼ਨਿਕ ਐਕੁਅਨਿਸ, ਯਹੂਦੀ ਦਾਰਸ਼ਨਿਕ ਮੇਮੋਨਾਈਡਸ ਇਸ ਦੀਆਂ ਕੁਝ ਉਦਾਹਰਣਾਂ ਹਨ ਜਿਨ੍ਹਾਂ ਨੇ ਦੈਵੀ ਅਤੇ ਰਾਜਨੀਤੀ ਦੇ ਆਦਰਸ਼ਕ ਸੰਤੁਲਨ ਦੀ ਗੱਲ ਕੀਤੀ ।ਉਹ ਕਿਸੇ ਅਲੌਕਿਕ ਸ਼ਕਤੀ ਤੋਂ ਬਿਨਾਂ ਤਰਕ ਅਧਾਰਿਤ ਵਿਸ਼ਵਾਸ ਨੂੰ ਮਹੱਤਤਾ ਦਿੰਦੇ ਸਨ।ਧਰਮ ਅਤੇ ਰਾਜਨੀਤੀ ਦੀ ਵਿਵਸਥਾ ਕਾਰਲ ਮਾਰਕਸ ਦੇ ਰਾਜਨੀਤਿਕ ਦਰਸ਼ਨ ਵਿਚ ਵੀ ਬਹੁਤ ਮਹੱਤਵਪੂਰਨ ਹੈ।ਉਹ ਧਰਮ ਅਤੇ ਰਾਜਨੀਤੀ ਨੂੰ ਰਲਗੱਡ ਕਰਨ ਦਾ ਆਲੋਚਕ ਸੀ। ਆਪਣੇ ਸ਼ੁਰੂਆਤੀ ਵਰ੍ਹਿਆਂ ਵਿਚ ਉਹ ਧਰਮ ਨੂੰ ਰਹੱਸਵਾਦੀ ਇਜ਼ਹਾਰ ਉੱਪਰ ਅਧਾਰਿਤ ਵਿਚਾਰਧਾਰਾ ਮੰਨਦਾ ਸੀ। ਆਪਣੀ ਬਾਅਦ ਦੀ ਜ਼ਿੰਦਗੀ ਵਿਚ ਉਸ ਦੇ ਵਿਚਾਰਾਂ ਵਿਚ ਤਬਦੀਲੀ ਆਈ ਅਤੇ ਉਹ ਸਮਾਜ ਅਤੇ ਰਾਜਨੀਤੀ ਲਈ ਧਰਮ ਨੂੰ ਇਕ ਉਮੀਦ ਦੇ ਰੂਪ ਵਿਚ ਦੇਖਦਾ ਹੈ।

ਰਾਜਨੀਤਿਕ ਵਿਸ਼ਵਾਸ ਰਾਸ਼ਟਰੀ ਰਾਜਨੀਤਿਕ ਭਾਗੀਦਾਰੀ ਵਿਚ ਮਹੱਤਵਪੂਰਨ ਰੋਲ ਅਦਾ ਕਰਦੇ ਹਨ ਜਿਵੇਂ ਕਿ ਮੌਜੂਦਾ ਸਮੇਂ ਵਿਚ ਭਾਰਤ ਵਿਚ ਹਿੰਦੂਵਾਦੀ ਵਿਚਾਰਧਾਰਾ ਉੱਪਰ ਅਧਾਰਿਤ ਸਥਾਪਤੀ ਨੂੰ ਸੰਗਠਿਤ ਰੂਪ ਵਿਚ ਮੱਧਯੁੱਗੀ ਵਰਣ ਵਿਵਸਥਾ ਦੇ ਅਧਾਰ ਤੇ ਵੰਡੇ ਸਮਾਜ ਅਤੇ ਧਰਮ ਅਤੇ ਰਾਜਨੀਤੀ ਦੇ ਰਲਗੱਡ ਨੇ ਤਾਨਾਸ਼ਾਹੀ ਨਿਯੰਤਰਣ ਦੇ ਦਿੱਤਾ ਹੈ ਜਿਸ ਕਾਰਣ ਉਹ ਆਪਣੇ ਆਪ ਨੂੰ ਹਿੰਦੂਵਾਦੀ ਵਿਚਾਰਧਾਰਾ ਦੇ ਇਕੋ-ਇਕ ਰਖਵਾਲੇ ਮੰਨਦੇ ਹਨ।ਧਰਮ ਅਤੇ ਰਾਜਨੀਤੀ ਦੀ ਸਮਰੂਪਤਾ ਅਤੇ ਸੰਬੰਧ ਉੱਪਰ ਅਧਾਰਿਤ ਸੁਮੇਲਤਾ ਵਾਲੇ ਰਾਜ ਅਤੇ ਸਮਾਜ ਦੇ ਭਰਮ ਨੂੰ ਤਰਕ ਅਤੇ ਵਿਚਾਰ ਸਹਿਤ ਦੇਖਣ ਦੀ ਲੋੜ ਹੈ।

ਰਾਜਨੀਤਿਕ ਸੱਤਾ ਦਾ ਦੈਵੀ ਰੂਪ ਹੋਣ ਦਾ ਮੱਧਯੁੱਗੀ ਵਿਚਾਰ ਅੱਜ ਦੇ ਰਾਜਨੀਤਿਕ ਪ੍ਰਬੰਧ ਵਿਚ ਆਪਣਾ ਮਹੱਤਵ ਗੁਆ ਲਿਆ ਹੈ।ਭਾਰਤ ਵਰਗੇ ਧਰਮ ਨਿਰਪੱਖ ਦੇਸ਼ ਵਿਚ ਅਜੇ ਵੀ ਧਰਮ ਅਧਾਰਿਤ ਰਹੱਸਵਾਦ, ਮਿਥਿਹਾਸ ਅਤੇ ਹਿੰਦੂਵਾਦੀ ਰਸਮਾਂ-ਰੀਤਾਂ ਨੂੰ ਰਾਜਨੀਤਿਕ ਸ਼ਕਤੀ ਦਾ ਅਧਾਰ ਬਣਾਇਆ ਜਾਂਦਾ ਹੈ।ਵਿਕਸਿਤ ਦੇਸ਼ਾਂ ਨੇ ਲੋਕਾਂ ਦੀ ਸਹਿਮਤੀ ਉੱਪਰ ਅਧਾਰਿਤ ਉਦਾਰਵਾਦੀ ਲੋਕਤੰਤਰ ਦੀ ਵਿਵਸਥਾ ਨੂੰ ਕਿਸੇ ਦੈਵੀ ਸ਼ਕਤੀ ਉੱਪਰ ਅਧਾਰਿਤ ਵਿਵਸਥਾ ਨੂੰ ਪਹਿਲ ਦਿੱਤੀ ਹੈ।੧੯੬੦ਵਿਆਂ ਤੋਂ ਪ੍ਰਮੁੱਖ ਨਾਰੀਵਾਦੀ ਚਿੰਤਕ ਵੀ ਧਰਮ ਦੀ ਪਿੱਤਰ ਸੱਤਾਤਮਕ ਵਿਵਸਥਾ ਅਤੇ ਵਰਗਬੰਦੀ ਨੂੰ ਪ੍ਰਸ਼ਨ ਦੇ ਘੇਰੇ ਵਿਚ ਲੈ ਕੇ ਆ ਰਹੇ ਹਨ।

ਧਰਮ ਅਤੇ ਰਾਜਨੀਤੀ ਨੂੰ ਵੱਖ-ਵੱਖ ਕਰਕੇ ਚੱਲਣ ਦੀਆਂ ਕੋਸ਼ਿਸ਼ਾਂ ਨੂੰ ਉਸ ਢੰਗ ਨਾਲ ਬੂਰ ਨਹੀ ਪਿਆ ਹੈ ਜਿਸ ਤਰਾਂ ਦੀ ਤਸੱਵਰ ਜੌਹਨ ਲੌਕ ਅਤੇ ਜੈਫਰਸਨ ਜਿਹੇ ਦਾਰਸ਼ਨਿਕਾਂ ਨੇ ਕੀਤਾ ਸੀ। ਇਸ ਦੇ ਉਲਟ ਧਰਮ ਅਤੇ ਰਾਜਨੀਤੀ ਦੇ ਰਲਗੱਡ ਨੇ ਨਾਗਰਿਕ ਧਰਮ, ਧਾਰਮਿਕ ਰਾਸ਼ਟਰਵਾਦ ਅਤੇ ਇਸ ਤੋਂ ਉਪਜਦੀ ਹਿੰਸਾ ਦੀ ਹੋਂਦ ਨਾਲ ਹੋਰ ਗੁੰਝਲਤਾਈਆਂ ਨੂੰ ਜਨਮ ਦਿੱਤਾ ਹੈ।ਗਾਂਧੀ ਨੇ ਇਹ ਤਸੱਵਰ ਵੀ ਨਹੀਂ ਕੀਤਾ ਹੋਣਾ ਕਿ ਉੱਤਰ-ਬਸਤੀਵਾਦੀ ਭਾਰਤ ਵਿਚ ਧਰਮ ਇਸ ਤਰਾਂ ਦਾ ਰੋਲ ਅਦਾ ਕਰੇਗਾ ਜਿੱਥੇ ਧਰਮ ਰਾਜਨੀਤੀ, ਰਾਸ਼ਟਰਵਾਦੀ ਵਿਚਾਰਧਾਰਾ ਅਤੇ ਪਛਾਣ ਉੱਪਰ ਹਾਵੀ ਹੈ।

ਭਾਰਤੀ ਸੰਵਿਧਾਨ ਅਨੁਸਾਰ, ਸੈਨਿਕ ਬਲ (ਥਲ-ਸੈਨਾ, ਜਲ-ਸੈਨਾ ਤੇ ਹਵਾਈ ਸੈਨਾ), ਗ਼ੈਰ-ਸਿਆਸੀ ਅਸਲੇ (ਕਰੈਕਟਰ) ਅਤੇ ਆਧਾਰ ਵਾਲੇ ਹਨ। ਪਰ, 1947 ਵਿੱਚ ਭਾਰਤ ਤੇ ਪਾਕਿਸਤਾਨ ਦੀ ਵੰਡ ਤੋਂ ਬਾਅਦ, ਖ਼ੁਦਗਰਜ਼ ਰਾਜਨੀਤਕ ਲੀਡਰਾਂ ਵੱਲੋਂ ਇਨ੍ਹਾਂ ਬਲਾਂ ਦੇ ਸਿਆਸੀਕਰਨ ਦਾ ਖ਼ਤਰਨਾਕ ਰੁਝਾਨ ਵਧਦਾ ਹੀ ਜਾ ਰਿਹਾ ਹੈ। ਭਾਰਤ ਦੇ ਉੱਤਰ-ਪੂਰਬੀ ਰਾਜਾਂ (ਸੂਬਿਆਂ) ਵਿੱਚ ਸਦੀਆਂ ਤੋਂ ਵਸਦੇ ਆ ਰਹੇ ਵੱਖੋ-ਵਖਰੀਆਂ ਸਭਿਆਤਾਵਾਂ ਵਾਲੇ ਟਰਾਈਬਲਜ਼ (ਨਾਗਿਆਂ ਦੇ ਤਕਰੀਬਨ ਡੇਢ ਦਰਜਨ ਅਲੱਗ-ਅਲੱਗ ਫ਼ਿਰਕੇ, ਮਨੀਪੁਰ ਤੇ ਤ੍ਰਿਪੁਰਾ ਵਿਚਲੇ ਐਥੇਨਿਕ ਫ਼ਿਰਕੇ, ਆਸਾਮ ਵਿਚਲੇ ਕੁੱਝ ਕੁ ਫ਼ਿਰਕੇ, ਉਤਰਾਂਚਲ ਤੇ ਅਰੁਨਾਚਲ ਵਿਚਾਲੇ ਐਥੇਨਿਕ ਟਰਾਈਬਲ ਫ਼ਿਰਕੇ ਆਦਿ) ਐਥੇਨਿਕ ਫ਼ਿਰਕੇ

ਆਪੋ-ਆਪਣੀਆਂ ਸਭਿਆਤਾਵਾਂ ਅਤੇ ਰਵਾਇਤਾਂ ਨੂੰ ਬਰਕਰਾਰ ਰੱਖਣ ਲਈ (ਖ਼ੁਦਮੁਖ਼ਤਿਆਰ ਖਿੱਤਿਆਂ ਦੀ ਮੰਗ ਲਈ) ਕਾਫ਼ੀ ਅਰਸੇ ਤੋਂ ਜਦੋ-ਜਹਿਦ ਕਰਦੇ ਆ ਰਹੇ ਹਨ। ਸੱਠਵਿਆਂ ਦੌਰਾਨ ਦੱਖਣੀ ਭਾਰਤ ਦੇ ਕੁੱਝ ਕੁ ਸੂਬਿਆਂ ਵੱਲੋਂ ਵੀ ਆਪੋ-ਆਪਣੀ ਵੱਖਰੀ ਸਭਿਆਚਾਰਕ ਪਹਿਚਾਣ ਬਣਾਈ ਰੱਖਣ ਲਈ ਮਜ਼ਬੂਤ ਅਵਾਜ਼ਾਂ ਉੱਠੀਆਂ ਸਨ। 1947 ਤੋਂ ਹੀ ਸਿੱਖ ਕੌਮ ਵੀ, ਭਾਰਤ ਅੰਦਰ ਆਪਣੀ ਵਿਲੱਖਣ ਹੋਂਦ ਕਾਇਮ ਰੱਖਣ ਲਈ (ਆਪਣੇ ਕੌਮੀ-ਘਰ ਦੀ ਸਥਾਪਤੀ ਲਈ), ਜਦੋ-ਜਹਿਦ ਕਰਦੀ ਆ ਰਹੀ ਹੈ। ਭਾਵੇਂ ਭਾਰਤੀ ਸੰਵਿਧਾਨ ਦੀ ਧਾਰਾ 370 ਅਨੁਸਾਰ ਜੰਮੂ-ਕਸ਼ਮੀਰ ਦਾ ਰਾਜ ਅੰਦਰੂਨੀ ਤੌਰ `ਤੇ ਖ਼ੁਦਮੁਖ਼ਤਿਆਰ ਹੈ (ਇਸ ਸੂਬੇ ਦਾ ਆਪਣਾ ਸੁਤੰਤਰ ਸੰਵਿਧਾਨ ਵੀ ਹੈ), ਪਰ, ਖ਼ੁਦਗਰਜ਼ ਭਾਰਤੀ ਰਾਜਨੀਤਕ ਲੀਡਰ ਇਸ ਸੂਬੇ ਅੰਦਰ ਵੀ ਸ਼ਾਂਤ ਮਾਹੌਲ ਬਣਾਈ ਰੱਖਣ ਲਈ ਅਸਮਰੱਥ ਸਾਬਤ ਹੋਏ ਹਨ। ਇਸ ਵਿੱਚ ਪਾਕਿਸਤਾਨ ਦੇ ਰੋਲ ਨੂੰ ਵੀ ਮਨਫ਼ੀ ਕਰ ਕੇ ਨਹੀਂ ਵੇਖਿਆ ਜਾ ਸਕਦਾ। ਨਿਰਸੰਦੇਹ, ਉਪਰੋਕਤ ਵਰਨਣ ਕੀਤੀਆਂ ਸਾਰੀਆਂ ਸਮੱਸਿਆਵਾਂ, ਮੂਲ ਰੂਪ ਵਿੱਚ, ਧਾਰਮਿਕ ਅਤੇ ਸਿਆਸੀ ਕਰੈਕਟਰ ਵਾਲੀਆਂ ਹਨ, ਪਰ ਇਨ੍ਹਾਂ ਦਾ ਧਾਰਮਿਕ ਅਤੇ ਸਿਆਸੀ ਪੱਧਰ `ਤੇ ਹੱਲ ਕਰਨ ਦੀ ਬਜਾਏ, ਇਨ੍ਹਾਂ ਨੂੰ ਫ਼ੌਜੀ ਸ਼ਕਤੀ ਨਾਲ ਹੱਲ ਕਰਨ ਦੇ ਯਤਨ ਕੀਤੇ ਗਏ (ਅਤੇ ਕੀਤੇ ਜਾ ਰਹੇ ਹਨ)। ਇਸ ਤਰ੍ਹਾਂ, ਆਪਣੇ ਹੀ ਦੇਸ਼ ਦੇ ਨਾਗਰਿਕਾਂ ਦੇ ਬੁਨਿਆਦੀ ਮਨੁੱਖੀ ਹੱਕਾਂ ਦੀ ਰਾਖੀ ਕਰਨ ਦੀ ਬਜਾਏ ਭਾਰਤੀ ਸਟੇਟ ਵੱਲੋਂ ਸੈਨਿਕ ਬਲਾਂ ਦੀ ਦੁਰਵਰਤੋਂ ਕਰ ਕੇ, ਇਨ੍ਹਾਂ ਦੇ ਮਨੁੱਖੀ ਹੱਕਾਂ ਦਾ ਵੱਡੀ ਪੱਧਰ `ਤੇ ਘਾਣ ਕੀਤਾ ਗਿਆ (ਅਤੇ ਕੀਤਾ ਜਾ ਰਿਹਾ ਹੈ)। ਇਸ ਸੰਬੰਧ ਵਿੱਚ ਜੂਨ 1984 ਵਿੱਚ ਦਰਬਾਰ ਸਾਹਿਬ ਅੰਮ੍ਰਿਤਸਰ ਉਤੇ ਭਾਰਤੀ ਸੈਨਾ ਵੱਲੋਂ ਕੀਤੇ ਹਮਲੇ ਬਾਰੇ ਭਾਰਤੀ ਥਲ ਸੈਨਾ ਦੇ ਸਾਬਕਾ ਮੁੱਖੀ ਜਨਰਲ ਵੀ. ਕੇ. ਸਿੰਘ ਦਾ 22 ਫ਼ਰਵਰੀ 2013 ਦੇ ਹਿੰਦੁਸਤਾਨ ਟਾਈਮਜ਼ ਵਿੱਚ ਪ੍ਰਕਾਸ਼ਤ ਹੋਇਆ ਬਿਆਨ ਕਿ, "The then army chief (late Gen. A.S. Vaidya) had velemently said 'No' to initiating action against people belonging to the nation but had to carry out the orders of his Political bosses", ਉਚੇਚਾ ਧਿਆਨ ਮੰਗਦਾ ਹੈ। ਆਓ, ਇਸ ਬਾਰੇ ਵਿਚਾਰ ਕਰੀਏ।

ਮੁੱਢਲੇ ਤੌਰ `ਤੇ, ਕਿਸੇ ਵੀ ਦੇਸ਼ ਦੀਆਂ ਹਥਿਆਰਬੰਦ ਫ਼ੌਜਾਂ ਉਸ ਦੇਸ਼ ਦੀਆਂ ਅੰਤਰ-ਰਾਸ਼ਟਰੀ ਹੱਦਾਂ (International boundries) ਦੀ ਰਾਖੀ ਕਰਨ ਲਈ ਜ਼ਿੰਮੇਵਾਰ ਹੁੰਦੀਆਂ ਹਨ। ਪਰ, ਕੁੱਝ ਕੁ ਵਿਸ਼ੇਸ਼ ਕੁਦਰਤੀ ਆਫ਼ਤਾਂ (ਭੂਚਾਲ, ਹੜ੍ਹ, ਸੁਨਾਮੀ, ਮਹਾਂਮਾਰੀ ਆਦਿ) ਦੌਰਾਨ, ਪ੍ਰਸ਼ਾਸਨ ਦੀ ਸਹਾਇਤਾ ਕਰਨ ਲਈ ਵੀ ਦੇਸ਼ ਦੀਆਂ ਫ਼ੌਜਾਂ (ਥਲ-ਸੈਨਾ, ਜਲ-ਸੈਨਾ, ਹਵਾਈ-ਸੈਨਾ) ਦੀ ਯੋਗ ਵਰਤੋਂ ਕੀਤੀ ਜਾ ਸਕਦੀ ਹੈ। ਇਥੋਂ ਤੱਕ ਤਾਂ ਬਿਲਕੁਲ ਠੀਕ ਹੈ, ਪਰ, ਜਦੋਂ ਇਨ੍ਹਾਂ ਹਥਿਆਰਬੰਦ ਫੌਜਾਂ ਦੀ ਦੁਰਵਰਤੋਂ, ਦੇਸ਼ ਦੀ ਕਿਸੇ ਵਿਸ਼ੇਸ਼ ਰਾਜਨੀਤਕ ਪਾਰਟੀ ਨੂੰ ਰਾਜਨੀਤਕ ਲਾਭ ਪਹੁੰਚਾਉਣ ਲਈ ਜਾਂ ਕਿਸੇ ਵਿਸ਼ੇਸ਼ ਸਮਾਜਿਕ ਵਰਗ ਦੀ ਦੂਜੇ ਸਮਾਜਿਕ ਵਰਗਾਂ `ਤੇ ਧੌਂਸ ਜਮਾਉਂਣ ਲਈ ਕੀਤੀ ਜਾਵੇ ਤਾਂ ਇਹ ਅਤਿ ਨਿੰਦਣਯੋਗ, ਗ਼ੈਰ-ਕਾਨੂੰਨੀ, ਗ਼ੈਰ-ਇਖ਼ਲਾਕੀ ਅਤੇ ਮਨੁੱਖੀ ਹੱਕਾਂ ਦਾ ਘਾਣ ਕਰਨ ਵਾਲੀ ਮਾਨਵ-ਵਿਰੋਧੀ ਕਾਰਵਾਈ ਬਣ ਜਾਂਦੀ ਹੈ। ਵਿਸ਼ਵ-ਪੱਧਰ `ਤੇ ਪ੍ਰਵਾਨ ਕੀਤੀ ਜਾ ਚੁੱਕੀ ਇਹ ਇੱਕ ਇਤਿਹਾਸਕ ਹਕੀਕਤ ਹੈ ਕਿ ਵਰਤਮਾਨ ਭਾਰਤ ਇੱਕ ਉੱਪ-

ਮਹਾਂਦੀਪ ਹੈ, ਜਿਸ ਵਿੱਚ ਤਕਰੀਬਨ 40-45 (ਪ੍ਰਭੂਸੱਤਾ-ਸੰਪੰਨ) ਸੁਤੰਤਰ ਦੇਸ਼ ਹਜ਼ਾਰਾਂ ਸਾਲ ਹੋਂਦ ਵਿੱਚ ਰਹੇ ਹਨ। ਇਨ੍ਹਾਂ ਦੇਸ਼ਾਂ ਵਿੱਚ ਬਹੁਤ ਸਾਰੀਆਂ ਛੋਟੀਆਂ ਕੌਮਾਂ, ਸਮਾਜਿਕ ਘੱਟ ਗਿਣਤੀ ਵਰਗ, ਧਾਰਮਿਕ ਘੱਟ ਗਿਣਤੀਆਂ ਅਤੇ ਫ਼ਿਰਕੇ (ਕਬੀਲੇ) ਵਸਦੇ ਆ ਰਹੇ ਹਨ (ਅੱਜ ਵੀ ਹਨ) ਜਿਨ੍ਹਾਂ ਦੀਆਂ ਆਪੋ-ਆਪਣੀਆਂ ਅਲੱਗ-ਅਲੱਗ ਸਭਿਆਤਾਵਾਂ, ਭਾਸ਼ਾਵਾਂ, ਪਹਿਰਾਵੇ, ਰਵਾਇਤਾਂ ਅਤੇ ਧਾਰਮਿਕ ਰਸਮੋਂ-ਰਿਵਾਜ਼ ਹਨ। 1947 ਤੋਂ ਬਾਅਦ, ਜਦੋਂ-ਜਦੋਂ ਵੀ ਇਨ੍ਹਾਂ ਕੌਮੀਅਤਾਂ ਜਾਂ ਘੱਟ ਗਿਣਤੀਆਂ ਨੇ ਆਪੋ-ਆਪਣੀ ਵੱਖਰੀ ਪਹਿਚਾਣ ਅਤੇ ਸਭਿਅਤਾ ਨੂੰ ਬਰਕਰਾਰ ਰੱਖਣ ਲਈ ਆਵਾਜ਼ ਉਠਾਈ ਹੈ ਤਾਂ ਭਾਰਤੀ ਰਾਜ-ਤੰਤਰ `ਤੇ ਕਾਬਜ਼ ਹੋਈ ਚੱਲੀ ਆ ਰਹੀ ਮਨੂੰਵਾਦ ਦੀ ਹਮਾਇਤੀ ਸ਼ਕਤੀ (ਕੱਟੜ ਹਿੰਦੂਵਾਦ) ਨੇ 'ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਖ਼ਤਰੇ' ਦੀ ਦੁਹਾਈ ਪਿੱਟ ਕੇ ਸਬੰਧਤ ਧਿਰ `ਤੇ ਵੱਖਵਾਦੀ, ਅੱਤਵਾਦੀ, ਦੇਸ਼-ਵਿਰੋਧੀ ਆਦਿ ਦੇ ਲੇਬਲ ਲਾ ਕੇ ਉਨ੍ਹਾਂ ਦੇ ਖਿਲਾਫ਼ ਬੇ-ਤਹਾਸ਼ਾ (ਝੂਠਾ) ਭੰਡੀ-ਪ੍ਰਚਾਰ ਕਰਵਾਇਆ ਅਤੇ ਭਾਰਤੀ ਅਖੌਤੀ ਲੋਕਰਾਜ ਦੇ ਥੰਮ੍ਹਾਂ ਅਤੇ ਭਾਰਤੀ ਫ਼ੌਜ ਦੀ ਦੁਰਵਰਤੋਂ ਕਰ ਕੇ ਸੰਬੰਧਤ ਧਿਰ ਦੀ ਨਸਲਕੁਸ਼ੀ ਕਰਨ ਤੋਂ ਵੀ ਗੁਰੇਜ਼ ਨਹੀਂ ਕੀਤਾ।

ਸਵਾਲ ਇਹ ਨਹੀਂ ਕਿ ਭਾਰਤ ਉੱਪ-ਮਹਾਂਦੀਪ ਦੀ ਏਕਤਾ ਤੇ ਅਖੰਡਤਾ ਨੂੰ ਕਾਇਮ ਰੱਖਿਆ ਜਾਣਾ ਚਾਹੀਦਾ ਹੈ ਕਿ ਨਹੀਂ? ਸਵਾਲ ਇਹ ਹੈ ਕਿ ਇਸ 'ਏਕਤਾ ਤੇ ਅਖੰਡਤਾ' ਦਾ ਆਧਾਰ ਕੀ ਹੋਵੇ? ਬਿਨਾ ਸ਼ੱਕ, ਇਸ ਦਾ ਆਧਾਰ ਨਾਂ ਤਾਂ ਮਨੂੰਵਾਦੀ ਜਾਤ-ਪਾਤੀ ਸਮਾਜਿਕ ਸਿਸਟਮ (ਵਰਨ-ਆਸ਼ਰਮ ਸਮਾਜਿਕ ਪ੍ਰਬੰਧ) ਦਾ ਅਤੇ ਨਾ ਹੀ ਭਾਰਤੀ ਰਾਜ-ਤੰਤਰ `ਤੇ 1947 ਤੋਂ ਕਾਬਜ਼ ਹੋਈ ਚੱਲੀ ਆ ਰਹੀ ਮਨੂੰਵਾਦੀ ਜੁੰਡਲੀ ਦਾ, ਇਥੇ ਵਸਦੀਆਂ ਆ ਰਹੀਆਂ ਛੋਟੀਆਂ ਕੌਮਾਂ, ਧਾਰਮਿਕ ਘੱਟ ਗਿਣਤੀਆਂ, ਪਿਛੜੀਆਂ ਸਮਾਜਕ ਸ਼੍ਰੇਣੀਆਂ ਅਤੇ ਦੂਸਰੇ ਸਮਾਜਿਕ ਵਰਗਾਂ (ਟਰਾਈਬਲਜ਼ ਆਦਿ), ਉੱਤੇ ਗ਼ਲਬਾ ਬਣਾ ਕੇ ਰੱਖਣਾ ਹੋ ਸਕਦਾ ਹੈ। ਇਸ ਏਕਤਾ ਤੇ ਅਖੰਡਤਾ ਦਾ ਆਧਾਰ ਕੇਵਲ ਅਤੇ ਕੇਵਲ 'ਜੀਓ ਅਤੇ ਜੀਣ ਦਿਓ' ਦੇ ਵਿਸ਼ਵ-ਪਰਵਾਨਤ ਕੁਦਰਤੀ ਅਸੂਲ ਅਨੁਸਾਰ ਸੰਸਾਰ ਦੇ ਇਸ ਖਿੱਤੇ ਅੰਦਰ ਸਦੀਆਂ ਤੋਂ ਵਸਦੀਆਂ ਆ ਰਹੀਆਂ ਕੌਮੀਅਤਾਂ, ਸਮਾਜਿਕ ਘੱਟ ਗਿਣਤੀਆਂ ਅਤੇ ਪਿਛੜੇ ਵਰਗਾਂ ਨੂੰ (ਆਪਣੇ ਹੀ ਭੈਣ-ਭਰਾ ਸਮਝਦੇ ਹੋਏ) ਸਿਆਸੀ, ਸਮਾਜਿਕ ਅਤੇ ਆਰਥਿਕ ਖੇਤਰਾਂ ਅੰਦਰ ਬਰਾਬਰ ਦੇ ਅਧਿਕਾਰ ਤੇ ਆਦਰ-ਮਾਣ ਦੇ ਕੇ, ਉਨ੍ਹਾਂ ਦੀ ਆਪੋ-ਆਪਣੀ ਵੱਖਰੀ ਪਹਿਚਾਣ, ਸਭਿਆਚਾਰ ਅਤੇ ਰਸਮੋਂ-ਰਿਵਾਜਾਂ ਨੂੰ ਬਰਕਰਾਰ ਰੱਖਣ ਦੀ ਪੱਕੀ ਗਰੰਟੀ ਦੇਣਾ ਹੀ ਹੋ ਸਕਦਾ ਹੈ ਤਾ ਕਿ ਉਹ ਸਾਰੇ ਇਥੇ ਇੱਜ਼ਤ-ਮਾਣ ਨਾਲ (ਬਗ਼ੈਰ ਕਿਸੇ ਬਾਹਰੀ ਦਖਲ-ਅੰਦਾਜ਼ੀ ਦੇ), ਅਲੱਗ-ਅਲੱਗ ਖ਼ੁਦਮੁਖ਼ਤਿਆਰ ਰਾਜਾਂ (ਸੂਬਿਆਂ) ਦੇ ਰੂਪ ਵਿੱਚ (ਅਮਰੀਕਾ ਤੇ ਕੈਨੇਡਾ ਦੀ ਤਰਜ਼ `ਤੇ) ਸ਼ਾਂਤੀ ਅਤੇ ਸਦਭਾਵਨਾ ਨਾਲ ਰਹਿ ਸਕਣ। ਇਨ੍ਹਾਂ ਸੂਬਿਆਂ ਨੂੰ ਸਵੈ-ਇੱਛਾ ਨਾਲ ਭਾਰਤੀ ਸੰਘ (ਯੂਨੀਅਨ ਆਫ਼ ਇੰਡੀਅਨ ਸਟੇਟਸ) ਤੋਂ ਅਲੱਗ ਹੋ ਕੇ ਰਹਿਣ ਦਾ ਸੰਵਿਧਾਨਕ ਅਧਿਕਾਰ ਵੀ ਮਿਲਣਾ ਚਾਹੀਦਾ ਹੈ। ਜੇਕਰ ਅਜਿਹਾ ਰਾਜ-ਪ੍ਰਬੰਧ ਹੋਂਦ ਵਿੱਚ ਨਾ ਲਿਆਂਦਾ ਗਿਆ ਤਾਂ ਹੋ ਸਕਦਾ ਹੈ ਕਿ ਇਸ ਖੇਤਰ ਦਾ ਵੀ ਯੂ. ਐਸ. ਐਸ. ਆਰ. (ਸੋਵੀਅਤ ਰੂਸ) ਜਾਂ ਯੁਗੋਸਲਾਵੀਆ ਵਾਲਾ ਦੁਖਦਾਈ ਹਸ਼ਰ ਹੀ ਹੋਵੇ।

ਕਿਸੇ ਵੀ ਦੇਸ਼ ਦੀਆਂ ਹਥਿਆਰਬੰਦ ਫੌਜਾਂ, ਦੇਸ਼ ਦੀ ਹਕੂਮਤ (ਸਰਕਾਰ) ਦੇ ਅਧੀਨ ਹੁੰਦੀਆਂ ਹਨ ਅਤੇ ਹਕੂਮਤ ਦੇ ਵਾਜ਼ਬ ਹੁਕਮਾਂ ਦੀ ਪਾਲਣਾ ਕਰਨਾ ਇਨ੍ਹਾਂ ਦਾ ਫ਼ਰਜ਼ (ਕਰਤਵ) ਹੈ। ਪਰ, ਵਿਚਾਰਨਯੋਗ ਅਹਿਮ ਨੁਕਤਾ ਇਹ ਹੈ ਕਿ ਹਕੂਮਤ ਦੇ ਹੁਕਮ ਕੁਦਰਤੀ ਇਨਸਾਫ਼ ਸਥਾਪਤ ਕਰਨ ਲਈ ਸਾਦਰ ਕੀਤੇ ਜਾਂਦੇ ਹਨ ਕਿ ਨਹੀਂ? ਕੀ ਕੁਦਰਤੀ ਇਨਸਾਫ਼ ਦੀ ਧਾਰਨਾ ਦੀ ਉਲੰਘਣਾ ਕਰਨ ਵਾਲੇ (ਗ਼ੈਰ-ਕਾਨੂੰਨੀ ਤੁਗ਼ਲਕੀ) ਹੁਕਮਾਂ ਦੀ ਪਾਲਣਾ ਕਰਨਾ ਵੀ ਦੇਸ਼ ਦੀਆਂ ਹਥਿਆਰਬੰਦ ਫ਼ੌਜਾਂ ਦੇ ਫ਼ਰਜ਼ਾਂ ਦੀ ਸੂਚੀ ਵਿੱਚ ਸ਼ਾਮਿਲ ਕੀਤਾ ਜਾ ਸਕਦਾ ਹੈ? ਨਿਰਸੰਦੇਹ, ਨਹੀਂ। ਉਦਾਹਰਣ ਦੇ ਤੌਰ `ਤੇ, ਕੀ ਕਿਸੇ ਵਿਅਕਤੀ ਜਾਂ ਸਮਾਜਿਕ ਵਰਗ ਦੇ ਮਨੁੱਖੀ ਹੱਕਾਂ ਦਾ ਘਾਣ ਕਰਨ ਲਈ (ਜਾਂ ਕਿਸੇ ਕੌਮੀਅਤ ਵਰਗ ਦੀ ਨਸਲਕੁਸ਼ੀ ਕਰਨ ਲਈ) ਸਾਦਰ ਕੀਤੇ ਹੁਕਮਾਂ ਦੀ ਪਾਲਣਾ ਕਰਨਾ ਦੇਸ਼ ਦੀਆਂ ਫ਼ੌਜਾਂ ਦੇ ਸੰਵਿਧਾਨਿਕ ਫ਼ਰਜ਼ਾਂ ਦੀ ਸੂਚੀ ਵਿੱਚ ਸ਼ਾਮਿਲ ਕੀਤਾ ਜਾ ਸਕਦਾ ਹੈ? ਕਦਾਚਿਤ ਨਹੀਂ। ਇਥੇ ਇਹੀ ਬੁਨਿਆਦੀ ਨੁਕਤਾ ਬਾਰੀਕੀ ਨਾਲ ਵਿਚਾਰਨ ਵਾਲਾ ਹੈ। ਭਾਰਤੀ ਹਥਿਆਰਬੰਦ ਫ਼ੌਜਾਂ ਦੇ ਕਮਿਸ਼ਨਡ ਅਫ਼ਸਰ, ਕਲਾਸ ਵਨ ਗਜ਼ਟਿਡ ਅਫ਼ਸਰ ਹੁੰਦੇ ਹਨ ਅਤੇ ਉਨ੍ਹਾਂ ਤੋਂ ਇਤਨੀ ਕੁ ਸੂਝ-ਬੂਝ ਦੀ ਉਮੀਦ ਰੱਖਣੀ ਵਾਜ਼ਬ ਹੈ ਕਿ ਉਹ ਕੁਦਰਤੀ ਇਨਸਾਫ਼ ਦੇ ਅਸੂਲਾਂ ਦੀ ਬੁਨਿਆਦੀ ਜਾਣਕਾਰੀ ਤਾਂ ਜ਼ਰੂਰ ਹੀ ਰਖਦੇ ਹਨ, ਬਸ਼ਰਤਿ ਕਿ, ਉਨ੍ਹਾਂ ਦੀਆਂ ਅੱਖਾਂ ਉੱਪਰ ਕਿਸੇ ਫ਼ਿਰਕੂ-ਫ਼ਾਸ਼ੀਵਾਦ ਦੀਆਂ ਐਨਕਾਂ ਨਾ ਲੱਗੀਆਂ ਹੋਈਆਂ ਹੋਣ। ਇਸ ਲਈ ਦੇਸ਼ ਦੀਆਂ ਹਥਿਆਰਬੰਦ ਫ਼ੌਜਾਂ, ਵਕਤ ਦੀ ਹਕੂਮਤ ਦੇ ਗ਼ੈਰ-ਕਾਨੂੰਨੀ ਹੁਕਮਾਂ ਦੀ ਪਾਲਣਾ ਕਰਨ ਤੋਂ ਇਨਕਾਰ ਕਰਨ ਦੀ ਜੁਰੱਅਤ ਵਿਖਾ ਕੇ ਆਪਣੇ ਇਖ਼ਲਾਕੀ ਫ਼ਰਜ਼ਾਂ ਦੀ ਪਾਲਣਾ ਕਰਨ। ਜਦ ਤੱਕ ਇਸ ਬੁਨਿਆਦੀ ਨੁਕਤੇ ਨੂੰ ਦਿਆਨਤਦਾਰੀ ਨਾਲ ਸਮਝ ਕੇ, ਇਸ ਦੀ ਪਾਲਣਾ ਨੂੰ ਯਕੀਨੀ ਨਹੀਂ ਬਣਾਇਆ ਜਾਂਦਾ, ਭਾਰਤ ਵਿੱਚ ਤਾਂ ਕੀ, ਸੰਸਾਰ ਦੇ ਕਿਸੇ ਖੇਤਰ ਵਿੱਚ ਵੀ ਅਮਨ-ਸ਼ਾਂਤੀ ਅਤੇ ਖ਼ੁਸ਼ਹਾਲੀ ਪੱਕੇ ਤੌਰ `ਤੇ ਸਥਾਪਤ ਨਹੀਂ ਕੀਤੀ ਜਾ ਸਕਦੀ।

ਸਭਿਅਕ ਦੇਸ਼ਾਂ ਦੀ ਇਹ ਮੁੱਢਲੀ ਪਛਾਣ ਹੁੰਦੀ ਹੈ ਕਿ ਉਨ੍ਹਾਂ ਵਿੱਚ ਵਸਦੀਆਂ ਛੋਟੀਆਂ ਕੌਮਾਂ, ਧਾਰਮਿਕ ਘੱਟ ਗਿਣਤੀਆਂ, ਪਿਛੜੇ ਵਰਗਾਂ ਅਤੇ ਐਥੇਨਿਕ ਫ਼ਿਰਕਿਆਂ ਦੇ ਮਨੁੱਖੀ ਹੱਕਾਂ ਦੀ ਰਾਖੀ ਕਰਨ ਲਈ ਵਿਸ਼ੇਸ਼ ਯਤਨ ਕੀਤੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਆਪਣੇ ਧਾਰਮਿਕ, ਰਾਜਨੀਤਕ, ਸਮਾਜਿਕ, ਸਭਿਆਚਾਰਕ ਅਤੇ ਆਰਥਿਕ ਵਿਕਾਸ ਦੇ ਖੇਤਰਾਂ ਵਿੱਚ ਪ੍ਰਫੁੱਲਤ ਹੋਣ ਲਈ ਸਾਰੀਆਂ ਯੋਗ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਕਿਸੇ ਨੂੰ ਵੀ ਦੂਜੇ ਜਾਂ ਤੀਜੇ ਦਰਜੇ ਦੇ ਨਾਗਰਿਕ ਹੋਣ ਦਾ ਅਹਿਸਾਸ ਨਹੀਂ ਕਰਵਾਇਆ ਜਾਂਦਾ। ਸ੍ਰਿਸ਼ਟੀ ਦਾ ਨਾਥ, ਪ੍ਰਭੂ-ਪਿਤਾ ਮਿਹਰ ਕਰੇ, ਤਾ ਕਿ ਭਾਰਤ ਵਿੱਚ ਵੀ ਸਾਰੇ ਪ੍ਰਾਣੀ, ਸਹੀ ਮਾਅਨਿਆਂ ਵਿੱਚ, ਪਰਸਪਰ ਸੁੱਚੇ ਪ੍ਰੇਮ ਦੀਆਂ ਭਾਵਨਾਤਮਿਕ ਸਾਂਝਾਂ ਵਾਲੇ ਭਾਈਚਾਰੇ ਦਾ ਰੂਪ ਧਾਰਨ ਕਰ ਜਾਣ!

ਦੇਸ਼ ਦੇ ਰਾਜਾਂ (ਸੂਬਿਆਂ) ਅੰਦਰ, ਕੁਦਰਤੀ ਇਨਸਾਫ਼ ਦੇ ਆਧਾਰ `ਤੇ, ਅਮਨ ਅਤੇ ਕਾਨੂੰਨ ਦੀ ਸਥਿਤੀ ਨੂੰ ਬਣਾ ਕੇ ਰੱਖਣ ਲਈ ਸੂਬਾ ਸਰਕਾਰਾਂ ਦੀ ਮਦਦ ਕਰਨੀ, ਸਬੰਧਤ ਰਾਜਾਂ ਦੀ ਪੁਲਿਸ ਦੀ ਮੁੱਢਲੀ ਜ਼ਿੰਮੇਵਾਰੀ ਹੁੰਦੀ ਹੈ। ਪਰ, ਕਾਫ਼ੀ ਅਰਸੇ ਤੋਂ (ਤਕਰੀਬਨ ਅੰਗਰੇਜ਼ੀ ਸਾਮਰਾਜ ਦੇ ਭਾਰਤ `ਤੇ ਕਬਜ਼ੇ ਦੇ ਸਮੇਂ ਤੋਂ ਹੀ) ਪੁਲਿਸ ਬਲ ਵੀ ਵਕਤ ਦੀਆਂ

ਹਕੂਮਤਾਂ ਦੇ ਸਿਆਸੀ ਦਬਾਅ ਹੇਠ ਵਿਚਰਦੇ ਆ ਰਹੇ ਹਨ, ਇਥੋਂ ਤੱਕ ਕਿ ਪੁਲਿਸ ਵੀ ਰਾਜਾਂ ਵਿਚਲੀਆਂ ਸਿਆਸੀ ਪਾਰਟੀਆਂ ਦੇ ਆਧਾਰ `ਤੇ (ਅੰਦਰੂਨੀ ਤੌਰ `ਤੇ), ਵੰਡੀ ਹੋਈ ਨਜ਼ਰ ਆ ਰਹੀ ਹੈ। ਇਥੇ ਹੀ ਬੱਸ ਨਹੀਂ, ਪੁਲਿਸ ਅੰਦਰ ਦਾਖਲ ਹੋ ਚੁੱਕੇ ਖ਼ੁਦਗਰਜ਼ ਤੇ ਮੌਕਾ-ਪ੍ਰਸਤ ਵਿਅਕਤੀ ਮਨੁੱਖੀ ਹੱਕਾਂ ਦਾ ਘਾਣ ਅਤੇ ਨਸਲਕੁਸ਼ੀ ਕਰਨ ਜਿਹੇ ਸੰਗੀਨ ਅਪਰਾਧਾਂ ਵਿੱਚ ਉਤਸ਼ਾਹ ਨਾਲ ਸ਼ਮੂਲੀਅਤ ਕਰਦੇ ਆਮ ਹੀ ਵੇਖੇ ਜਾ ਸਕਦੇ ਹਨ। ਮਿਸਾਲ ਦੇ ਤੌਰ `ਤੇ, 1978 ਤੋਂ 1995 ਤੱਕ ਸਿੱਖ ਕੌਮ ਦੇ ਧਰਮ-ਯੁੱਧ ਮੋਰਚੇ ਦੌਰਾਨ, ਪੰਜਾਬ ਅੰਦਰ; 2002 ਵਿੱਚ ਗੋਧਰਾ ਕਾਂਡ ਤੋਂ ਬਾਅਦ ਗੁਜਰਾਤ ਵਿੱਚ ਮੁਸਲਮਾਨਾਂ ਦੇ ਖ਼ਿਲਾਫ਼ ਅਤੇ 2008 ਵਿੱਚ ਉੜੀਸਾ ਤੇ ਕਰਨਾਟਕ ਆਦਿ ਵਿੱਚ ਈਸਾਈਆਂ ਦੇ ਖਿਲਾਫ਼ ਅਜਿਹੇ ਘਿਨਾਉਣੇ ਅਪਰਾਧਾਂ ਵਿੱਚ ਪੁਲਿਸ ਦੇ ਫ਼ਿਰਕੂ ਅਤੇ ਖੁਦਗਰਜ਼ ਅਨਸਰਾਂ ਦਾ ਰੋਲ ਅਤਿ ਸ਼ਰਮਨਾਕ ਅਤੇ ਨਿੰਦਣਯੋਗ ਰਿਹਾ ਹੈ। ਨਿਸਚੇ ਹੀ ਪੁਲਿਸ ਬਲਾਂ ਵਿੱਚ ਪੈਦਾ ਹੋਈਆਂ ਅਜਿਹੀਆਂ ਮਾਨਵ-ਵਿਰੋਧੀ ਰੁਚੀਆਂ ਡੂੰਘੀ ਚਿੰਤਾ ਦਾ ਵਿਸ਼ਾ ਤਾਂ ਹਨ ਹੀ, ਚੰਗੇ ਸਮਾਜ ਦੀ ਸਿਰਜਨਾ ਦੇ ਰਾਹ ਵਿੱਚ ਵੱਡੀਆਂ ਚੁਣੌਤੀਆਂ ਵੀ ਹਨ। ਪੁਲਿਸ ਨੂੰ ਸਿਆਸੀ ਧੜੇਬੰਦੀਆਂ ਤੋਂ ਮੁਕਤ ਕਰ ਕੇ, ਮਾਨਵ-ਵਾਦੀ ਸਿਖਲਾਈ ਦੇ ਕੇ ਅਤੇ ਸਿਆਸਤਦਾਨਾਂ ਦੇ ਸਿੱਧੇ ਕੰਟਰੋਲ ਤੋਂ ਮੁਕਤ ਕਰ ਕੇ ਹੀ ਚੰਗੇ ਸਮਾਜ ਦੀ ਸਿਰਜਨਾ ਕੀਤੀ ਜਾ ਸਕਦੀ ਹੈ।

1947 ਵਿੱਚ ਦੇਸ਼ ਦੀ ਵੰਡ ਤੋਂ ਬਾਅਦ, ਭਾਰਤ ਦੇ ਰਾਜ-ਤੰਤਰ `ਤੇ ਫ਼ਿਰਕੂ-ਫ਼ਾਸ਼ੀਵਾਦ ਦੇ ਧਾਰਨੀ ਕੱਟੜ ਹਿੰਦੂ ਲੀਡਰਾਂ ਦਾ ਕਬਜ਼ਾ ਹੈ ਅਤੇ ਆਪਣੇ ਜ਼ੱਦੀ-ਪੁਸ਼ਤੀ ਸੁਭਾਅ ਅਧੀਨ ਇਹ ਲੀਡਰ, ਹੌਲੀ-ਹੌਲੀ, ਅਪਰਾਧੀ ਬਿਰਤੀਆਂ ਵਾਲੇ ਵਿਅਕਤੀਆਂ ਨੂੰ ਹਰ ਪੱਧਰ `ਤੇ 'ਢੁਕਵੇਂ ਪ੍ਰਸ਼ਾਸਨਕ ਅਹੁਦਿਆਂ' ਨਾਲ ਨਿਵਾਜ਼ਦੇ ਹੋਏ ਸਿਆਸਤ ਦੇ ਹੀ ਅਪਰਾਧੀਕਰਨ ਦੇ ਮੁਕਾਮ ਤੱਕ ਪਹੁੰਚ ਗਏ ਹਨ। ਅਜੋਕੇ ਮੀਡੀਆ ਵੱਲੋਂ, ਤਕਰੀਬਨ ਹਰ ਰੋਜ਼ ਹੀ, ਨਸ਼ਰ ਕੀਤੇ ਜਾ ਰਹੇ ਵੇਰਵੇ ਇਸ ਹਕੀਕਤ ਦੀ ਪੁਸ਼ਟੀ ਕਰਦੇ ਆ ਰਹੇ ਹਨ। ਭਾਰਤ ਵਾਸੀਆਂ ਲਈ ਇਹ ਹਕੀਕਤ ਇੱਕ ਬਹੁਤ ਹੀ ਗੰਭੀਰ ਸੰਕਟ ਦੇ ਰੂਪ ਵਿੱਚ ਪ੍ਰਗਟ ਹੋ ਰਹੇ 'ਸ਼ੈਤਾਨ' ਤੋਂ ਘੱਟ ਨਹੀਂ। ਉਦਾਹਰਣ ਦੇ ਤੌਰ `ਤੇ, ਭਾਰਤ ਵਿੱਚ ਸਿੱਖ ਕੌਮ ਦੀ ਨਸਲਕੁਸ਼ੀ ਵਿੱਚ ਭਰਵਾਂ ਯੋਗਦਾਨ ਪਾਉਣ ਵਾਲੇ ਵਿਅਕਤੀ ਪਿਛਲੇ 29 ਸਾਲਾਂ ਤੋਂ ਕੇਂਦਰੀ ਸਰਕਾਰ ਵਿੱਚ ਮੰਤਰੀਆਂ ਦੇ ਅਹੁਦਿਆਂ ਦਾ ਅਨੰਦ ਮਾਣਦੇ ਆ ਰਹੇ ਹਨ ਅਤੇ ਗੁਜਰਾਤ ਵਿੱਚ ਮੁਸਲਮਾਨਾਂ ਦੀ ਨਸਲਕੁਸ਼ੀ ਲਈ ਜ਼ਿੰਮੇਵਾਰ ਸਮਝਿਆ ਜਾਂਦਾ ਵਿਅਕਤੀ, ਬੀ. ਜੇ. ਪੀ. ਵੱਲੋਂ, ਦੇਸ਼ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਨਾਮਜਦ ਕੀਤਾ ਜਾ ਚੁੱਕਾ ਹੈ। ਵਿਧਾਨ-ਪਾਲਿਕਾ (ਲੋਕਸਭਾ, ਰਾਜਸਭਾ ਅਤੇ ਸੂਬਿਆਂ ਦੀਆਂ ਅਸੈਂਬਲਿਆਂ) ਅੰਦਰ ਚੋਖੀ ਸੰਖਿਆ `ਚ ਅਪਰਾਧੀ ਪਿਛੋਕੜ ਵਾਲੇ ਵਿਅਕਤੀਆਂ ਦਾ ਇਲੈਕਸ਼ਨਜ਼ ਜਿੱਤ ਕੇ ਪਹੁੰਚ ਜਾਣਾ ਵੀ ਸਿਆਸਤ ਦੇ ਅਪਰਾਧੀਕਰਨ ਦਾ ਜਿਉਂਦਾ-ਜਾਗਦਾ ਸਬੂਤ ਹੈ। ਜਦੋਂ ਅਪਰਾਧੀ ਰੁਚੀਆਂ ਵਾਲੇ ਵਿਅਕਤੀ ਵੱਡੀ ਗਿਣਤੀ ਵਿੱਚ ਸਿਆਸੀ ਪਾਰਟੀਆਂ ਦੇ ਉੱਚੇ ਅਹੁਦਿਆਂ `ਤੇ ਕਾਬਜ਼ ਹੋ ਜਾਣ ਤਾਂ ਦੇਸ਼ ਦੀ ਸਿਆਸਤ ਦਾ ਅਪਰਾਧੀਕਰਨ ਹੋ ਜਾਣਾ ਯਕੀਨੀ ਹੋ ਜਾਂਦਾ ਹੈ। ਬਦਕਿਸਮਤੀ ਨਾਲ, ਅਜੋਕੀ ਭਾਰਤੀ ਸਿਆਸਤ ਦਾ ਵੱਡੇ ਪੱਧਰ `ਤੇ ਅਪਰਾਧੀਕਰਨ ਹੋ ਚੁੱਕਾ ਹੈ। ਸਿਆਸੀ ਪਾਰਟੀਆਂ ਲਈ, ਸੁਪਰੀਮ ਕੋਰਟ ਦੀ ਅਗਵਾਈ

ਹੇਠ, ਇੱਕ ਮਾਡਲ ਕੋਡ ਤਿਆਰ ਕਰ ਕੇ, ਪੂਰੀ ਦਿਆਨਤਦਾਰੀ ਨਾਲ ਲਾਗੂ ਕਰਨ ਨਾਲ ਇਸ ਚੁਣੌਤੀ ਦਾ ਸਫ਼ਲਤਾ ਨਾਲ ਟਾਕਰਾ ਕੀਤਾ ਜਾ ਸਕਦਾ ਹੈ।

ਅੱਤਵਾਦੀ ਦਾ ਡਿਕਸ਼ਨਰੀ ਮਾਅਨਾ ਹੈ (extremist, terrorist) ਇਸ ਦਾ ਮਤਲਬ ਇਹ ਹੈ ਕਿ ਜਿਹੜੀ ਧਿਰ ਕਿਸੇ ਦੂਜੀ ਧਿਰ ਨਾਲ, ਜਾਣ-ਬੁੱਝ ਕੇ, ਧੱਕੇਸ਼ਾਹੀ, ਜ਼ੁਲਮ ਜਾਂ ਬੇ-ਇਨਸਾਫ਼ੀ ਕਰੇ ਉਸ ਨੂੰ ਅੱਤਵਾਦੀ ਧਿਰ ਕਿਹਾ ਜਾ ਸਕਦਾ ਹੈ। ਅੱਤਵਾਦ, ਮੋਟੇ ਤੌਰ `ਤੇ, ਖ਼ੁਦਗਰਜ਼ੀ ਜਾਂ ਡਰ ਦੀ ਭਾਵਨਾ ਵਿੱਚੋਂ ਜਨਮ ਲੈਂਦਾ ਹੈ। ਕਿਸੇ ਵੀ ਅੱਤਵਾਦੀ ਕਾਰਵਾਈ ਦੌਰਾਨ ਮਨੁੱਖੀ ਹੱਕਾਂ ਦਾ ਘਾਣ ਲਾਜ਼ਮੀ ਤੌਰ `ਤੇ ਹੁੰਦਾ ਹੈ। ਜੇਕਰ ਸਰਕਾਰ (ਸਟੇਟ ਦੀ ਪ੍ਰਭੂਸੱਤਾ ਨੂੰ ਬਰਕਰਾਰ ਰੱਖਣ ਦਾ ਪ੍ਰਸ਼ਾਸਕੀ ਢਾਂਚਾ) ਆਪਣੇ ਸਾਰੇ ਹੀ ਨਾਗਰਿਕਾਂ ਨਾਲ, ਪੂਰੀ ਨਿਰਪੱਖਤਾ ਦੀ ਭਾਵਨਾ ਦਾ ਆਦਰ ਕਰਦੀ ਹੋਈ, ਕੁਦਰਤੀ ਹੱਕ, ਸੱਚ ਤੇ ਇਨਸਾਫ਼ ਦੇ ਅਸੂਲਾਂ ਨੂੰ ਸਥਾਪਤ ਕਰਨ ਵਾਲਾ ਵਰਤਾਰਾ ਅਮਲ ਵਿੱਚ ਲਿਆਉਂਦੀ ਹੈ ਤਾਂ, ਆਮ ਹਾਲਾਤ ਵਿੱਚ, ਅੱਤਵਾਦ ਦਾ ਪੌਦਾ ਪੈਦਾ ਹੀ ਨਹੀਂ ਹੁੰਦਾ। ਪਰ, ਜੇਕਰ ਕਿਸੇ ਕਾਰਨ ਕਰ ਕੇ, ਅੱਤਵਾਦ ਦਾ ਬੀਜ ਪੁੰਗਰਨ ਵੀ ਲੱਗੇ ਤਾਂ ਸਮੇਂ ਸਿਰ ਯੋਗ ਕਾਰਵਾਈ ਕਰ ਕੇ, ਇਸ ਨੂੰ ਖਤਮ ਕਰਨਾ ਔਖਾ ਨਹੀਂ ਹੁੰਦਾ। ਜੇਕਰ ਸਟੇਟ ਖ਼ੁਦ ਹੀ ਅੱਤਵਾਦੀ ਬਣ ਜਾਵੇ ਤਾਂ ਮਨੁੱਖੀ ਹੱਕਾਂ ਦਾ ਘਾਣ ਵਿਆਪਕ ਪੱਧਰ `ਤੇ ਹੁੰਦਾ ਹੈ ਅਤੇ ਸਟੇਟ ਦੀ ਅਜਿਹੀ ਅੱਤਵਾਦੀ ਕਾਰਵਾਈ ਦਾ ਪ੍ਰਤੀਕਰਮ ਵੀ ਵਿਆਪਕ ਪੱਧਰ `ਤੇ ਹੋਣਾ ਸੁਭਾਵਕ ਬਣ ਜਾਂਦਾ ਹੈ। ਲੇਖਕ ਦੀ ਸਮਝ ਅਨੁਸਾਰ, ਭਾਰਤੀ ਸਟੇਟ ਦਾ ਅਜੋਕਾ ਅਸਲਾ (ਕਰੈਕਟਰ), ਮੂਲ-ਰੂਪ ਵਿੱਚ, ਅੱਤਵਾਦੀ ਹੈ ਜਿਸ ਦਾ ਬੁਨਿਆਦੀ ਕਾਰਨ ਹੈ ਭਾਰਤੀ ਰਾਜ-ਤੰਤਰ `ਤੇ ਮਨੂੰਵਾਦੀ ਫ਼ਿਰਕੂ-ਫ਼ਾਸ਼ੀ ਜੁੰਡਲੀ ਦਾ ਕਬਜ਼ਾ। ਭਾਰਤ ਉੱਪ-ਮਹਾਂਦੀਪ ਨੂੰ ਸਹੀ ਮਾਅਨਿਆਂ ਵਿੱਚ ਧਰਮ-ਨਿਰਪੱਖ (ਸੈਕੂਲਰ) ਫ਼ੈਡਰਲ (ਸੰਘੀ) ਲੋਕ ਰਾਜ ਬਣਾ ਕੇ ਹੀ ਇਸ ਅਲਾਮਤ ਦੀ ਜੜ੍ਹ ਖਤਮ ਕੀਤੀ ਜਾ ਸਕਦੀ ਹੈ। ਜਦ ਤੱਕ ਅਜਿਹਾ ਨਹੀਂ ਕੀਤਾ ਜਾਂਦਾ ਸੰਸਾਰ ਦਾ ਇਹ ਖੇਤਰ ਚੰਗੇ ਸਮਾਜ ਦੀ ਸਿਰਜਨਾ ਦੇ ਰਾਹ ਦੀ ਇੱਕ ਵੱਡੀ ਚੁਣੌਤੀ ਬਣਿਆ ਰਹੇਗਾ.

ਕਿਉਂਕਿ ਸਾਰੇ ਮਨੁੱਖ (ਮਰਦ ਅਤੇ ਇਸਤਰੀਆਂ) ਇੱਕੋ ਪ੍ਰਭੂ-ਪਿਤਾ ਦੇ ਹੀ ਬੱਚੇ ਹਨ, ਇਸ ਲਈ ਸਭ (ਅਧਿਆਤਮਿਕ ਪੱਖੋਂ) ਆਪਸ ਵਿੱਚ ਬਰਾਬਰ ਹਨ। ਸਭ ਦਾ ਸਦੀਵਕਾਲੀ ਹਾਕਮ ਵੀ ਕੇਵਲ ਅਤੇ ਕੇਵਲ ਰੱਬ ਹੀ ਹੈ, ਬਾਕੀ ਸਾਰੇ ਪ੍ਰਸ਼ਾਸਨਕ ਅਹੁਦੇ ਸਮਾਜ ਦੀ ਬਿਹਤਰ ਢੰਗ ਨਾਲ ਸੇਵਾ ਕਰਨ ਲਈ ਹੀ ਹੋਂਦ ਵਿੱਚ ਲਿਆਂਦੇ ਜਾਂਦੇ ਹਨ। ਪਰ, ਇਨ੍ਹਾਂ ਅਹੁਦਿਆਂ `ਤੇ ਬੈਠੇ ਜਿਹੜੇ ਮਨੁੱਖਾਂ ਨੂੰ ਮਾਇਆ ਦੇ ਏਜੰਟਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਝੂਠ, ਨਿੰਦਾ, ਵੈਰ-ਵਿਰੋਧ, ਚੁਗਲੀ, ਈਰਖਾ, ਛਲ-ਕਪਟ, ਆਦਰ-ਮਾਣ ਦੀ ਭੁੱਖ, ਵੱਡਾ ਕਹਾਉਂਣ ਦੀ ਖੋਟੀ ਮੱਤ, ਤੁਅੱਸਬ, ਦੁਵੈਤ ਆਦਿ) ਨੇ ਗਿੱਚੀ ਤੋਂ ਫੜ ਕੇ ਆਪਣੇ ਮੂਹਰੇ ਲਾਇਆ ਹੁੰਦਾ ਹੈ, ਉਹ ਇਨ੍ਹਾਂ ਅਹੁਦਿਆਂ `ਤੇ ਬੈਠ ਕੇ ਆਕੜ ਜਾਂਦੇ ਹਨ ਅਤੇ ਆਪਣੇ ਆਪ ਨੂੰ ਪਰਜਾ ਦੇ ਸੇਵਕ ਸਮਝਣ ਦੀ ਬਜਾਏ ਪਰਜਾ ਦੇ ਮਾਲਿਕ ਬਣ ਬੈਠਦੇ ਹਨ। ਇਸੇ ਹੰਕਾਰੀ ਬਿਰਤੀ `ਚੋਂ ਵੀ. ਆਈ. ਪੀ. ਕਲਚਰ ਜਨਮ ਲੈਂਦਾ ਹੈ। ਇਹ ਵੀ. ਆਈ. ਪੀ. ਕਲਚਰ ਦੀ ਬੀਮਾਰੀ ਜ਼ਿਆਦਾਤਰ ਪੂਰਬ ਦੇਸ਼ਾਂ ਵਿੱਚ ਪਾਈ ਜਾਂਦੀ ਹੈ।

ਭਾਰਤ ਉੱਪ-ਮਹਾਂਦੀਪ ਅੰਦਰ ਇਹ ਬੀਮਾਰੀ ਇੱਕ ਮਹਾਂਮਾਰੀ ਦਾ ਰੂਪ ਧਾਰ ਚੁੱਕੀ ਹੈ ਜਿਥੇ ਜਣਾ-ਖਣਾ ਆਪਣੀ ਸਰਕਾਰੀ/ਨਿੱਜੀ ਗੱਡੀ `ਤੇ ਲਾਲ/ਨੀਲੀ ਬੱਤੀ ਲਗਾ ਕੇ (ਅੰਗ-ਰੱਖਕਾਂ ਦੀ ਭੀੜ ਇਕੱਠੀ ਕਰ ਕੇ) ਹੂਟਰ ਵਜਾਉਂਦਾ ਫਿਰਦਾ ਹੈ ਅਤੇ ਇਸ ਤਰ੍ਹਾਂ (ਦਹਿਸ਼ਤ ਦਾ ਮਾਹੌਲ ਪੈਦਾ ਕਰ ਕੇ) ਆਵਾਜਾਈ ਵਿੱਚ ਬੇਲੋੜੀਆਂ ਰੁਕਾਵਟਾਂ ਪੈਦਾ ਕਰਦਾ ਹੈ।

ਭ੍ਰਿਸ਼ਟਾਚਾਰ (ਭ੍ਰਿਸ਼ਟ ਆਚਰਣ) ਭ੍ਰਿਸ਼ਟ (ਮਾੜੀ) ਸੋਚ ਜਾਂ ਭ੍ਰਿਸ਼ਟ ਰੁਚੀ `ਚੋਂ ਜਨਮ ਲੈਂਦਾ ਹੈ। ਭ੍ਰਿਸ਼ਟ ਸੋਚ (ਵਿਚਾਰ) ਭ੍ਰਿਸ਼ਟ ਵਿਚਾਰਧਾਰਾ `ਚੋਂ ਪੈਦਾ ਹੁੰਦੀ ਹੈ। ਮਨੁੱਖ ਦੀ ਵਿਚਾਰਧਾਰਾ ਦੀ ਘਾੜਤ (ਸ਼ਖ਼ਸੀਅਤ) ਨੂੰ ਘੜਨ ਲਈ ਉਸ ਦੇ ਮੱਤ (ਮਜ਼੍ਹਬ) ਦਾ ਫ਼ਲਸਫ਼ਾ, ਉਸ ਦੇ ਮਾਤਾ-ਪਿਤਾ ਤੇ ਅਧਿਆਪਕਾਂ ਦੀ ਸਿੱਖਿਆ (ਤੇ ਉਨ੍ਹਾਂ ਦਾ ਆਪਣਾ ਅਮਲੀ ਜੀਵਨ), ਸਮਾਜਿਕ ਵਾਤਾਵਰਣ ਅਤੇ ਕਿਸੇ ਹੱਦ ਤੱਕ ਮਨੁੱਖ ਦੀ ਜਮਾਂਦਰੂ ਤਾਸੀਰ (ਪਿਛਲੇ ਜਨਮਾਂ ਦੇ ਸੰਸਕਾਰਾਂ ਦਾ ਪ੍ਰਭਾਵ) ਆਦਿ ਫ਼ੈਕਟਰ ਜ਼ਿੰਮੇਵਾਰ ਹੁੰਦੇ ਹਨ। ਮੰਦਾ ਆਚਰਣ ਮਨੁੱਖੀ ਸਮਾਜ ਦੇ ਚਿਹਰੇ `ਤੇ ਲੱਗਿਆ ਇੱਕ ਕਾਲਾ ਧੱਬਾ ਹੁੰਦਾ ਹੈ। ਇਸ ਕਾਲੇ ਦਾਗ਼ ਨੂੰ ਸਾਫ਼ ਕਰ ਕੇ ਹੀ ਚੰਗੇ ਸਮਾਜ ਦੀ ਸਿਰਜਨਾ ਕੀਤੀ ਜਾ ਸਕਦੀ ਹੈ। ਇਸ ਦਾਗ਼ ਨੂੰ ਸਾਫ਼ ਕਰਨ ਲਈ ਮਨੁੱਖੀ ਮਨ ਨੂੰ ਸਾਫ਼ ਕਰਨਾ ਜ਼ਰੂਰੀ ਹੈ, ਕਿਉਂਕਿ, ਮਨੁੱਖੀ ਆਚਰਣ ਬੁਨਿਆਦੀ ਤੌਰ `ਤੇ, ਮਨੁੱਖ ਦੀਆਂ ਮਾਨਸਿਕ ਰੁਚੀਆਂ `ਤੇ ਹੀ ਆਧਾਰਤ ਹੁੰਦਾ ਹੈ। ਇਸ ਲਈ ਇਸ ਕਾਲੇ ਧੱਬੇ ਨੂੰ ਮਿਟਾਉਣ ਲਈ ਮਨੁੱਖੀ ਮਨ ਨੂੰ ਸ਼ਬਦ-ਗੁਰੂ ਦੇ ਦੱਸੇ ਰਾਹ `ਤੇ ਤੋਰਨਾ ਲਾਜ਼ਮੀ ਸ਼ਰਤ ਹੈ। ਸ਼ਬਦ-ਗੁਰੂ ਦਾ ਫ਼ੁਰਮਾਣੁ ਹੈ -

*ਮੰਨੁ ਧੋਵਹੁ ਸਬਦਿ ਲਾਗਹੁ, ਹਰਿ ਸਿਉ ਰਹਹੁ ਚਿਤੁ ਲਾਇ॥ (ਮ: 3, 919)*

ਭਾਵ: (ਹੇ ਭਾਈ!) ਸ਼ਬਦ-ਗੁਰੂ ਦੇ ਉਪਦੇਸ਼ ਨਾਲ ਜੁੜੋ, ਪਰਮਾਤਮਾ ਦੇ ਚਰਨਾਂ ਵਿੱਚ ਸਦਾ ਚਿੱਤ ਜੋੜੀ ਰੱਖੋ, (ਜੇ) ਮਨ (ਧੋਣਾ ਹੈ ਤਾਂ ਇਸ ਤਰ੍ਹਾਂ) ਧੋਵੋ।

ਵੈਸੇ ਤਾਂ ਭ੍ਰਿਸ਼ਟਾਚਾਰ ਸਾਰੇ ਹੀ ਸੰਸਾਰ ਵਿੱਚ ਫੈਲਿਆ ਹੋਇਆ ਹੈ (ਕਿਤੇ ਥੋੜਾ ਤੇ ਕਿਤੇ ਕੁੱਝ ਜ਼ਿਆਦਾ), ਪਰ ਸੰਸਾਰ ਦੇ ਕੁੱਝ ਕੁ ਦੇਸ਼ ਭ੍ਰਿਸ਼ਟਾਚਾਰ ਦੇ ਚੈਂਪੀਅਨ ਹੋਣ ਦਾ ਮਾਣ ਪ੍ਰਾਪਤ ਕਰ ਚੁੱਕੇ ਹਨ ਅਤੇ ਭਾਰਤ ਉਨ੍ਹਾਂ ਵਿੱਚੋਂ ਇੱਕ ਹੈ। ਭਾਰਤ ਵਿੱਚ ਭ੍ਰਿਸ਼ਟਾਚਾਰ ਦੇ ਬੋਲਬਾਲੇ ਹੋਣ ਦਾ ਮੂਲ ਕਾਰਨ ਹੈ ਭਾਰਤੀ ਰਾਜ-ਤੰਤਰ `ਤੇ ਬ੍ਰਾਹਮਣਵਾਦ ਦਾ ਗੂੜ੍ਹਾ ਪ੍ਰਭਾਵ। ਇਸ ਲਈ ਭਾਰਤੀ ਰਾਜ-ਤੰਤਰ ਨੂੰ ਬ੍ਰਾਹਮਣਵਾਦ (ਮਨੂੰਵਾਦ) ਦੇ ਦੁਸ਼-ਪ੍ਰਭਾਵ ਤੋਂ ਸੁਤੰਤਰ ਕਰਵਾ ਕੇ ਹੀ ਇਥੇ ਭ੍ਰਿਸ਼ਟਾਚਾਰ ਦੇ ਦੈਂਤ ਨੂੰ ਕਾਬੂ ਕੀਤਾ ਜਾ ਸਕੇਗਾ। ਸਰਬ-ਸਾਂਝੇ ਗੁਰਮਤਿ ਫ਼ਲਸਫ਼ੇ ਨੂੰ ਅਮਲੀ ਤੌਰ `ਤੇ ਜੀਵਨ ਵਿੱਚ ਲਾਗੂ ਕਰ ਕੇ ਇਹ ਕਾਰਜ ਸਹਿਜੇ ਹੀ ਸਿਰੇ ਚਾੜ੍ਹਿਆ ਜਾ ਸਕਦਾ ਹੈ।

**ਰਾਜਸੀ ਹਾਲਾਤ**

ਪ੍ਰਾਚੀਨ ਕਾਲ ਵਿੱਚ ਰਾਜਸੀ ਹਾਲਾਤ ਕੁਝ ਅਜਿਹੇ ਰਹੇ ਹਨ, ਕਿ ਦੇਸ਼ ਨੂੰ ਅਖੰਡਤਾ ਨਸੀਬ ਨਾ ਹੋ ਸਕੀ ਪਰੰਤੂ ਸਭਿਆਚਾਰਕ ਪੱਖ ਤੋਂ ਇਹ ਅਖੰਡਤਾ ਉਸ ਸਮੇਂ ਵੀ ਕਾਇਮ ਸੀ। ਹੜੱਪਾ ਵਰਗੇ ਸ਼ਹਿਰ ਕਿਸੇ ਕਰੋਪੀ ਦਾ ਨਹੀਂ ਸਗੋ ਰਾਜਸੀ ਹਿਲਜੁਲ ਦਾ ਸ਼ਿਕਾਰ ਸਨ। ਇਸ ਤੋਂ ਇਲਾਵਾ ਆਰੀਆ, ਜੈਨ ਮਤ ਤੇ ਬੋਧ ਸਿਧਾਤਾਂ ਦੇ ਪ੍ਰਚਾਰ ਨੇ ਦੇਸ਼ ਨੂੰ ਰਾਜਨੀਤਕ ਵਾਯੂਮੰਡਲ ਵਿੱਚ ਵੱਡਾ ਪਰਿਵਰਤਨ ਲਿਆਦਾ। ਭਾਰਤ ਵਿੱਚ ਮੋਰੀਆ ਵੰਸ਼ਾ, ਗੁਪਤ ਕਾਲ  ਦਾ ਰਾਜ ਪ੍ਰਬੰਧ ਵੀ ਭਾਰਤੀ ਇਤਿਹਾਸ ਦਾ ਸੁਨਹਿਰੀ ਸਮਾਂ ਮੰਨਿਆ ਜਾਂਦਾ ਹੈ।

**ਪੰਜਾਬ ਦਾ ਪ੍ਰਜਾਤੰਤਰ**

ਪੰਜਾਬ ਅਤੇ ਇਸਦੇ ਨਾਲ ਲਗਦੇ ਇਲਾਕੇ ਕਈ ਭਾਗਾ ਵਿੱਚ ਵੰਡੇ ਹੋਏ ਸਨ ਤੇ ਉਹਨਾਂ ਵਿੱਚ ਪ੍ਰਜਾਤੰਤਰ ਰਾਜ ਸਥਾਪਤ ਸੀ। ਉਸ ਸਮੇਂ ਦੀ ਕਲਾ ਸਾਹਿਤ ਅਤੇ ਸਭਿਆਚਾਰ ਵਿੱਚ ਉੱਚ ਕੋਟੀ ਦੀਆਂ ਪ੍ਰਾਪਤੀਆ ਮਿਲਦੀਆਂ ਹਨ। ਹੱਥ ਲਿਖਤ ਪੁਸਤਕਾਂ, ਜਿਸਨੂੰ ਕਿ ਬਾਰਵੀਂ ਸਦੀ ਵਿੱਚ "ਬਖ਼ਤਿਆਰ ਖਿਲਜੀ" ਨੇ ਅੱਗ 'ਚ  ਫੂਕ ਦਿੱਤਾ ਤੇ ਸੈਂਕੜੇ ਵਿਦਵਾਨ ਪ੍ਰੋਫ਼ੈਸਰਾਂ ਨੂੰ ਦਰਿਆ ਵਿੱਚ ਰੋੜ ਦਿੱਤਾ।[2]

**ਇਸਲਾਮੀ ਸਮਾਜ ਦੀ ਹਕੂਮਤ**

ਦੇਸ਼ ਦੀ ਹਕੂਮਤ ਇਸਲਾਮੀ ਹੱਕਾਂ ਵਿੱਚ ਚਲੀ ਗਈ। ਹਿੰਦੂ ਦਲਿਤ ਜਾਤਾਂ 'ਚੋ ਨਵੇਂ ਬਣੇ ਮੁਸਲਮਾਨਾ ਨੂੰ ਇਸਲਾਮੀ ਸਮਾਜ ਵਿੱਚ ਸਤਿਕਾਰ ਪ੍ਰਾਪਤ ਨਾ ਹੋ ਸਕਿਆ। ਰਾਜਪੂਤ ਰਾਜਿਆ ਦੇ ਦਰਬਾਰ ਵਿਚਲੀਆ ਰੀਤਾਂ ਵੇਖੋ ਵੇਖੀ ਸਾਂਝੀ ਹੋ ਗਈਆ। ਇਸ ਤੋ ਇਲਾਵਾ ਇਸਲਾਮੀ ਰਾਜ ਵਿੱਚੋਂ ਗੁਲਾਮ ਪ੍ਰਥਾ, ਨਸ਼ਾ ਖੋਰੀ, ਜੂਏ ਆਦਿ ਨੇ ਜਨਮ ਲਿਆ।

**ਰਾਸ਼ਟਰੀਅਤਾ ਅਤੇ ਕੌਮੀ ਸਭਿਆਚਾਰ ਨੂੰ ਪ੍ਰਫੁੱਲਤ ਕਰਨਾ**

ਇਸਲਾਮੀ ਵਿਚਾਰਧਾਰਾ ਦੇ ਪ੍ਰਵੇਸ਼ ਨਾਲ ਜਾਤੀ ਭੇਦ ਦੀ ਸਮੱਸਿਆ ਵਧੇਰੇ ਵਧ ਗਈ ਜਿਸਨੂੰ ਸੁਲਝਾਉਣ ਲਈ ਸੂਫ਼ੀ ਫ਼ਕੀਰਾਂ ਅਤੇ ਸਿੱਖ ਗੁਰੂਆਂ ਨੇ ਸਮੇਂ ਸਿਰ ਯਤਨ ਕੀਤੇ ਅਤੇ ਦੇਸ਼ ਵਿੱਚ ਕੌਮੀ ਸਭਿਆਚਾਰ ਪ੍ਰਫੁਲਤ ਕਰਨ ਵਿੱਚ ਸਫਲ ਹੋਏ।[3]

**ਮਹਾਰਾਜਾ ਰਣਜੀਤ ਸਿੰਘ ਦਾ ਰਾਜ**

ਪੰਜਾਬ ਵਿੱਚ ਰਣਜੀਤ ਸਿੰਘ ਦਾ ਰਾਜ ਸਿਖ,  ਹਿੰਦੂ, ਮੁਸਲਮਾਨ ਦਾ ਸਾਂਝਾ ਰਾਜ ਸੀ, ਰਣਜੀਤ ਸਿੰਘ ਦੀ ਮੌਤ ਪਿਛੋਂ ਅੰਗਰੇਜ਼ਾ ਦਾ ਦਖਲ ਵਧ ਗਿਆ ਅਜੇਹੇ ਸਮੇਂ ਦੌਰਾਨ ਕਈ ਲਹਿਰਾਂ ਨੇ ਜਨਮ ਲਿਆ, ਬੇਸ਼ਕ ਹਾਲਾਤ ਦੀ ਮਜ਼ਬੂਰੀ ਕਾਰਨ ਇਹਨਾਂ 'ਚੋ **ਗਦਰ ਲਹਿਰ** ਮਿਸ਼ਨ ਵਿੱਚ ਸਫਲ ਨਾ ਹੋ ਸਕੀ ਪਰ ਫਿਰ ਵੀ ਦੇਸ਼ ਭਗਤਾਂ, ਗਦਰੀ ਬਾਬਿਆ ਦੀਆ ਕੁਰਬਾਨੀਆਂ ਨੇ ਪੰਜਾਬੀ ਹਿਰਦਿਆ ਅੰਦਰ ਦ੍ਰਿੜ੍ਹ ਵਿਸ਼ਵਾਸ ਪੈਦਾ ਕੀਤਾ ਕਿ,

## ਸਿੱਟਾ

ਇਸ ਤਰ੍ਹਾਂ ਸਦਾ ਤੋਂ ਰਾਜਨੀਤੀ ਸਭਿਆਚਾਰ ਨੂੰ ਸਦੀਆਂ ਤੋਂ ਪ੍ਰਭਾਵਿਤ ਕਰਦੀ ਰਹੀ ਹੈ ਤੇ ਇਸ ਤਰ੍ਹਾਂ ਅਸੀਂ ਅਨੇਕਾਂ ਹੋਈਆਂ ਤੇ ਹੋ ਰਹੀਆਂ ਖੋਜਾਂ ਤੋਂ ਵੀ ਰਾਜਨੀਤੀ ਤੇ ਸਭਿਆਚਾਰ ਦੇ ਪ੍ਰਸਪਰ ਪ੍ਰਭਾਵਾਂ ਨੂੰ ਪਰਖ ਸਕਦੇ ਹਾਂ।

## ਹਵਾਲੇ


1. ਮੁਖ ਸੰਪਾਤੀਰਥਿ ਦੇ ਸਿੰਘ ਸਵਤੰਤ੍ਰ :, ਪੰਜਾਬੀ ਸਭਿਆਚਾਰ, ਪੰਨਾ 80
2. ਸਿਰਦਾਰ ਕਪੂਰ ਸਿੰਘ, ਸਪਤ ਸ੍ਰਿੰਗ, , ਪੰਨਾ 8
3. ਮੁਖ ਸੰਪਾਤੀਰਥ ਸਿੰਘ ਸਵਤੰਤ੍ਰ :, ਪੰਜਾਬੀ ਸਭਿਆਚਾਰ, ਪੰਨਾ 98,99
4. ਗਦਰ ਗੂੰਜ, ਨੰਬਰ ਇਕ, ਪੰਨਾ 2

**ਭਾਗ ਸਭਿਆਚਾਰ .1 (ੳ)**

ਪਾਠ ਦਾ ਸਿਰਲੇਖ

**ਸਭਿਆਚਾਰਪਰਿਭਾਸ਼ਾ ਅਤੇ ਲੱਛਣ :**

ਪਾਠ ਦੀ ਸੰਰਚਨਾ

ਭੂਮਿਕਾ

ਉਦੇਸ਼ਮੰਤਵ/

ਸਭਿਆਚਾਰਪਰਿਭਾਸ਼ਾ ਅਤੇ ਲੱਛਣ :

ਸਭਿਆਚਾਰਕ ਪਰਿਵਰਤਨ

**ਭੂਮਿਕਾ** :

ਪਿਆਰੇ ਵਿਦਿਆਰਥੀ ਤੁਹਾਡੇ ਸਿਲੇਬਸ ਨੂੰ ਚਾਰ ਭਾਗ ਵਿਚ ਵੰਡਿਆਂ ਗਿਆ ਹੈ। ਹਰ ਭਾਗ ਨੂੰ ਇਕ ਇਕਾਈ ਦੇ ਰੂਪ ਵਿਚ ਇਸ ਦੀ ਚਰਚਾ ਨੂੰ ਉਜਾਗਰ ਕੀਤਾ ਗਿਆ ਹੈ। ਹਰ ਇਕਾਈ ਦੇ ਭਾਗ ਵਿਚ ਪਾਠ ਦੀ ਸੰਰਚਨਾ ਨੂੰ ਵਿਧੀਵਤ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਸਭਿਆਚਾਰ ਦੇ ਹਰੇਕ ਨੁਕਤੇ ਅਤੇ ਪਹਿਲੂ ਨੂੰ ਹਰ ਇਕਾਈ ਦੇ ਪਾਠ ਵਿਚ ਉਭਾਰਿਆ ਗਿਆ ਹੈ।

ਇਸ ਪਾਠ ਵਿਚ ਸਭਿਆਚਾਰ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਜਾ ਰਹੀ ਹੈ। ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਪਹਿਲਾਂ ਉਹ ਇਸ ਪਾਠ ਵਿਚ ਦਿੱਤੀ ਗਈ ਸਮੱਗਰੀ ਦਾ ਮੂਲ ਪਾਠ ਪੜ੍ਹ ਲੈਣ। ਇਕ ਵਾਰ ਪਾਠ ਨੂੰ ਪੜ੍ਹ ਲੈਣ ਉਪਰੰਤ ਵਿਦਿਆਰਥੀ ਆਪ ਹੀ ਸਭਿਆਚਾਰ ਦੇ ਵਿਆਪਕ ਪ੍ਰਮੁੱਖ ਸੰਕਲਪਾਂ ਦੇ ਮੂਲ ਮਹੱਤਵ ਤੋਂ ਜਾਣੂ ਹੋ ਜਾਣ ਗਏ।

**2.ਪਾਠ ਦਾ ਮੰਤਵ ਤੇ ਉਦੇਸ਼** :

ਇਸ ਪਾਠ ਦਾ ਮੂਲ ਮੰਤਵ ਵਿਦਿਆਰਥੀਆਂ ਨੂੰ ਸਭਿਆਚਾਰ ਅਤੇ ਪੰਜਾਬੀ ਸਭਿਆਚਾਰ ਨੂੰ ਪੜ੍ਹਨ ਅਤੇ ਸਮਝਣਸਮਝਾਉਣ ਦੇ ਸਮਰੱਥ ਬਣਾਉਣਾ ਹੈ/। ਸਭਿਆਚਾਰ ਮਨੁੱਖ ਦਾ ਅਜਿਹਾ ਵਰਤਾਰਾ ਹੈਜਿਸ ਵਿਚ ਉਸ ਦੀ , ਸ਼ਖਸੀਅਤ ਦਾ ਵਿਕਾਸ ਹੁੰਦਾ ਹੈ। ਸਭਿਆਚਾਰ ਮਨੁੱਖ ਦੇ ਜੀਵਨਢੰਗ ਨੂੰ ਦਿੱਖ ਪ੍ਰਦਾਨ ਕਰਦਾ ਹੈ-। ਹਰ ਸਮਾਜ ਦਾ ਆਪਣਾ ਸਭਿਆਚਾਰ ਹੁੰਦਾ ਹੈ। ਸਮਾਜਿਕ ਪ੍ਰਾਣੀ ਹੋਣ ਦੇ ਨਾਤੇ ਮਨੁੱਖ ਆਪਣੀਆਂ ਲੋੜਾਂ ਦੀ ਪੂਰਤੀ ਸਮਾਜ ਚੋਂ ਹੀ ' ਪ੍ਰਾਪਤ ਕਰਦਾ ਹੈ। ਆਪਸੀ ਭਾਈਚਾਰਕ ਸਾਂਝ ਅਤੇ ਸਹਿਯੋਗ ਦੀ ਭਾਵਨਾ ਦਾ ਵਿਕਾਸ ਸਭਿਆਚਾਰ ਦੇ ਧਰਾਤਲ ਉਪਰ ਕਾਰਜਸ਼ੀਲ ਹੁੰਦਾ ਹੈ। ਇਸ ਕਰਕੇ ਸਭਿਆਚਾਰ ਮਨੁੱਖ ਦੇ ਜੀਵਨ ਵਿਚ ਅਤਿ ਮਹੱਤਵਪੂਰਨ ਕੜੀ ਦੇ ਰੂਪ ਵਿਚ ਆਪਣੀ ਭੂਮਿਕਾ ਨੂੰ ਨਿਭਾਉਂਦਾ ਹੈ। ਇਸ ਪਾਠ ਦਾ ਮੂਲ ਉਦੇਸ਼ ਅਤੇ ਮੰਤਵ ਸਭਿਆਚਾਰ ਦੀ ਭੂਮਿਕਾ ਦੇ ਮਹੱਤਵ ਨੂੰ ਉਜਾਗਰ ਕਰਨਾ ਹੈ । ਇਸ ਪਾਠ ਵਿਚ ਸਭਿਆਚਾਰ ਦੀ ਪਰਿਭਾਸ਼ਾਲੱਛਣ ਅਤੇ ਸੰਬੰਧਤ ਪਹਿਲੂਆਂ ਬਾਰੇ ਚਰਚਾ , ਕੀਤੀ ਗਈ ਹੈ।

**3.ਸਭਿਆਚਾਰ:ਪਰਿਭਾਸ਼ਾ ਅਤੇ ਲੱਛਣ ,ਪ੍ਰਕਿਰਤੀ :**

ਸਭਿਆਚਾਰ ਸੰਸਾਰ ਭਰ ਦੇ ਚਿੰਤਕਾਂ ਲਈ ਇਕ ਲੰਬੀ ਚਰਚਾ ਦਾ ਵਿਸ਼ਾ ਰਿਹਾ ਹੈ। ਸਭਿਆਚਾਰ ਵਿਸ਼ੇ ਦੀ ਪਰਿਭਾਸ਼ਾ ਤੇ ਵਿਆਖਿਆ ਬਾਰੇ ਸਾਡੇ ਕੋਲ ਵਿਭਿੰਨ ਅਨੁਸ਼ਾਸਨਾਂ ਦਾ ਚਿੰਤਨ ਉਭਰ ਕੇ ਸਾਹਮਣੇ ਆਉਂਦਾ ਹੈ। ਸਭਿਆਚਾਰ ਇਕ ਅੰਤਰ-ਸਮਾਜ ,ਵਿਗਿਆਨ-ਜਿਸ ਵਿਚ ਮਾਨਵ ,ਅਨੁਸ਼ਾਸਨੀ ਅਧਿਐਨ ਵਿਧੀ ਦਾ ਵਿਸ਼ਾ ਬਣ ਗਿਆ-ਵਿਗਿਆਨ ਤੋਂ ਇਲਾਵਾਂ ਇਤਿਹਾਸ-ਪੁਰਾਤਤਵ ,ਭਾਸ਼ਾ ਵਿਗਿਆਨ ,ਵਿਗਿਆਨ ਆਦਿ ਅਨੁਸ਼ਾਸਨਾਂ ਨੇ ਸਭਿਆਚਾਰ ਦੀ ਚਰਚਾ ਨੂੰ ਉਭਾਰਣ ਵਿਚ ਆਪਣਾ ਮਹੱਤਵਪੂਰਨ ਰੋਲ ਅਦਾ ਕੀਤਾ ਹੈ।

ਉਹ ਸੋਮੇ ਜਾਂ ਤੱਥ ਜਿਨ੍ਹਾਂ ਰਾਹੀਂ ਸੱਭਿਆਚਾਰ ਦੇ ਇਤਿਹਾਸ ਦਾ ਅਨੁਮਾਨ ਲਗਾਇਆ ਜਾਂਦਾ ਹੈ ਅਧਿਐਨ ਸੋਮਿਆਂ ਦਾ ਹਿੱਸਾ ਬਣਦੇ ਹਨ। ਇਸ ਸੋਮੇ ਦਾ ਹਿੱਸਾ ਸਾਹਿਤ, ਇਮਾਰਤਾਂ ਖੰਡਰ ਅਰਥਾਤ ਪੁਰਾਣੀ ਸਾਮੱਗਰੀ -, ਰੀਤੀਰਿਵਾਜ਼-, ਖਾਣਪੀਣ ਅਤੇ ਪਹਿਰਾਵੇ ਬਣਦੇ ਹਨ। ਭੁਪਿੰਦਰ ਸਿੰਘ ਦੇ ਸੋਮਿਆਂ ਨੂੰ ਇਸ ਵੰਡ ਅਨੁਸਾਰ ਵਧੇਰੇ ਵਾਜ਼ਿਬ ਸਮਝਿਆ -ਜਾਂਦਾ ਹੈ। ਖਹਿਰਾ ਅਨੁਸਾਰ ਮੂਲ ਸੋਮਿਆਂ ਦੀ ਵੰਡ ਤਿੰਨ ਹਿੱਸਿਆਂ ਵਿੱਚ ਕੀਤੀ ਹੈ"ਸਥੂਲ ਸੋਮੇ" :, "ਕਾਲਕ੍ਰਮਕੀ ਸੋਮੇ " ਭਾਗਾਂ ਵਿੱਚ ਵੰਡਿਆ ਹੈ।-ਜਿਨ੍ਹਾਂ ਨੂੰ ਖਹਿਰੇ ਨੇ ਅੱਗੇ ਉਪ "ਲੋਕਧਾਰਾਈ ਸੋਮੇ" ਅਤੇ[1] ਅਧਿਐਨ ਸੋਮੇ ਦਾ ਆਧਾਰ ਖਹਿਰੇ ਦੇ ਸਥੂਲ ਸੋਮੇ ਅਤੇ ਲੋਕਧਾਰਾਈ ਸੋਮੇ ਨੂੰ ਬਣਾਇਆ ਜਾ ਸਕਦਾ ਹੈ। ਸਥੂਲ ਸੋਮੇ ਵਿੱਚ "ਲਿਖਤੀ ਸਾਹਿਤ", "ਪੁਰਾਤੱਤਵ ਸਾਮੱਗਰੀ", "ਸਮਾਜਿਕ ਸੋਮੇ"ਲੋਕ ਦ੍ਰਿਸ਼ਟਾਂਤ" ਤੇ "ਲੋਕ ਰੂੜ੍ਹੀਆਂ" ਅਤੇ ਲੋਕਧਾਰਾਈ ਸੋਮੇ ਵਿੱਚ "[1] ਹਨ ਜੋ ਅਧਿਐਨ ਸੋਮੇ ਅਨੁਸਾਰ ਸਾਰੇ ਤੱਥ ਮਹੱਤਵਪੂਰਨ ਅਤੇ ਧਿਆਨ ਦਿਵਾਉਣ ਯੋਗ ਹਨ। ਇਸੇ ਪ੍ਰਕਾਰ ਫਰੈਂਕ ਨੇ ਵੀ ਤਿੰਨ ਹਿੱਸਿਆਂ ਵਿੱਚ, "ਸਥਾਨਕ ਸੋਮੇ", "ਭਾਰਤੀ ਸੋਮੇਜਦੋਂ ਇੱਕ ਸਭਿਆਚਾਰ ਦੂਜੇ ਸਭਿਆਚਾਰਾਂ ਤੋਂ ਅੰਸ਼ ) "ਵਿਦੇਸ਼ੀ ਸੋਮੇ" ਅਤੇ " (ਗ੍ਰਹਿਣ ਕਰਦਾ ਹੈ, ਵੰਡ ਕੀਤੀ ਹੈ। [2] ਫ਼ਰੈਂਕ ਦੇ ਸਥਾਨਕ ਸੋਮੇ ਅਤੇ ਭਾਰਤੀ ਸੋਮੇ, ਅਧਿਐਨ ਸੋਮੇ ਅਨੁਸਾਰ ਲਏ ਜਾ ਸਕਦੇ ਹਨ ਪਰੰਤੂ ਡਾ ਖਹਿਰੇ ਦੀ ਵੰਡ ਫ਼ਰੈਂਕ ਦੀ ਵੰਡ ਨਾਲੋ ਵਧੇਰੇ ਵਾਜ਼ਿਬ ਮੰਨੀ ਗਈ ਹੈ।

ਸਥਾਨਕ ਸੋਮੇ : ਕਿਸੇ ਵੀ ਸੱਭਿਆਚਾਰ ਦਾ ਬੁਨਿਆਦੀ ਸੋਮਾ ਉਸਦੀ ਆਪਣੀ ਹੋਂਦ ਹੁੰਦਾ ਹੈ। ਹਰ ਜਿਊਂਦਾ ਜਾਗਦਾ ਸੱਭਿਆਚਾਰ ਆਪਣੇ ਹੀ ਅੰਸ਼ਾ ਨੂੰ ਨਵਿਆਉਂਦਾ, ਆਪਣੇ ਹੀ ਅੰਸ਼ਾ ਤੋਂ ਨਵੇਂ ਅੰਸ਼ ਸਿਰਜਦਾ, ਅਣਚਾਹੇ ਅੰਸ਼ਾ ਨੂੰ ਰੱਦਦਾ ਰਹਿੰਦਾ ਹੈ। ਇਹ ਇਸ ਦੇ ਜੀਵਤ ਹੋਣ ਦਾ ਸਿੱਟਾ ਵੀ ਹੁੰਦਾ ਹੈ, ਅਤੇ ਸਬੂਤ ਵੀ। ਚਿੰਤਨ ਵਿੱਚ ਪੈਦਾ ਹੋਇਆ ਹਰ ਨਵਾ ਖਿਆਲ ਅਗਲੇ ਖਿਆਲ ਨੂੰ ਉਤੇਜਿਤ ਕਰਦਾ, ਉਸ ਲਈ ਸੋਮੇ ਦਾ ਕੰਮ ਦਿੰਦਾ ਹੈ। ਸਾਹਿਤ ਵਿੱਚ ਆਇਆ ਹਰ ਨਵਾ ਅੰਸ਼ ਅਗਲੀਆਂ ਕਿਰਤਾਂ ਵਿੱਚ ਥਾਂ ਬਣਾ ਲੈਂਦਾ ਹੈ।

ਇਸ ਤਰਹ ਅਖਾਉਤਾ, ਮੁਹਾਵਰਿਆਂ, ਬੋਲੀਆਂ, ਲੋਕ ਗੀਤਾਂ ਦੀ ਨਿਰੰਤਰ ਸਿਰਜਨਾ ਹੁੰਦੀ ਰਹਿੰਦੀ ਹੈ। [3]

ਭਾਰਤੀ ਸੋਮੇ:- ਉਪਰੋਕਤ ਨਿਰੋਲ ਸਥਾਨਕ ਸੋਮਿਆਂ ਤੋ ਇਲਾਵਾ ਕੁਝ ਐਸੇ ਸੋਮੇ ਵੀ ਹਨ, ਜਿਹੜੇ ਸਥਾਨਕ ਨਹੀਂ, ਪਰ ਭਾਰਤ ਤੋ ਬਾਹਰੋ ਨਹੀਂ ਆਏ। ਸਾਰੇ ਹੀ ਵੇਦ, ਬ੍ਰਾਹਮਣ ਗ੍ਰੰਥ, ਉਪਨਿਸ਼ਦ, ਪੁਰਾਣ, ਮਹਾਂਕਾਵਿ, ਪੰਜਾਬ ਦੀ ਧਰਤੀ ਤੇ ਨਹੀਂ ਰਚੇ ਗਏ, ਪਰ ਉਹ ਵੀ ਪੰਜਾਬੀ ਸਭਿਆਚਾਰ ਦਾ ਅਟੁੱਟ ਸੋਮਾ ਹਨ। ਅਸਲ ਵਿੱਚ ਧਾਰਮਿਕ ਆਦਰਸ਼ਵਾਦੀ ਫਲਸਫਾ ਕੋਈ ਵੀ ਐਸਾਂ ਨਹੀਂ, ਜਿਸ ਨੇ ਭਾਰਤ ਵਿਚ ਰੂਪ ਧਾਰਿਆ ਹੋਵੇ।, ਪਰ ਉਸ ਦਾ ਸੋਮਾ ਉਪਰੋਕਤ ਪੁਰਾਤਨ ਧਾਰਮਿਕ ਅਤੇ ਦਾਰਸ਼ਨਿਕ ਗ੍ਰੰਥਾਂ ਵਿਚ ਨਾ ਹੋਇਆ ਹੋਵੇ। ਇਹ ਗੱਲ ਮਧ ਸ਼ੰਕਰ ਦੇ  - ਕਾਲੀਨ ਧਾਰਮਿਕ ਲਹਿਰਾਂ - ਅਦਵੈਤ ਵੇਦਾਂਤ ਤੋ ਲੈ ਕੇ ਭਗਤੀ ਲਹਿਰ ਦੇ ਬਿਲਕੁਲ ਮਗਰਲੇ ਪ੍ਰਗਟਾਵਾ ਤੱਕ ਸਭ ਉਪਰ ਢੁੱਕਵੀਂ ਹੈ। ਉੱਨਾਵੀ ਸਦੀ ਤੱਕ ਲਹਿਰਾਂ ਬ੍ਰਹਮ ਸਮਾਜ), ਆਰੀਆ ਸਮਾਜ ਆਦਿਰਾਮਾ ਕ੍ਰਿਸ਼ਨਾ) ਪ੍ਰਬੰਧਕਾਰੀਆ (, ਵਿਵੇਕਾਨੰਦ, ਅਰਬਿਦੋਂ ਘੋਸ਼ ਆਦਿਸਭ ਦੀਆਂ ਜੜ੍ਹਾਂ ਪੁਰਾਤਨ (, ਭਾਰਤੀ ਫਲਸਫੇ ਵਿੱਚ ਹਨ। [4]

ਬਦੇਸ਼ੀ ਸੋਮੇ ਜਿਵੇਂ ਕਿ ਅਸੀਂ ਅਮਰੀਕੀ ਮਾਨਵ ਵਿਗਿਆਨ ਰਾਲਵ ਲਿਟ -ੰਨ ਦੀ ਪੁਸਤਕ 'the study of man ਦੇ ਹਵਾਲੇ ਨਾਲ ਅਪਣੇ ਆਪ ਨੂੰ ਸੌ ਫੀਸਦੀ ਅਮਰੀਕੀ ਸਮਝਣ ਵਾਲਾ ਵਿਅਕਤੀ ਅਸਲ ਵਿਚ ਸੌ ਫੀਸਦੀ ਅੰਸ਼ ਐਸਾ ਵਰਤ ਰਿਹਾ ਹੁੰਦਾ ਹੈ। ਜਿਹੜੇ ਦੂਜੇ ਸੱਭਿਆਚਾਰਾ ਤੋ ਗ੍ਰਹਿਣ ਕੀਤੇ ਗਏ ਹੁੰਦੇ ਹਨ। ਇਹ ਗੱਲ ਹਰ ਸੱਭਿਆਚਾਰ ਲਈ ਠੀਕ ਹੈ। ਸ਼ੁੱਧ ਸੱਭਿਆਚਾਰ ਨਾਮ ਦੀ ਚੀਜ਼ ਸੰਸਾਰ ਵਿੱਚ ਨਹੀਂ ਹੈ। ਹਰ ਸੱਭਿਆਚਾਰ ਦੂਜੇ ਸੱਭਿਆਚਾਰਾ ਤੋਂ ਅੰਸ਼ ਲੈ ਕੇ ਆਪਣੇ ਸਿਸਟਮ ਵਿਚ ਰਚਾਉਦਾ ਰਹਿੰਦਾ ਹੈ, ਇਸੇ ਤਰ੍ਹਾਂ ਆਪਣੇ ਅੰਸ਼ ਦੂਜਿਆਂ ਨੂੰ ਦਿੰਦਾ ਹੈ। ਪਰ ਦੇਣ ਵਿੱਚ ਕਿਉ ਕਿ ਹਰ ਸਭਿਆਚਾਰ ਇਕੱਲਾ ਹੁੰਦਾ ਹੈ, ਜਦ ਕਿ ਪ੍ਰਾਪਤ ਕਰਨ ਲੱਗਿਆ ਇਸ ਦੇ ਸੋਮੇ ਬੇਅੰਤ ਹੁੰਦੇ ਹਨ, ਇਸ ਲਈ ਹਰ ਸਭਿਆਚਾਰ ਵਿਚ ਬਾਹਰੋਂ ਪ੍ਰਾਪਤ ਕੀਤੇ ਅੰਸ਼ਾ ਦੀ ਭਰਮਾਰ ਹੁੰਦੀ ਹੈ। ਪੰਜਾਬੀ ਸਭਿਆਚਾਰ ਲਈ ਇਹ ਗੱਲ ਹੋਰ ਵੀ ਜ਼ਿਆਦਾ ਠੀਕ ਹੈ, ਕਿਉਂਕਿ ਸਰਹੱਦੀ ਸੂਬਾ ਹੋਣ ਕਰਕੇ ਇੱਥੇ ਬਾਹਰੋਂ ਆਇਆ ਹਰ ਹਮਲਾਵਰ ਆਪਣੇ ਸਭਿਆਚਾਰਕ ਚਿੰਨ੍ਹ ਛੱਡ ਜਾਂਦਾ ਰਿਹਾ ਹੈ, ਜੇ ਉਹ ਆਪ ਹੀ ਇਸ ਦੇ ਸਭਿਆਚਾਰ ਦਾ ਅੰਗ ਬਣ ਕੇ ਨਹੀਂ ਰਹਿ ਗਿਆ ਤਾਂ ਪੰਜਾਬੀ ਸਭਿਆਚਾਰ ਦੀ ਪਾਚਣਸ਼ਕਤੀ ਕਮਾਲ - ਦੀ ਹੈ। ਪੰਜਾਬੀ ਸਭਿਆਚਾਰ ਨੇ ਚਾਰ ਚੁਫੇਰਿਓਂ ਸਭਿਆਚਾਰਕ ਅੰਸ਼ ਲੈ ਕੇ ਆਪਣੇ ਵੱਖਰੇ ਸਿਸਟਮ ਵਿੱਚ ਸਜਾ ਲਏ, ਇਹ ਇਸ ਦੀ ਸ਼ਾਨਦਾਰ ਪ੍ਰਾਪਤੀ ਹੈ। [5]

***ਲੋਕਧਾਰਾ***

ਲੋਕਧਾਰਾ, ਸਮੂਹ ਦੀਆਂ ਭਾਵਨਾਵਾਂ, ਸਮੱਸਿਆਵਾਂ ਨੂੰ ਵਿਅਕਤ ਕਰਨ ਦਾ ਸਾਧਨ ਹੈ। ਲੋਕਧਾਰਾ ਦੀ ਭੂਮਿਕਾ ਨੂੰ ਮਨੁੱਖੀ ਸਮਾਜ ਕਦੇ ਵੀ ਅਣਗੌਲਿਆ ਨਹੀਂ ਕਰ ਸਕਦਾ। ਲੋਕ ਰੁੜ੍ਹੀਆਂ, ਰਹੁਰੀਤਾਂ-, ਪੰਪਰਾਵਾਂ, ਲੋਕ ਸੰਗੀਤ, ਲੋਕ ਨਾਚ, ਮਿਥਾਂ, ਲੋਕ ਕਹਾਣੀਆਂ, ਦੰਦ ਕਥਾਵਾਂ,ਜ਼ਬਾਨੀ ਇਤਹਾਸ, ਕਹਾਵਤਾਂ, ਵਿਅੰਗ, ਬੁਝਾਰਤਾਂ, ਲੋਕ ਧਰਮ, ਲੋਕ ਵਿਸ਼ਵਾਸ, ਜਾਦੂ ਟੂਣੇ, ਵਹਿਮ ਭਰਮ, ਲੋਕ ਸਾਜ ਸੰਦ, ਬਰਤਨ ਭਾਂਡੇ ਅਤੇ ਲੋਕ ਹਥਿਆਰ ਲੋਕਧਾਰਾ ਦਾ ਹੀ ਹਿੱਸਾ ਹਨ। ਲੋਕਧਾਰਾ ਦੇ ਇਹਨਾਂ ਅੰਸ਼ਾਂ ਨੂੰ ਹੀ ਡਾ ਖਹਿਰਾ ਨੇ ਪੁਰਾਤੱਤਵ ਸਮਗਰੀ ਕਿਹਾ ਹੈ।

***ਲੋਕ ਸੰਗੀਤ***

ਪੰਜਾਬੀ ਲੋਕ ਸੰਗੀਤ ਪੰਜਾਬ ਦੇ ਰਵਾਇਤੀ ਸੰਗੀਤ ਹੈ ਜਿਸ ਵਿੱਚ ਪੰਜਾਬ ਦੇ ਰਵਾਇਤੀ ਸਾਜ਼ਾਂ ਦੀ ਵਰਤੋਂ ਹੁੰਦੀ ਹੈ। ਇਸ ਵਿੱਚ ਜਨਮ, ਖ਼ੁਸ਼ੀ ਅਤੇ ਗ਼ਮੀ ਦੀਆਂ ਵੱਖਵੱਖ ਹਾਲਤਾਂ ਅਤੇ ਮੌਤ ਤੱਕ ਦੇ ਗੀਤਾਂ ਦਾ ਵੱਡਾ ਭੰਡਾਰ ਹੈ।-

***ਲੋਕ ਗੀਤ***

ਪੰਜਾਬ ਵਿੱਚ ਜਨਮ, ਵਿਆਹ, ਮੌਤ, ਪਿਆਰ, ਇਸ਼ਕ, ਵਿਛੋੜਾ, ਉਡੀਕ, ਪੇਂਡੂ ਜੀਵਨ, ਸੁਹੱਪਣ, ਆਰਥਕ ਅਤੇ ਸਮਾਜਕ ਹਾਲਤਾਂ, ਸੁਭਾਅ, ਬਹਾਦਰੀ, ਰੀਤਰਿਵਾਜ-, ਖਾਣਪੀਣ-, ਮੇਲੇਤਿਉਹਾਰ-, ਲੋਕਗਾਥਾਵਾਂ-, ਪ੍ਰੀਤਕਹਾਣੀਆਂ-, ਲੋਕ ਅਤੇ ਇਤਿਹਾਸਕ ਨਾਇਕਾਂ ਸਬੰਧੀ ਕਿੱਸਿਆ ਨਾਲ ਸੰਬਧਿਤ ਅਨੇਕਾਂ ਲੋਕਗੀਤ ਹਨ।- ਲੋਕ ਗੀਤ, ਪੰਜਾਬੀ ਲੋਕ ਸੰਗੀਤ ਦਾ ਹੀ ਹਿੱਸਾ ਹਨ।

***ਬੋਲੀਆਂ***

ਬੋਲੀ ਆਪਣੀ ਭਾਵਨਾ ਨੂੰ ਵਿਅਕਤ ਕਰਨ ਦਾ ਲੈਅਬੱਧ ਤਰੀਕਾ ਹੈ ਜੋ ਪੰਜਾਬ ਦੀ ਲੋਕਧਾਰਾ ਵਿਚੋਂ ਹੈ। ਇਹਨਾਂ ਨੂੰ - ਮੌਕੇ ਉੱਪਰ ਗਾਿਇਆ ਜਾਂਦਾ ਹੈ ਜੋ ਪੰਜਾਬੀ ਪਹਿਰਾਵੇ ਖੁਸ਼ੀ ਦੇ, ਪੰਜਾਬੀ ਗਹਿਣਿਆਂ ਅਤੇ ਪੰਜਾਬੀ ਰਿਸ਼ਤਿਆਂ ਨੂੰ ਅਧਾਰ ਬਣਾ ਕੇ ਗਾਈਆਂ ਜਾਂਦੀਆਂ ਹਨ।

***ਲੋਕ ਨਾਚ***

ਲੋਕਾਂ ਵੱਲੋਂ ਰਿਵਾਇਤੀ ਸੰਗੀਤ ਦੀ ਧੁਨ 'ਤੇ ਬਿਨਾਂ ਕਿਸੇ ਜਾਂ ਨਾ ਬਰਾਬਰ ਸਿਖਲਾਈ ਅਤੇ ਨਾਲ਼ ਸਮਾਜਿਕ ਸਮਾਗਮਾਂ 'ਤੇ ਕੀਤੇ ਜਾਣ ਵਾਲ਼ੇ ਨਾਚ ਨੂੰ ਲੋਕ ਨਾਚ ਕਿਹਾ ਜਾਂਦਾ ਹੈ। ਹਰੇਕ ਸੱਭਿਆਚਾਰ ਦੇ ਆਪੋ ਆਪਣੇ ਲੋਕ ਨਾਚ ਹੁੰਦੇ ਹਨ।

***ਲੋਕ ਸਾਹਿਤ***

ਲੋਕ ਸਾਹਿਤ ਲੋਕ ਸੰਸਕ੍ਰਿਤੀ ਦੇ ਅੰਸ਼ਾਂ ਨਾਲ ਭਰੀ ਹੋਈ ਲੋਕ ਮਾਨਸ ਦੀ ਸਹਿਜਸੁਭਾਵਿਕ ਅਭਿਵਿਅਕਤੀ ਹੈ-, ਜਿਸ ਦਾ ਸੰਚਾਰ ਲੋਕ ਬੋਲੀ ਦੁਆਰਾ ਮੌਖਿਕ ਰੂਪ ਵਿੱਚ ਹੋਇਆ ਹੋਵੇ। ਇਸ ਰਚਨਾ ਨਾਲ ਕਿਸੇ ਵੀ ਲੇਖਕ ਦਾ ਨਾਂ ਜੁੜਿਆ ਹੋਇਆ ਨਹੀਂ ਹੁੰਦਾ ਤੇ ਇੱਕ ਲੋਕਹੈ। ਪੀੜ੍ਹੀ ਅੱਗੇ ਚੱਲਦੀ-ਸਮੂਹ ਦੀ ਪ੍ਰਵਾਨਗੀ ਲੈ ਕੇ ਪੀੜ੍ਹੀਓ-

***ਲੋਕ ਵਾਰਾਂ***

ਲੋਕ ਕਾਵਿ ਵਿਚੋਂ ਵਿਸ਼ਸ਼ਿਟ ਵਿੱਚ ਰੂਪਾਂਤਰਿਤ ਹੋਇਆ ਪਹਿਲਾ ਕਾਵਿ ਰੂਪ ਵਾਰ ਹੈ। ਪੰਜਾਬੀ ਸਾਹਿਤ ਵਿੱਚ ਵਾਰਾਂ ਦੀ ਪਰੰਪਰਾ ਨਾ ਕੇਵਲ ਬਹੁਤ ਪੁਰਾਣੀ ਹੈ ਸਗੋਂ ਇਹਨਾਂ ਦੀ ਰਚਨਾ ਅੱਜ ਵੀ ਹੋ ਰਹੀ ਹੈ। ਪੰਜਾਬ ਦੀ ਭੂਗੋਲਿਕ ਰਾਜਨੀਤਿਕ ਅਤੇ ਇਤਿਹਾਸਿਕ ਸਥਿਤੀ ਇਹਨਾਂ ਦੇ ਉਪਜਣ ਲਈ ਬਹੁਤ ਅਨੁਕੂਲ ਰਹੀ ਹੈ। ਲੋਕ ਵਾਰਾਂ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਦਰਜ ਕੀਤਾ ਗਿਆ ਹੈ।

***ਮੁਹਾਵਰੇ ਅਤੇ ਅਖਾਣ***

ਕਿਸੇ ਅਪ੍ਰਤੱਖ ਤੱਥ ਜਾਂ ਸਿਆਣਪ ਦਾ ਪ੍ਰਮਾਣ ਦੇਣ ਲਈ ਵਰਤੇ ਗਏ ਸੰਖੇਪ, ਚੁਸਤ, ਰੂੜੀਗਤ ਅਤੇ ਕਾਵਿਕ ਸ਼ਬਦ ਜੁੱਟ ਜਦੋਂ, ਕਿਸੇ ਸੰਦਰਭ ਜਾਂ ਪਰਿਸਥਿਤੀ ਵਿੱਚ ਰਮਜ਼ ਵਜੋਂ ਵਰਤੇ ਜਾਂਦੇ ਹਨ ਤਾਂ ਉਹ ਮੁਹਾਵਰਾ ਅਖਵਾਉਂਦੇ ਹਨ। ਅਖਾਣ ਕਿਸੇ ਨਿਸ਼ਚਿਤ ਵਰਤਾਰੇ ਅੰਦਰਲੀ ਪ੍ਰਮੁੱਖ ਤੇ ਠੋਸ ਸੱਚਾਈ ਨੂੰ ਪੇਸ਼ ਕਰਦੇ ਹਨ। ਇਹ ਸੱਚ ਲੰਬੇ ਤਜ਼ਰਬੇ ਵਿੱਚੋਂ ਲੰਘਿਆ ਤੇ ਲੋਕਾਂ ਦੁਆਰਾ ਪ੍ਰਵਾਨਿਤ ਸੱਚ ਹੁੰਦਾ ਹੈ।[6]

***ਸਾਹਿਤ***

ਸਾਹਿਤ ਤੋਂ ਭਾਵ ਵਿਸ਼ਸ਼ਟ ਸਾਹਿਤ ਤੋਂ ਹੈ ਜਿਸ ਵਿੱਚ ਲਿਖਤੀ ਸਾਹਿਤ ਮੌਜੂਦ ਹੁੰਦਾ ਹੈ। ਸੰਸਕ੍ਰਿਤ ਸਾਹਿਤ ਦੀਆਂ ਉਹ ਸਾਰੀਆਂ ਲਿਖਤਾਂ ਜਿਨ੍ਹਾਂ ਵਿੱਚ ਪੰਜਾਬੀ ਸਭਿਆਚਾਰ ਤੇ ਪੰਜਾਬੀ ਜੀਵਨ ਬਾਰੇ ਜ਼ਿਕਰ ਆਉਂਦਾ ਹੈ। ਇਸ ਤੋਂ ਇਲਾਵਾ ਅਰਬੀ, ਫ਼ਾਰਸੀ ਅਤੇ ਅੰਗਰੇਜ਼ੀ ਦੀਆਂ ਉਹ ਸਾਰੀਆਂ ਲਿਖਤਾਂ ਵੀ ਇਸ ਵੰਨਗੀ ਦਾ ਹੀ ਹਿੱਸਾ ਹਨ ਜਿਹੜੀਆਂ ਪੰਜਾਬੀ ਸਭਿਆਚਾਰ ਉਤੇ ਪਏ ਵਿਭਿੰਨ ਪ੍ਰਭਾਵਾਂ, ਸਮਕਾਲੀ ਪਰਿਵਰਤਨਾਂ ਅਤੇ ਬਦਲ ਰਹੇ ਪੰਜਾਬੀ ਸਭਿਆਚਾਰ ਬਾਰੇ ਕੋਈ ਟਿੱਪਣੀ ਕਰਦੀਆਂ ਹਨ।[1]

***ਬਰਤਨ***

ਬਰਤਨ ਨੂੰ ਭਾਂਡੇ ਵੀ ਕਿਹਾ ਜਾਂਦਾ ਹੈ ਜੋ ਮਿੱਟੀ ਗਾਰੇ ਦੇ ਚੱਕ ਤੇ ਘੁਮਿਆਰਾਂ ਦੁਆਰਾ ਬਣਾਏ ਜਾਂਦੇ ਹਨ। ਪਹਿਲਾਂ ਘੁਮਿਆਰ ਹੱਥਾਂ ਨਾਲ ਭਾਂਡੇ ਬਣਾਇਆ ਕਰਦੇ ਸਨ। ਇਹ ਹਿੰਦੂ, ਮੁਸਲਮਾਨ ਅਤੇ ਸਿੱਖ ਧਰਮਾਂ ਨਾਲ ਸੰਬੰਧਿਤ ਹਨ। ਇਹ ਪੁਰਾਤੱਤਵ ਸੱਮਗਰੀ ਦਾ ਹੀ ਹਿੱਸਾ ਹਨ।

## ਨਿਰਮਾਣਕਾਰੀ ਸੋਮੇ

ਨਿਰਮਾਣਕਾਰੀ ਸੋਮੇ ਉਹ ਹੁੰਦੇ ਹਨ ਜਿਨ੍ਹਾਂ ਨੂੰ ਸਿਰਜਿਆ ਜਾਂਦਾ ਹੈ ਅਤੇ ਜਿਨ੍ਹਾਂ ਦਾ ਪ੍ਰਭਾਵ ਬਾਅਦ ਦੇ ਸਮਿਆਂ ਤੱਕ ਰਹਿੰਦਾ ਹੈ। ਖਹਿਰੇ ਦੀ ਕੀਤੀ ਵੰਡ ਵਿਚੋਂ ਇਸ ਦਾ ਹੀ ਹਿੱਸਾ ਹਨ ਜਿਸ ਨੂੰ ਅੱਗੇ ਉਤਰ ਸਥਾਪਨਾ "ਕਾਲਕ੍ਰਮਿਕ ਸੋਮੇ" ਸੋਮੇ ਅਤੇ ਪੂਰਵ ਸਥਾਪਨਾ ਸੋਮੇ ਦੋ ਹਿੱਸਿਆਂ ਵਿੱਚਵੰਡਿਆ ਗਿਆ ਹੈ। ਡਾ ਫਰੈਂਕ ਦੇ ਵੀ ਨਿਰਮਾਣਕਾਰੀ "ਬਦੇਸ਼ੀ ਸੋਮੇ" ਦਾ ਹੀ ਹਿੱਸਾ ਹਨ। ਪੰਜਾਬੀ ਸੱਭਿਆਚਾਰ ਵਿੱਚ ਸਿਰਜਣਾ ਕਰਨ ਵਾਲੇ ਤੱਥ ਅਰਥਾਤ ਨਿਰਮਾਣਕਾਰੀ ਸੋਮੇ ਕੁੱਝ ਇਸ :ਤਰ੍ਹਾਂ ਹਨ

### *ਆਸਟਰਿਕ*

ਮੰਨਿਆ ਜਾਂਦਾ ਹੈ ਕਿ ਪੰਜਾਬ ਵਿੱਚ ਸਭ ਤੋਂ ਪਹਿਲਾਂ ਫਿਲਸਤੀਨ ਖੇਤਰ ਤੋਂ ਨਿਸ਼ਧ ਲੋਕ ਆਏ ਜਿਨ੍ਹਾਂ ਨੂੰ ਆਸਟਰਿਕ ਲੋਕ ਵੀ ਕਿਹਾ ਜਾਂਦਾ ਹੈ ਪਰ ਨੀਗਰੋ ਕਬੀਲੇ ਇਹਨਾਂ ਤੋਂ ਪਹਿਲਾਂ ਆਏ ਮੰਨੇ ਜਾਂਦੇ ਹਨ। ਨਿਸ਼ਧ ਲੋਕਾਂ ਦੇ ਕੱਦ ਦਰਮਿਆਨ, ਰੰਗ ਪੱਕੇ, ਨੱਕ ਫੀਨੇ, ਸਿਰ ਕੁਝ ਲਮੂਤਰੇ ਸਨ ਜਿਨ੍ਹਾਂ ਨੇ ਪੰਜਾਬ ਅਤੇ ਪੰਜਾਬੀ ਸਭਿਆਚਾਰ ਨੂੰ ਬਹੁਤ ਮਹੱਤਵਪੂਰਣ ਵਸਤਾਂ ਪ੍ਰਦਾਨ ਕੀਤੀਆਂ। ਜਿਵੇਂ, ਪੰਜਾਬੀ ਦੀ ਬਹੁਤ ਸਾਰੀ ਸ਼ਬਦਾਵਲੀ, ਨਿਸ਼ਧ ਭਾਸ਼ਾਵਾਂ ਤੋਂ ਹੀ ਲਈ ਗਈ ਹੈ। ਇਸ ਤੋਂ ਇਲਾਵਾ ਇਹਨਾਂ ਦਾ ਮੁੱਖ ਕਿੱਤਾ ਖੇਤੀ ਹੋਣ ਕਾਰਨ ਚਾਵਲ, ਸਬਜ਼ੀਆਂ, ਮੂਲੀ, ਸ਼ਲਗਮ, ਅਦਰਕ, ਹਲਦੀ, ਕੁਝ ਦਾਲਾਂ ਵੀ ਪੰਜਾਬੀ ਸੱਭਿਆਚਾਰ ਨੂੰ ਇਹਨਾਂ ਦੀ ਹੀ ਦੇਨ ਹੈ। ਵੀਹਾਂ ਤੱਕ ਗਿਣਤੀ ਵੀ ਇਨ੍ਹਾਂ ਲੋਕਾਂ ਦੀ ਹੀ ਕਾਢ ਸੀ ਅਤੇ ਇਨ੍ਹਾਂ ਦੇ ਕਿੱਤਿਆਂ ਵਿੱਚ ਔਰਤ ਦਾ ਮਹੱਤਵਪੂਰਨ ਰੋਲ ਹੋਣ ਕਰਕੇ ਔਰਤ ਨੂੰ ਦੇਵੀ ਦੇ ਰੂਪ ਵਜੋਂ ਸਥਾਨ ਦਿੱਤਾ।[7] ਇਹਨਾਂ ਨੂੰ ਪੂਰਵ ਕਾਲ ਦੇ ਸੋਮੇ ਕਿਹਾ ਜਾ ਸਕਦਾ ਹੈ।

### *ਦਰਾਵੜ*

ਨਿਸ਼ਧ ਲੋਕਾਂ ਤੋਂ ਬਾਅਦ ਭਾਰਤ ਵਿੱਚ ਦਰਾਵੜ ਕਬੀਲੇ ਆਏ। ਡਾ ਭੁਪਿੰਦਰ ਸਿੰਘ ਖਹਿਰਾ ਅਨੁਸਾਰ ."ਇਹ 3500 ਪੂਰਵ ਈਸਵੀ ਦੇ ਨੇੜੇਤੇੜੇ ਪੱਛਮ ਵਿਚੋਂ ਭਾਰਤ ਵਿੱਚ ਆਏ। ਸੰਸਕ੍ਰਿਤ ਸਰੋਤਾਂ ਵਿੱਚ ਇਨ੍ਹਾਂ ਲੋਕਾਂ ਦਾ ਜ਼ਿਕਰ ਦਾਸ ਜਾਂ - ਦਾਸਯੂ ਦੇ ਨਾਵਾਂ ਨਾਲ ਮਿਲਦਾ ਹੈ। ਇਹਨਾਂ ਲੋਕਾਂ ਨੇ ਹੜੱਪਾ ਅਤੇ ਮਹੰਜੋਦੜੋ ਵਰਗੇ ਨਗਰ ਵਸਾਏ। ਸ਼ਿਵ ਵਰਗੇ ਮੁੱਖ ਦੇਵਤੇ ਦਾ ਸੰਕਲਪ ਵੀ ਇਨ੍ਹਾਂ ਦਾ ਹੀ ਸੀ। ਅੱਜਕਲ ਦਾ ਸ਼ਿਵ ਦਰਾਵੜ ਅਤੇ ਆਸਟਰਿਕ ਪਰੰਪਰਾ ਦੇ ਸੁਮੇਲ ਵਿਚੋਂ ਉਭਰਿਆ ਹੈ। ਮਹਾਂਮਾਈ ਜਾਂ ਮਹਾਂਸ਼ਕਤੀ ਜੋ ਇਸ ਸੰਸਾਰ ਦੀ ਮੂਲ ਚਾਲਕ ਸ਼ਕਤੀ ਹੈ ਵੀ ਦਰਾਵੜੀ ਜੀਵਨ ਦੀ ਹੀ ਉਪਜ ਹੈ। ਡਾਜਸਵਿੰਦਰ ਸਿੰਘ . ਵੀ ਲਿਖਿਆ ਹੈ ਕਿ "ਸੁਹਾਂ ਸਭਿਆਚਾਰ ਦੇ ਅਲੋਪ ਹੋਣ ਬਾਅਦ ਪੰਜਾਬ ਦੀ ਧਰਤੀ ਤੇ ਲਗਭਗ ਤਿੰਨ ਹਜ਼ਾਰ ਪੂਰਵ ਈਸਵੀ ਦੇ ਦੌਰ ਵਿੱਚ ਅਤਿਅੰਤ ਉਨਤ ਸ਼ਹਿਰੀ ਸਭਿਅਤਾ ਅਤੇ ਸਭਿਆਚਾਰ ਸਿਰਜਿਆ ਗਿਆ। ਇਸਦੇ ਸਿਰਜਕ ਦਰਾਵੜ ਲੋਕ ਸਨ।ਤੇ ਪਸ਼ੂ ਵੀ ਪਾਲਦੇ ਇਹ ਲੋਕ ਕਣਕ ਦੀ ਕਾਸ਼ਤ ਕਰਦੇ ਸਨ ਅ "

"ਸਨ। ਡਾ. ਅਲੀ ਅੱਬਾਸ ਜਲਾਲਪੁਰੀ ਅਨੁਸਾਰ "ਦਰਾਵੜ ਗਾਵਾਂ, ਦਾਂਦ, ਮਹੀਆ, ਭੇਡਾਂ ਬਕਰੀਆਂ ਤੇ ਕੁਕੜੀਆਂ ਪਾਲਦੇ ਸਨ। ਉਹਨਾਂ ਦੀ ਖੇਤੀਵਾੜੀ ਦੇ ਸਮਾਜ ਵਿੱਚ ਦਾਂਦ ਤੇ ਮਹਿੰ ਨੂੰ ਮੁਢਲਾ ਮਕਾਮ ਦਿਤਾ ਜਾਂਦਾ ਹੈ। ਦਾਂਦ ਨੂੰ ਗਡਿਆਂ ਵਿੱਚ ਚਲਾਂਦੇ ਸਨ। ਮਹਿੰ ਦਾ ਘਿਓ ਦੁੱਧ ਉਹਨਾਂ ਦੀ ਮਨ ਭਾਉਂਦੀ ਗਜ਼ਾ ਸੀ। ਹਲ ਚਲਾਣ ਦਾ ਰਿਵਾਜ ਆਮ ਨਹੀਂ ਸੀ, ਇਹ ਲੋਕ ਕਹੀ ਨਾਲ ਭੋਂਇ ਫੋਲ ਕੇ ਛੱਟੇ ਨਾਲ ਬਿਜਾਈ ਕਰਦੇ ਸਨ। ਦਰਿਆ ਵਿਚੋਂ ਖਾਲ ਕਢ ਕੇ ਰੜ ਸਿੰਜੀ ਜਾਂਦੀ ਸੀ। ਭੋਂਇ ਸਾਰੇ ਪਿੰਡ ਦੀ ਸਾਂਝੀ ਮਲਕੀਅਤ ਸਮਝਦੇ ਸਨ। ਅਜ ਵੀ ਸਾਡੇ ਪਿੰਡਾਂ ਵਿੱਚ ਸ਼ਾਮਲਾਤ ਏਸੇ ਸਾਂਝ ਦੀ ਯਾਦਗਾਰ ਹੈ। ਦਰਾਵੜਾਂ ਦੀਆਂ ਮੋਹਰਾਂ ਉਤੇ ਤਿੰਨ ਮੁੱਖਾਂ ਵਾਲੇ ਇੱਕ ਦੇਵਤਾ ਦਾ ਨਕਸ਼ ਮਿਲਿਆ ਹੈ, ਜਿਹੜਾ ਜੋਗੀਆਂ ਦੇ ਆਸਨ ਸਮਾਧੀ ਵਿੱਚ ਅੱਡੀਆਂ ਜੋੜ ਕੇ ਤੇ ਬਾਹਾਂ ਖਿਲਾਰ ਕੇ ਬੈਠਾ ਹੈ। ਉਹਦੀਆਂ ਬਾਹਵਾਂ ਉਤੇਗਜਰੇ ਹਨ ਅਤੇ ਸਿਰ ਉਤੇ ਤਰਸੂਲ ਦਾ ਨਿਸ਼ਾਨ ਦਿਸਦਾ ਹੈ। ਏਸ ਦੇਵਤਾ ਦੇ ਚੁਤਰਫੀਂ ਜੰਗਲ ਦੇ ਜਾਨਵਰ ਖਲੋਤੇ ਹਨ ਤੇ ਏਸ ਦਾ ਖਾਸ ਜਾਨਵਰ ਵੱਡੇ ਗੁਟ ਵਾਲਾ ਸਾਨ੍ਹ ਹੈ, ਜਿਹੜਾ ਬਾਅਦ ਵਿੱਚ ਯੋਗੀਆਂ ਦਾ ਮਹਾਂਦੇਵ ਬਣ ਗਿਆ ਸੀ। ਇਹ ਦੇਵਤਾ ਸ਼ਿਵ ਦੇਵਤਾ ਦੀ ਅਸਲ ਸੀ ਜਿਹੜਾ ਬਾਅਦ ਵਿੱਚ ਯੋਗੀਆਂ ਦਾ ਮਹਾਂਦੇਵ ਬਣ ਗਿਆ ਸੀ। ਕਾਲੀ ਦੇਵੀ ਵੀ ਅਸਲ ਵਿੱਚ ਦਰਾਵੜਾਂ ਦੀ ਦੇਵੀ ਹੈ।"[7]

***ਇੰਡੋਆਰੀਅਨ-***

ਡਾ ਭੁਪਿੰਦਰ ਸਿੰਘ ਖਹਿਰਾ ਅਨੁਸਾਰ ."ਦਰਾਵੜਾਂ ਤੋਂ ਬਾਅਦ ਪੰਜਾਬੀ ਦੀ ਧਰਤੀ ਉੱਪਰ ਆਰੀਅਨ ਲੋਕ 600ਈ . ਪੂਰਵ ਦੇ ਨੇੜੇ ਤੇੜੇ ਆਏ। ਇਹ ਲੋਕ ਜ਼ਿਆਦਾਤਰ ਚਰਵਾਹੇ ਸਨ ਫਿਰਤੂ ਪਿੰਡਾਂ ਵਿੱਚ ਰਹਿੰਦੇ ਸਨ ਜਿਹਨਾਂ ਨੂੰ ਗ੍ਰਾਮ ਗੋਤਰਾ, ਪੁਰ ਪੁਰੀ ਜਾਂ ਗੜ੍ਹ ਆਖਿਆ ਜਾਂਦਾ ਸੀ। ਇਹਨਾਂ ਲੋਕਾਂ ਨੇ ਪਿੰਡਾਂ ਵਿੱਚ ਵਸਣਾ ਸ਼ੁਰੂ ਕੀਤਾ ਤੇ ਖੇਤੀ ਖੇਤੀ ਦਾ ਕਾਰਜ ਕਰਨਾ ਵੀ ਸ਼ੁਰੂ ਕੀਤਾ, ਇਹਨਾਂ ਦੀ ਮੁੱਖ ਫ਼ਸਲ ਜੌ ਸੀ। ਭਾਸ਼ਾ ਇਹਨਾਂ ਲੋਕਾਂ ਦੀ ਮਨੁੱਖੀ ਸੱਭਿਅਤਾ ਨੂੰ ਵਡਮੁੱਲੀ ਦੇਣ ਹੈ। ਆਰੀਆ ਲੋਕ ਦੇਵੀ ਦੇਵਤਿਆਂ ਦੀ ਹਸਤੀ ਨੂੰ ਮੰਨਦੇ ਸਨ। ਇਹਨਾਂ ਦੇ ਦੇਵਤੇ ਤਿੰਨ ਵਰਗਾਂ ਵਿੱਚ ਸਵਰਗ, ਧਰਤੀ ਅਤੇ ਅੰਤਰਿਕਸ਼ ਵੰਡੇ ਹੋਏ ਸਨ। ਦੇਵੀ ਦੇਵਤਿਆਂ ਦੀ ਪੂਜਾ ਵਿੱਚ ਆਰੀਅਨ ਲੋਕ ਬਲੀ ਦੇਣ ਵਿੱਚ ਵਿਸ਼ਵਾਸ ਕਰਦੇ ਸਨ ਜੋ ਦੇਵਤਿਆਂ ਨੂੰ ਖੁਸ਼ ਕਰਨ ਅਤੇ ਬਖ਼ਸ਼ਿਸ਼ ਪ੍ਰਾਪਤੀ ਕਰਨ ਲਈ ਦਿੱਤੀ ਜਾਂਦੀ ਸੀ। ਮਹਾਂਕਾਵਿ ਦੀ ਪਰੰਪਰਾ ਵੀ ਇਹਨਾਂ ਲੋਕਾਂ ਤੋਂ ਆਈ ਜੋ ਵਿਸ਼ਨੂੰ, ਸ਼ਿਵ, ਬ੍ਰਹਮ ਦੀ ਚੜ੍ਹਤ ਨੂੰ ਪ੍ਰਤੀਬਿੰਬਤ ਕਰਦੀ ਹੈ। ਆਰੀਆ ਲੋਕਾਂ ਤੋਂ ਬਾਅਦ ਪੰਜਾਬ ਦੀ ਧਰਤੀ ਤੇ ਰਾਜਪੂਤ ਅਤੇ ਜੱਟ ਕਬੀਲੇ ਆਏ। ਜਿਨ੍ਹਾਂ ਨੂੰ ਸਿਥੀਅਨ ਕਬੀਲੇ ਕਿਹਾ ਜਾਂਦਾ ਹੈ। ਇਹਨਾਂ ਲੋਕਾਂ ਨੇ ਮੌਜੂਦਾ ਪੰਜਾਬੀ ਸਭਿਆਚਾਰ ਦੀ ਪਰੰਪਰਾ ਨੂੰ ਸਿਰਜਿਆ ਹੈ।"[8] ਡਾਜਸਵਿੰਦਰ ਸਿੰਘ ਨੇ ਇਹਨਾਂ ਦੇ ਆਉਣ ਦਾ ਸਮਾਂ . ਲੱਗਭਗ1500ਈ ਪੂਰਵ ਦਾ ਮੰਨਿਆ ਹਨ। "ਉਹਨਾਂ ਅਨੁਸਾਰ ਆਰੀਆਈ ਲੋਕ ਇਕੋ ਵਾਰ ਨਹੀਂ, ਸਗੋਂ ਵੱਖਵੱਖ - ਕਈ ਸਦੀਆਂ ਚੱਲਦਾ ਰਿਹਾ ਵੱਖਰੇ ਸਮੇਂ ਤੇ ਨਿਰੰਤਰ ਆਉਂਦੇ ਰਹੇ। ਜੰਗਾਂ ਦਾ ਸਿਲਸਿਲਾ-ਟੋਲਿਆਂ ਵਿੱਚ ਵੱਖੋ, ਜਦ ਤਕ ਕਿ ਅੰਤਮ ਰੂਪ ਵਿੱਚ ਆਰੀਆਈ ਇਸ ਖਿੱਤੇ ਤੇ ਕਾਬਜ਼ ਨਾ ਹੋ ਗਏ ਅਤੇ ਹੜੱਪਾਈ ਸਭਿਆਚਾਰ ਤਬਾਹ ਨਾ ਕਰ ਦਿੱਤਾ

ਗਿਆ। ਇਹ ਸਮਾਂ 1500ਈਪੂਰਵ ਦਾ ਹੈ। ਇਹ ਲੋਕ ਫੁਰਤੀਲੇ ਅਤੇ ਤਕੜੇ ਜੁਸੇ ਦੇ ਸਨ ਅਤੇ ਨਿਪੁੰਨ ਘੋੜ ਸਵਾਰ . "ਅਤੇ ਸੂਰਬੀਰ ਲੜਾਕੇ ਸਨ।[9] ਡਾ ਅਨੁਸਾਰ ਜਲਾਲਪੁਰੀ ."ਜਦੋਂ ਹਿੰਦੀ ਆਰੀਆ ਪੰਜਾਬ ਤੇ ਸਿੰਧ ਵਿੱਚ ਦਾਖਲ ਹੋਏ, ਉਹਨਾਂ ਦਾ ਮਜ਼ਹਬ ਸਿੱਧਾ ਸਾਦਾ ਸੀ। ਆਪਣੇ ਇਰਾਨੀ ਭਰਾਵਾਂ ਵਾਂਗੂੰ ਉਹ ਅੱਗ ਨੂੰ ਪੱਵਿਤਰ ਮੰਨਦੇ ਸਨ। ਖੁੱਲ੍ਹੇ ਮੈਦਾਨ ਵਿੱਚ ਅੱਗ ਬਾਲ ਕੇ ਤੇ ਉਸ ਉਤੇ ਘਿਉ ਸੁਟ ਕੇ ਮੰਤਰ ਪੜ੍ਹਦੇ ਸਨ। ਇਹੋ ਉਹਨਾਂ ਦੀ ਵੱਡੀ ਪੂਜਾ ਸੀ। ਅੱਗ ਤੋਂ ਵੱਖ ਉਹ ਤੂਫਾਨ, ਬੱਦਲ ਦੀ ਕੜਕ ਤੇ ਸੂਰਜ ਦੀ ਪੂਜਾ, ਇੰਦਰ, ਵਾਯੂ ਤੇ ਸੂਰਯਾ ਦੀ ਸ਼ਕਲ ਵਿੱਚ ਕਰਦੇ ਸਨ। ਇੱਕ ਨਸ਼ਾਆਵਰ ਜੜੀ ਬੂਟੀ ਸੋਮ ਦਾ ਰਸ ਪੀਂਦੇ ਸਨ ਤੇ ਉਸਨੂੰ ਵੀ ਦੇਵਤਾ ਕਹਿੰਦੇ ਸਨ। ਉਹਨਾਂ ਦੀ ਸਮਾਜੀ ਬਣਤਰ ਪਿਤਰੀ ਸੀ। ਜਿਸ ਵਿੱਚ ਮਰਦ ਨੂੰ ਬਰਤਰੀ ਹਾਸਿਲ ਸੀ। ਏਸੇ ਲਈ ਉਹ ਆਪਣੀਆਂ ਦੇਵੀਆਂ ਪ੍ਰਿਥਵੀ ਤੇ ਉਸ਼ਾ ਨੂੰ ਮਾਮੂਲੀ ਦਰਜਾ ਦੇਂਦੇ ਸਨ। ਉਹ ਆਦਮੀ ਅਤੇ ਘੋੜੇ ਦੀ ਕੁਰਬਾਨੀ ਦੇਂਦੇ ਸਨ ਤੇ ਉਸ ਘੋੜੇ ਦਾ ਗੋਸ਼ਤ ਖਾਂਦੇ ਸਨ। ਪ੍ਰਾਹੁਣਿਆਂ ਲਈ ਗਊ ਜ਼ਿਬਾਹ ਕਰਕੇ ਉਸਦਾ ਗੋਸ਼ਤ ਵੀ ਖਾਧਾ ਜਾਂਦਾ ਸੀ, ਹਿੰਦੂਸਤਾਨ ਵਿੱਚ ਸਦੀਆਂ ਤੋਂ ਏਸ ਸਿੱਧੇ ਸਾਦੇ ਮਜ਼ਹਬ ਦਾ ਨਿਸ਼ਾਨ ਮਿਟ ਚੁੱਕਾ ਹੈ।"[10] ਫਰੈਂਕ ਨੇ ਆਪਣੇ ਦੀ ਵੰਡ ਵਿੱਚ ਸਭ ਤੋਂ "ਬਦੇਸ਼ੀ ਸੋਮੇ"ਪਹਿਲਾਂ ਆਰੀਅਨ ਲੋਕਾਂ ਦੀ ਗੱਲ ਕੀਤੀ ਹੈ ਜਿਨ੍ਹਾਂ ਨੇ ਪੰਜਾਬ ਵਿੱਚ ਆ ਕੇ ਦਰਾਵੜ ਲੋਕਾਂ ਦੀਆਂ ਕੁਝ ਰਸਮਾਂ ਨੂੰ ਆਪਣਾ ਲਿਆ ਸੀ[11] ਪਰੰਤੂ ਫਰੈਂਕ ਨੇ ਕੋਈ ਕਾਲ ਨਿਸ਼ਚਿਤ ਨਹੀਂ ਕੀਤਾ।

### *ਮੰਗੋਲ*

ਨਿਸ਼ਧ, ਆਰੀਆ ਅਤੇ ਦਰਾਵੜ ਤੋਂ ਬਾਅਦ ਮੰਗੋਲ ਨਾਮੀ ਨਸਲ ਨੇ ਵੀ ਪੰਜਾਬ ਵਿੱਚ ਪ੍ਰਵੇਸ਼ ਕੀਤਾ ਤਾਂ ਉਸ ਵੇਲੇ ਪਹਿਲਾਂ ਵਾਲੀਆਂ ਤਿੰਨੇ ਨਸਲਾਂ ਸਾਂਝਾ ਭਾਈਚਾਰਾ ਸਿਰਜਣ ਦਾ ਕੰਮ ਕਰ ਰਹੀਆਂ ਸਨ। ਪੰਜਾਬੀ ਸਭਿਆਚਾਰ ਨੂੰ ਬਹੁਤਾਂ ਅੰਸ਼ ਪ੍ਰਦਾਨ ਨਾ ਕਰ ਸਕਣ ਕਾਰਨ ਇਹ ਪੰਜਾਬੀ ਸਭਿਆਚਾਰ ਵਿੱਚ ਆਪਣਾ ਸਥਾਨ ਨਾ ਬਣਾ ਸਕੇ।[12]

### *ਨਾਥ ਜੋਗੀ*

ਪੰਜਾਬੀ ਸਭਿਆਚਾਰ ਵਿੱਚ ਨਾਥ ਜੋਗੀਆਂ ਦੀ ਪਰੰਪਰਾ ਸਭ ਤੋਂ ਵੱਧ ਹਰਮਨ ਪਿਆਰੀ ਰਹੀ। ਨਾਥਜੋਗੀਆਂ ਨੇ ਸਮੇਂ - ਪਾਖੰਡਾ ਅਤੇ ਪਰੰਪਰਾ ਦੇ ਮੋਹਰੀ ਪਖੰਡੀਆਂ ਉੱਪਰ ਕਰਾਰੇ ਵਿਅੰਗ ਕਸੇ। ਨਾਥ ਜੋਗੀ ਦੀ ਪਰੰਪਰਾ ਦੀ ਸਾਧਨਾ ਸਦਕਾ ਪੰਜਾਬ ਦੀ ਧਰਤੀ ਤੇ ਇੱਕ ਵਾਰ ਫਿਰ ਪ੍ਰਚੀਨ ਪਰੰਪਰਾ ਦਾ ਉਭਾਰ ਹੋਇਆ।[12] ਨਾਥ ਜੋਗੀਆਂ ਤੋਂ ਪੂਨਰ ਜਾਗ੍ਰਿਤੀ ਲਹਿਰਾਂ ਤੱਕ ਦੇ ਸੋਮਿਆਂ ਨੂੰ ਉਤਰ ਕਾਲ ਦੇ ਸੋਮੇ ਕਿਹਾ ਜਾ ਸਕਦਾ ਹੈ।

### *ਸੈਮਟਿਕ ਸੋਮੇ*

ਸਮੈਟਿਕ ਸੋਮਿਆਂ ਵਿੱਚ ਤੁਰਕ, ਮੁਸਲਮਾਨ ਅਤੇ ਸੂਫ਼ੀ ਸੰਤ ਆ ਜਾਂਦੇ ਹਨ ਜਿਨ੍ਹਾਂ ਦੀ ਪੰਜਾਬੀ ਸਭਿਆਚਾਰ ਨੂੰ ਵਿਸ਼ੇਸ਼ ਦੇਣ ਹੈ। ਇਹਨਾਂ ਦੀ ਆਮਦ ਨਾਲ ਮੱਧ ਏਸ਼ੀਆ ਦਾ ਸਭਿਆਚਾਰ ਪੰਜਾਬੀ ਸਭਿਆਚਾਰ ਦੇ ਸੰਪਰਕ ਵਿੱਚ ਆਇਆ। ਚਰਖ਼ਾ, ਤੁਰਕਾਂ ਦੀ ਹੀ ਪੰਜਾਬੀ ਸਭਿਆਚਾਰ ਨੂੰ ਵਡਮੁੱਲੀ ਦੇਣ ਹੈ। ਇਹਨਾਂ ਲੋਕਾਂ ਨੇ ਹੀ ਚਿੱਤਰਕਲਾ ਅਤੇ ਇਮਾਰਤਸਾਜ਼ੀ ਦੇ ਕਈ ਨਮੂਨੇ ਪੰਜਾਬੀ ਸਭਿਆਚਾਰ ਨੂੰ ਪ੍ਰਦਾਨ ਕੀਤੇ। ਦਰੀਆਂ ਬੁਣਨਾ, ਸੀਸਧਰ ਫੁਲਕਾਰੀਆਂ ਦੇ ਕਈ ਨਮੂਨੇ, ਮੱਧ ਏਸ਼ੀਆ ਨਾਲ ਸੰਬੰਧਿਤ ਹਨ, ਇਸੇ ਤਰ੍ਹਾਂ ਤੰਦੂਰ ਅਤੇ ਕਬਾਬ ਵੀ ਮੱਧ ਏਸ਼ੀਆ ਤੋਂ ਆਏ ਮੁਗਲਾਂ ਤੇ ਤੁਰਕਾਂ ਦੀ ਹੀ ਦੇਣ ਹਨ। ਮੱਧਕਾਲ ਦੀਆਂ ਰੁਮਾਂਟਿਕ ਕਥਾਵਾਂ ਦੇ ਥੀਮ ਵੀ ਮੱਧ ਏਸ਼ੀਆ ਨਾਲ ਹੀ ਤੁਅੱਲਕ ਰੱਖਦੇ ਹਨ।[8] ਫਰੈਂਕ ਦੇ ਵਿੱਚ ਉਸਨੇ ਆਰੀਆ ਲੋਕਾਂ ਤੋਂ ਬਾਅਦ ਮੁਸਲਮਾਨ ਲੋਕਾਂ ਦੇ ਆਉਣ ਬਾਰੇ ਦੱਸਿਆ ਹੈ "ਬਦੇਸ਼ੀ ਸੋਮੇ" ਜਿਨ੍ਹਾਂ ਨੇ ਪੰਜਾਬੀ ਸਭਿਆਚਾਰ ਨੂੰ ਪੂਰਨ ਰੂਪ ਵਿੱਚ ਪ੍ਰਭਾਵਿਤ ਕੀਤਾ।[11]

### *ਸੂਫ਼ੀ ਸੋਮੇ*

ਕੱਟੜਪੰਥੀ ਮੁਸਲਮਾਨੀ ਸਭਿਆਚਾਰ ਦੇ ਵਿਰੋਧ ਵਿੱਚ ਸੂਫ਼ੀ ਲਹਿਰ ਨੇ ਜਨਮ ਲਿਆ। ਇਹ ਲਹਿਰ ਵੀ ਅੱਠਵੀ ਨੌਵੀਂ ਸਦੀ ਵਿੱਚ ਅਰਬ ਵਿੱਚ ਹੀ ਪ੍ਰਚੱਲਤ ਹੋਈ, ਪਰ ਗਿਆਰਵੀਂ ਸਦੀ ਤੱਕ ਇਹ ਪੰਜਾਬ ਦੀ ਧਰਤੀ ਤੇ ਵੀ ਪਹੁੰਚੀ।ਇਸ ਲਹਿਰ ਦਾ ਪਹਿਲਾ ਕਵੀ ਬਾਬਾ ਫਰੀਦ ਸੀ। ਭਗਤੀ ਲਹਿਰ ਦੇ ਪ੍ਰਮੁੱਖ ਕਵੀਆਂ, ਜਿਹਨਾਂ ਵਿੱਚ ਬੁਲ੍ਹੇ ਸ਼ਾਹ ਅਤੇ ਸ਼ਾਹ ਹੁਸੈਨ ਵਰਗੇ ਵਿਯੋਗ ਦੇ ਕਵੀ ਗਿਣੇ ਜਾ ਸਕਦੇ ਹਨ, ਸੂਫ਼ੀ ਵਿਚਾਰਧਾਰਾ ਨੂੰ ਠੇਠ ਪੰਜਾਬੀ ਵਿੱਚ ਵਿਅਕਤ ਕੀਤਾ। ਪੰਦਰਵੀਂ ਸਦੀ ਦੇ ਸੰਤਾਂ ਜਿਹਨਾਂ ਵਿੱਚ ਗੁਰੂ ਸਹਿਬਾਨ, ਭਗਤ ਕਬੀਰ, ਚੇਤੰਨ, ਮਹਾਂਪ੍ਰਭੂ ਵਰਗੇ ਸੰਤਾਂ ਦੇ ਨਾਂ ਗਿਣੇ ਜਾ ਸਕਦੇ ਹਨ, ਨੇ ਵੀ ਰੱਬ ਦੀ ਪ੍ਰਾਪਤੀ ਲਈ ਪ੍ਰੇਮ ਅਤੇ ਸੇਵਾ ਭਾਵ ਦੇ ਸੂਫੀਆਨਾ ਅੰਦਾਜ਼ ਨੂੰ ਅਪਣਾਇਆ। ਇਸ ਤਰ੍ਹਾਂ ਇਕੱਠੇ ਪੰਜਾਬ ਵਿੱਚ ਨਹੀਂ ਸਾਰੇ ਉਤਰੀ ਭਾਰਤ ਵਿੱਚ ਸੂਫ਼ੀਵਾਦ ਇੱਕ ਜ਼ਬਰਦਸਤ ਲਹਿਰ ਬਣ ਗਿਆ। ਲੋਕ ਗਥਾਵਾਂ ਤੇ ਕਿੱਸਾ ਕਾਵਿਧਾਰਾ ਸੂਫ਼ੀ ਪ੍ਰਭਾਵ ਦਾ ਹੀ ਸਿੱਟਾ ਹੈ।

### *ਗੁਰਮਤਿ ਸਾਹਿਤ*

ਗੁਰਮਤਿ ਧਾਰਾ ਦੇ ਪਹਿਲੇ ਕਵੀ ਨਾਨਕ ਦੇਵ ਜੀ ਸਨ। ਜਿਨ੍ਹਾਂ ਨੇ ਇੱਕ ਰੱਬ ਦਾ ਸੰਕਲਪ ਦੇ ਕੇ ਪੰਜਾਬੀ ਸਭਿਆਚਾਰ ਨੂੰ ਇੱਕ ਵਾਰ ਫਿਰ ਪੁਨਰ ਸਥਾਪਿਤ ਕੀਤਾ। ਜੱਟ ਤੇ ਰਾਜਪੂਤ ਕਬੀਲੇ ਜਿਹਨਾਂ ਵਿੱਚ ਚੌਖੀ ਗਿਣਤੀ ਵਿੱਚ ਇਸਲਾਮ ਦੇ ਧਾਰਨੀ ਹੋ ਗਏ ਸਨ, ਇਹਨਾਂ ਨੂੰ ਇਕਸੁਰ ਕਰਨਾ ਅਤੇ ਵਿਦੇਸ਼ੀ ਹਮਲਾਵਰਾਂ ਵਿਰੁੱਧ ਖੜ੍ਹਾ ਕਰਨ ਲਈ ਇਹਨਾਂ ਨੂੰ ਇੱਕ ਲੜੀ ਵਿੱਚ ਪਰੋਣਾ ਬਹੁਤ ਜ਼ਰੂਰੀ ਸੀ। ਗੁਰੂ ਨਾਨਕ ਦੁਆਰਾ ਦਿੱਤਾ ਗਿਆ ਇਹ ਸੰਕਲਪ ਜਿਥੇ ਸਮੁੱਚੇ ਮਨੁੱਖੀ ਭਾਈਚਾਰੇ ਨੂੰ ਇੱਕ ਕਰਨ ਲਈ ਪ੍ਰੇਰਨਾ ਦਾ ਸੋਮਾ ਹੈ, ਉਥੇ ਪੰਜਾਬ ਦੇ ਵੱਖਵੱਖ ਕਬੀਲਿਆਂ ਦੇ ਨਿਜੀ ਇਕਾਈ ਵਿੱਚ ਬੰਨ੍ਹਣ ਲਈ -

ਵਿਸ਼ੇਸ਼ ਤੌਰ ਤੇ ਕਾਰਗਰ ਸਿੱਧ ਹੁੰਦਾ ਹੈ। ਗੁਰੂ ਗੋਬਿੰਦ ਸਿੰਘ ਦੁਆਰਾ ਖ਼ਾਲਸਾ ਪੰਥਦੀ ਸਾਜਨਾ,ਇਕ ਨਿਰਭੈ, ਨਿਰਵੈਰ, ਸ਼ੁੱਧ ਅਮਲ ਦਾ ਧਾਰਨੀ ਭਾਈਚਾਰਾ ਉਸਾਰਨ ਵੱਲ ਇੱਕ ਨਿਗਰ ਕਦਮ ਸੀ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਮੱਧਕਾਲ ਵਿੱਚ ਪੰਜਾਬੀ ਸਭਿਆਚਾਰ ਆਪਣੀ ਪੁਨਰ ਸਥਾਪਨਾ ਕਰਦਾ ਹੈ।

***ਪੱਛਮੀ ਸੋਮੇ***

ਡਾ ਭੁਪਿੰਦਰ ਸਿੰਘ ਖਹਿਰਾ ਅਨੁਸਾਰ .“ਪੰਜਾਬੀ ਸਭਿਆਚਾਰ ਤੇ ਪੱਛਮੀ ਸੋਮਿਆਂ ਦੇ ਪ੍ਰਭਾਵ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਪੈਣੇ ਸ਼ੁਰੂ ਹੋ ਗਏ ਸਨ। ਇਹਨਾਂ ਵਿੱਚ ਬਰਤਾਨੀਆਂ, ਫਰਾਂਸ, ਅਮਰੀਕਾ ਅਤੇ ਜਰਮਨ ਦੇ ਪ੍ਰਭਾਵ ਸ਼ਾਮਲ ਹਨ। ਜਦੋਂ 1849 ਵਿੱਚ ਅੰਗਰੇਜਾਂ ਨੇ ਪੰਜਾਬ ਉਪਰ ਆਪਣਾ ਅਧਿਕਾਰ ਸਥਾਪਤ ਕਰ ਲਿਆ ਉਸ ਤੋਂ ਬਾਅਦ ਉਹਨਾਂ ਨੇ ਪੰਜਾਬੀ ਸਭਿਆਚਾਰ ਨੂੰ ਬਹੁਤ ਪ੍ਰਭਾਵਿਤ ਕੀਤਾ। ਪੰਜਾਬੀ ਲੋਕ ਨੌਕਰੀਆਂ ਰੁਜ਼ਗਾਰ ਦੀ ਤਲਾਸ਼ ਵਿੱਚ ਬਰਤਾਨੀਆ ਅਤੇ ਹੋਰ ਪੱਛਮੀ ਦੇਸ਼ਾ ਵੱਲ ਜਾਣ ਲੱਗੇ ਜਿਸ ਸਦਕਾ ਪੰਜਾਬੀ ਦਾ ਸਿੱਧਾ ਸੰਬੰਧ ਵਿਦੇਸ਼ੀ ਸਭਿਆਚਾਰ ਨਾਲ ਹੋਇਆ। ਪੰਜਾਬੀ ਭਾਸ਼ਾ ਨੇ ਅੰਗਰੇਜ਼ੀ ਦੀ ਸ਼ਬਦਾਵਲੀ ਸਵੀਕਾਰ ਕੀਤੀ। ਪੰਜਾਬੀ ਲੋਕਾਂ ਦੇ ਕੁੜਤੇਪਜਾਮੇ ਜਾਂ ਕੁੜਤੇ ਤੰਬੇ ਦੀ ਥਾਂ - ਪੈਂਟ ਪਤਲੂਨ ਨੇ ਲੈ ਲਈ, ਸਮਾਜਿਕ ਰਿਸ਼ਤਿਆਂ ਵਿੱਚ ਚਾਚੇ, ਤਾਏ, ਮਾਮੇ, ਫੁਫੜ ਆਦਿ ਲਈ ਅੰਕਲ ਦੀ ਵਰਤੋਂ ਹੋਣ ਲੱਗੀ। ਖਾਧ ਖੁਰਾਕ ਵਿੱਚ ਤੰਬਾਕੂ, ਚਾਹ ਵਰਗੇ ਪਦਾਰਥ ਸ਼ਾਮਲ ਹੋ ਗਏ। ਇਹ ਅੰਸ਼ ਪੰਜਾਬੀ ਸਭਿਆਚਾਰ ਵਿੱਚ ਸ਼ਾਮਲ ਹੀ ਨਹੀਂ ਹੋਏ, ਸਗੋਂ ਬਾਅਦ ਵਿੱਚ ਰੁਝਾਨ ਬਣ ਗਏ।"[12] ਡਾਮਿਆਂ ਦੀ ਗੱਲ ਗੁਰਬਖ਼ਸ਼ ਸਿੰਘ ਫਰੈਂਕ ਨੇ ਇਹਨਾਂ ਸੋ . ਬਦੇਸ਼ੀ ਸੋਮਿਆਂ ਵਿੱਚ ਕੀਤੀ ਹੈ। ਉਹ ਲਿਖਦੇ ਹਨ“ਸਾਡੀ ਸੋਚਣੀ ਅਤੇ ਸਭਿਆਚਾਰ ਵਿਚਲੇ ਹੋਰ ਬਹੁਤ ਸਾਰੇ ਅੰਸ਼ ਅੰਗਰੇਜ਼ੀ ਰਾਹੀਂ ਸਾਡੇ ਤੱਕ ਪੁੱਜੇ ਹਨ। ਵੀਹਵੀਂ ਸਦੀ ਵਿੱਚ ਫ਼ਰਾਂਸੀਸੀ ਅਸਤਿਤਵਵਾਦੀਆਂ ਦਾ ਪ੍ਰਭਾਵ, ਜਰਮਨੀ ਦੇ ਮਾਰਕਸ ਅਤੇ ਏਂਗਲਜ਼ ਦਾ, ਗੇਟੇ ਅਤੇ ਬਰੈਖ਼ਤ ਦਾ ਰੂਸ ਦੇ ਟਾਲਸਟਾਏ, ਦਸਤੋਏਵਸਕੀ, ਗੋਰਕੀ, ਲੈਨਿਨ ਦਾ, ਨਾਰਵੇ ਦੇ ਇਬਸਨ ਦਾ, ਆਇਰਲੈਂਡ ਦੇ ਬਰਨਾਰਡ ਸ਼ਾਅ ਦਾ ਅਤੇ ਹੋਰ ਕਈ ਪ੍ਰਭਾਵ ਅੰਗਰੇਜ਼ੀ ਰਾਹੀਂ ਹੀ ਪੰਜਾਬੀ ਸਭਿਆਚਾਰ ਤੱਕ ਪੁੱਜੇ ਹਨ। ਪੰਜਾਬੀ ਚਿਤ੍ਰਕਲਾ ਦਾ ਵਿਅਕਤੀਗਤ ਅਤੇ ਸੰਸਥਾਈ ਰੂਪ ਵਿੱਚ ਵਿਕਾਸ ਅੰਗਰੇਜ਼ੀ ਅਸਰ ਹੇਠ ਹੀ ਹੋਇਆ ਹੈ। ਪੰਜਾਬੀਆਂ ਦੇ ਲਿਬਾਸ, ਖਾਣਢੰਗ ਪੀਣ ਦੀ ਸਮੱਗਰੀ ਅਤੇ-, ਰਹਿਣਤਰੀਕਿਆਂ-ਸਹਿਣ ਦੇ ਢੰਗ-, ਸਮਾਜਕ ਵਰਤ।"ਵਿਹਾਰ ਸਭ ਨੂੰ ਅੰਗਰੇਜ਼ੀ ਸੰਪਰਕ ਨੇ ਕੁਝ ਨਾ ਕੁਝ ਨਵਾਂ ਦਿੱਤਾ ਹੈ-[11]

***ਪੁਨਰ ਜਾਗਰਤੀ ਲਹਿਰਾਂ***

ਡਾਭ .ੁਪਿੰਦਰ ਸਿੰਘ ਖਹਿਰਾ ਅਨੁਸਾਰ “ਇਹਨਾਂ ਲਹਿਰਾਂ ਵਿੱਚ ਆਰੀਆ ਸਮਾਜ ਲਹਿਰ ਅਤੇ ਸਿੰਘ ਸਭਾ ਲਹਿਰ ਨੂੰ ਰੱਖਿਆ ਜਾ ਸਕਦਾ ਹੈ। ਇਹਨਾਂ ਲਹਿਰਾਂ ਨੇ ਜੀਵਨ ਦੇ ਦਾਰਸ਼ਨਿਕ ਪੱਖ ਨੂੰ ਆਪਣਾ ਅਧਾਰ ਬਣਾਇਆ ਅਤੇ ਮਾਨਸਿਕ ਸ਼ੁਧਤਾ ਉੱਤੇ ਵਧੇਰੇ ਜ਼ੋਰ ਦਿੱਤਾ। ਇਹ ਲਹਿਰਾਂ ਬੇਸ਼ੱਕ ਇਸਾਈ ਮਿਸ਼ਨਰੀਆਂ ਦੇ ਪ੍ਰਚਾਰ ਦਾ ਪ੍ਰਤੀਵਾਦ ਸਨ, ਪਰ ਉਸਨੂੰ

ਠੱਲਣ ਵਿੱਚ ਬਹੁਤਾ ਕਾਰਗਰ ਸਿੱਧ ਨਹੀਂ ਹੋ ਸਕੀਆਂ। ਈਸਾਈ ਮਿਸ਼ਨਰੀਆਂ ਨੇ ਸੇਵਾ ਅਤੇ ਪਿਆਰ ਨੂੰ ਆਪਣੇ ਪ੍ਰਚਾਰ ਦਾ ਸਾਧਨ ਬਣਾਇਆ ਪਰ ਸਿੱਖੀ ਵਿੱਚ ਸੇਵਾ ਅਤੇ ਪਿਆਰ ਦਾ ਸੰਕਲਪ ਪ੍ਰਮੁੱਖ ਹੁੰਦਿਆਂ ਹੋਇਆ ਵੀ ਸਿੰਘ ਸਭਾ ਲਹਿਰ ਦੀ ਮੂਲ ਧਾਰਨਾ ਨਹੀਂ ਬਣ ਸਕਿਆ। ਆਰੀਆ ਸਮਾਜੀਆਂ ਨੇ ਪੰਜਾਬੀ ਦੀ ਥਾਂ ਹਿੰਦੀ ਨੂੰ ਆਪਣੇ ਪ੍ਰਚਾਰ ਦਾ ਮਾਧਿਅਮ ਬਣਾਇਆ।[12]

## ਹਵਾਲੇ


1. ਭੁਪਿੰਦਰ ਸਿੰਘ ਖਹਿਰਾ, ਲੋਕਧਾਰਾ ਭਾਸ਼ਾ ਅਤੇ ਸੱਭਿਆਚਾਰ 1986, ਪ. 192.
2. ਗੁਰਬਖਸ਼ ਸਿੰਘ ਫਰੈਂਕ, ਪੰਜਾਬੀ ਅਤੇ ਪੰਜਾਬੀ ਸਭਿਆਚਾਰ,2012, ਪ. 121.
3. ਗੁਰਬਖਸ਼ ਸਿੰਘ ਫਰੈਂਕ, ਪੰਜਾਬੀ ਅਤੇ ਪੰਜਾਬੀ ਸਭਿਆਚਾਰ , ਪੰਨਾ-284
4. ਗੁਰਬਖਸ਼ ਸਿੰਘ ਫਰੈਂਕ, ਪੰਜਾਬੀ ਅਤੇ ਪੰਜਾਬੀ ਸਭਿਆਚਾਰ , ਪੰਨਾ-284
5. ਗੁਰਬਖਸ਼ ਸਿੰਘ ਫਰੈਂਕ, ਪੰਜਾਬੀ ਅਤੇ ਪੰਜਾਬੀ ਸਭਿਆਚਾਰ , ਪੰਨਾ-284
6. ਜੀਤ ਸਿੰਘ ਜੋਸ਼ੀ, ਸਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ,ਪੰਨਾ-284.
7. ਭੁਪਿੰਦਰ ਸਿੰਘ ਖਹਿਰਾ,, ਲੋਕਧਾਰਾ ਭਾਸ਼ਾ ਅਤੇ ਸੱਭਿਆਚਾਰ 1986, ਪ. 194.
8. ਭੁਪਿੰਦਰ ਸਿੰਘ ਖਹਿਰਾ,, ਲੋਕਧਾਰਾ ਭਾਸ਼ਾ ਅਤੇ ਸੱਭਿਆਚਾਰ 1986, ਪ. 195-196.
9. ਜਸਵਿੰਦਰ ਸਿੰਘ.ਪੰਜਾਬੀ ਸਭਿਆਚਾਰ ਦੇ ਪਛਾਣ ਚਿੰਨ੍ਹ. ਪੰਨਾ ਨੰ.-136
10. ਅਲੀ ਅਵਾਸ ਜਲਾਲਪੁਰੀ.ਸੂਫ਼ੀ ਕਾਵਿ ਅਤੇ ਉਸਦਾ ਪਿਛੋਕੜ.ਪੰਨਾ ਨੰ.-33
11. ਗੁਰਬਖਸ਼ ਸਿੰਘ ਫਰੈਂਕ, ਪੰਜਾਬੀ ਅਤੇ ਪੰਜਾਬੀ ਸਭਿਆਚਾਰ ,2012, ਪ. 122-123.
12. ਭੁਪਿੰਦਰ ਸਿੰਘ ਖਹਿਰਾ, ਲੋਕਧਾਰਾ ਭਾਸ਼ਾ ਅਤੇ ਸੱਭਿਆਚਾਰ 1986, ਪ. 196.

# ਪੰਜਾਬੀ ਸਭਿਆਚਾਰ ਦੀ ਭੂਗੋਲਿਕ ਸਥਿਤੀ ਅਤੇ ਇਤਿਹਾਸਕ ਸਰਵੇਖਣ

**1-ਭਾਗ (ਅ)**

## ਪੰਜਾਬੀ ਸਭਿਆਚਾਰ ਦੀ ਭੂਗੋਲਿਕ ਸਥਿਤੀ ਅਤੇ ਇਤਿਹਾਸਕ ਸਰਵੇਖਣ

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਪੰਜਾਬੀ ਸਭਿਆਚਾਰ ਦੀ ਭੂਗੋਲਿਕ ਸਥਿਤੀ ਅਤੇ ਇਤਿਹਾਸਕ ਸਰਵੇਖਣ ਬਾਰੇ ਜਾਣਕਾਰੀ ਦੇਣਾ ਹੈ।

ਮਨੁੱਖ ਅਤੇ ਪ੍ਰਕਿਰਤੀ ਵਿਚਕਾਰ ਬਹੁਤ ਨੇੜਲਾ ਰਿਸ਼ਤਾ ਹੈ। ਭਿੰਨ ਭਿੰਨ ਤਰ੍ਹਾਂ ਦੀਆਂ ਕੁਦਰਤੀ ਹਾਲਤਾਂ ਨੇ-ਭਿੰਨਉਪਲਬਧ ,ਭਿੰਨ ਤਰ੍ਹਾਂ ਦੇ ਸਭਿਆਚਾਰਕ ਇਲਾਕੇ ਹੋਂਦ ਵਿਚ ਆਏ ਹਨ। ਕਿਸੇ ਖੇਤਰ ਦੇ ਭੂਗੋਲਿਕ ਹਾਲਾਤ-ਧਾਰਨਾ ਸਥਾਪਤ ਕਰਨ ਵਿਚ ਬਨਸਪਤੀ ਅਤੇ ਦਰਿਆ ਆਦਿ ਸਭਿਆਚਾਰ ਦੀ ਮੂਲ ,ਜਲਵਾਯੂ ,ਕੁਦਰਤੀ ਵਸੀਲੇ ਅਹਿਮ ਭੂਮਿਕਾ ਨਿਭਾਉਂਦੇ ਹਨ। ਹਰ ਇਲਾਕੇ ਦੀਆਂ ਭੂਗੋਲਿਕ ਹਾਲਤਾਂ ਉਥੋਂ ਦੇ ਲੋਕਾਂ ਦੇ ਸਭਿਆਚਾਰ ਨੂੰ ਪ੍ਰਭਾਵਿਤ ਕਰਦੀਆਂ ਹਨ। ਕਿਸੇ ਸਭਿਆਚਾਰਕ ਇਲਾਕੇ ਦੀ ਇਲਾਕਾਈ ਸਥਿਤੀ ਆਪਣੇ ਆਪ ਵਿਚ ਇਕ ਮਹੱਤਵਪੂਰਨ ਅੰਸ਼ ਹੈ। ਹਰ ਸਭਿਆਚਾਰ ਆਪਣਾ ਨਾਂ ਉਸ ਭੂਗੋਲਿਕ ਖਿੱਤੇ ਤੋਂ ਪ੍ਰਾਪਤ ਕਰਦਾ ਹੈ। ਲੋਕਾਂ ਦਾ ਰਹਿਣ ਸਹਿਣ ਬਹੁਤ ਹੱਦ ਤਕ ਭੂਗੋਲਿਕ ਹਾਲਤਾਂ ਤੇ ਨਿਰਭਰ ਕਰਦਾ ਹੈ। ਭੂਗੋਲਿਕ ਚੌਗਿਰਦਾ ਬਾਹਰੀ ਪ੍ਰਸਥਿਤੀਆਂ ਅਤੇ ਪ੍ਰਭਾਵਾਂ ਰਾਹੀਂ ਸਮਾਜਿਕ ਜ਼ਿੰਦਗੀ ਅਤੇ ਇਸਦੇ ਵਿਕਾਸ ਨੂੰ ਪ੍ਰਭਾਵਿਤ ਕਰਦਾ ਹੈ।

ਪੰਜਾਬ ਦਾ ਨਾਂ ਇਥੋ ਦੀ ਭੂਗੋਲਿਕ ਸਥਿਤੀ ਤੇ ਵਿਸ਼ੇਸ਼ਤਾ ਕਾਰਨ ਪਿਆ ਹੈ। ਪੰਜਆਬ ਪੰਜ + ਪਾਣੀਆਂ ਦੀ ਧਰਤੀ/ਦਰਿਆਵਾਂ। ਮੁਸਲਮਾਨੀ ਪ੍ਰਭਾਵ ਦੇ ਹੇਠ ਇਹ ਨਾਂ ਬਦਲਕੇ ਪੰਜਾਬ ਬਣ ਗਿਆ। ਪੰਜਾਬ ਭੂਗੋਲਿਕ ਇਕਾਈ ਦੀਆਂ ਹੱਦਾਂ ਕਦੀ ਵੀ ਸਥਿਰ ਨਹੀਂ ਰਹੀਆਂ ਸਗੋਂ ਕਾਫੀ ਤੇਜ਼ੀ ਨਾਲ ਬਦਲਦੀਆਂ ਰਹੀਆਂ ਹਨ। ਇਤਿਹਾਸਕ ਵੇਰਵਿਆਂ ਦੇ ਅਨੁਸਾਰ ਪੰਜਾਬ ਸਿੰਧ ਪਾਰ ਤੋਂ ਲੈ ਕੇ ਜਮਨਾ ਪਾਰ ਤਕ ਦੇ ਇਲਾਕੇ ਪੰਜਾਬ ਵਿਚ ਸ਼ਾਮਿਲ ਸਨ। 1901 ਵਿਚ 1911 ਪੱਛਮੀ ਸਰਹੱਦੀ ਸੂਬਾ ਬਣਾ ਕੇ ਵੱਖ ਕਰ ਦਿੱਤਾ ਗਿਆ।-ਜਿਲ੍ਹੇ ਵੱਖ ਕਰਕੇ ਉੱਤਰ ਵਿਚ ਸਿੰਧ ਪਾਰ ਦੇ ਛੇ ਦਿੱਲੀ ਨੂੰ ਭਾਰਤ ਦੀ ਰਾਜਧਾਨੀ ਬਣਾ ਕੇ ਵੱਖ ਕਰ ਦਿੱਤਾ ਗਿਆ। 1947ਵਿਚ ਪੰਜਾਬ ਦੇ ਦੋ ਟੋਟੇ ਹੋ ਗਏਇੱਕ -ਅਲੱਗ -ਦੀ ਵੰਡ ਨਾਲ ਦੋ ਅਲੱਗ 1947 ਪਾਕਿਸਤਾਨ ਦਾ ਅੰਗ ਬਣ ਗਿਆ ਤੇ ਦੂਜਾ ਭਾਰਤ ਵਿਚ ਪੰਜਾਬ ਆ ਗਿਆ। ਸਮੂਹ ਬਣ ਗਏ-ਹੋਂਦ ਵਿਚ ਆ ਗਈਆਂ ਅਤੇ ਦੋ ਜਨ ਭੂਗੋਲਿਕ ਇਕਾਈਆਂ। ਰਾਜ ਅਤੇ ਧਰਮ ਦਾ ਰੋਲ ਦੋਹੋਂ ਪਾਸੇ ਵੱਖ-ਵੱਖਰ-ਵੱਖ ਅਤੇ ਸਰਗਰਮ ਹੋ ਗਿਆ। ਸਮਾਂ ਪਾ ਕੇ ਵੱਖਰੇ ਸਵੈਧੀਨ ਸਭਿਆਚਾਰ ਬਣ ਗਏ। ,ਵਿਚ ਪੈਪਸੂ ਨੂੰ 1956 ,ਵਿਚ ਪਟਿਆਲਾ ਅਤੇ ਪੂਰਬੀ ਪੰਜਾਬ ਦੀਆਂ ਹੋਰ ਰਿਆਸਤਾਂ ਨੂੰ ਮਿਲਾ ਕੇ ਹੋਂਦ ਵਿਚ ਆਇਆ ਸੀ 1948 ਜਿਹੜਾ ਕਿ ਚ ਸ਼ਾਮਿਲ ਕਰ ਦਿੱਤਾ ਗਿਆਪੰਜਾਬ ਵਿ। 1966ਵਿਚ ਭਾਸ਼ਾ ਦੇ ਆਧਾਰ ਤੇ ਪੰਜਾਬ ਤੋਂ ਹਰਿਆਣਾ ਅਤੇ ਹਿਮਾਚਲ ' ਪ੍ਰਦੇਸ਼ ਦੋ ਵੱਖਰੇ ਰਾਜ ਸਥਾਪਿਤ ਕਰ ਦਿੱਤੇ ਗਏ।

ਉਪਰੋਕਤ ਦ੍ਰਿਸ਼ ਪੰਜਾਬ ਦੀ ਭੂਗੋਲਿਕ ਹੱਦਬੰਦੀ ਦਾ ਇਤਿਹਾਸਕ ਪੱਖ ਤੇ ਸਰਵੇਖਣ ਹੈ। ਭੂਗੋਲਿਕ ਹੱਦਬੰਦੀ ਦੀ ਅਸਥਿਰਤਾ ਸਭਿਆਚਾਰਕ ਨਿਸ਼ਚਿਤਤਾ ਨੂੰ ਵੀ ਧੁੰਦਲਾ ਬਣਾਉਂਦੀ ਹੈ ਅਤੇ ਨਾਲ ਹੀ ਉਸ ਸਮੂਹ ਨੂੰ ਵੀ ਆਪਣੀ

ਹੋਂਦ ਇਕ ਇਕਾਈ ਵਜੋਂ ਪਛਾਣਨ ਦੇ ਰਾਹ ਵਿਚ ਰੁਕਾਵਟ ਬਣਦੀ ਹੈ। ਜਿਹੜਾ ਸਮੂਹ ਇਸ ਸਭਿਆਚਾਰ ਦਾ ਵਾਹਕ ਹੁੰਦਾ ਹੈ।

ਪੰਜਾਬ ਸਰਹੱਦੀ ਇਲਾਕਾ ਹੋਣ ਕਰਕੇ ਬਾਹਰਲੇ ਨਸਲੀ ਮਿਸ਼ਰਨ ਦਾ ਪ੍ਰਭਾਵ ਵੱਧ ਰਿਹਾ ਹੈ। ਪੰਜਾਬੀ ਸਭਿਆਚਾਰ ਇਕ ਮਿਸ਼ਰਤ ਸਭਿਆਚਾਰ ਹੈ। ਨਿੱਤ ਦੀਆਂ ਜੰਗਾਂ ਕਾਰਨ ਪੰਜਾਬੀ ਸਰੀਰਕ ਤੌਰ ਤੇ ਰਿਸ਼ਟ ਪੁਸ਼ਟ ' ਹਨ। ਇਨ੍ਹਾਂ ਦੀ ਚੰਗੀ ਸਿਹਤ ਦਾ ਦੂਜਾ ਕਾਰਨ ਇਨ੍ਹਾਂ ਦੀ ਚੰਗੀ ਖੁਰਾਕ ਹੈ। ਪੰਜਾਬ ਦੀ ਧਰਤੀ ਉਪਜਾਊ ਅਤੇ ਇਥੋਂ ਦੀਆਂ ਭੂਗੋਲਿਕ ਹਾਲਤਾਂ ਖੇਤੀਬਾੜੀ ਦੇ ਧੰਦੇ ਲਈ ਵਧੇਰੇ ਅਨੁਕੂਲ ਹਨ। ਪੰਜਾਬ ਦੇ ਪਹਾੜ ਵੀ ਪੰਜਾਬੀ ਸਭਿਆਚਾਰ ਨੂੰ ਪ੍ਰਭਾਵਿਤ ਕਰਦੇ ਹਨ। ਹਿਮਾਲਾ ਪਰਬਤ ਪੰਜਾਬ ਨੂੰ ਦਰਿਆ ਅਤੇ ਨਦੀਆਂ ਦੇਂਦਾ ਹੈ। ਇਸ ਦੇ ਪੌਣਪਾਣੀ ਰੁੱਤਾਂ ਅਤੇ - ਵਰਖਾ ਆਦਿ ਨੂੰ ਪ੍ਰਭਾਵਿਤ ਕਰਦਾ ਹੈ।

ਪੰਜਾਬ ਦੀਆਂ ਵੱਖ ਬੋਲੀਆਂ ਦੀ ਹੋਂਦ ਵੀ ਇਸ ਦੀ-ਵੱਖ ਉਪ-ਭੂਗੋਲਿਕ ਸਥਿਤੀ ਨਾਲ ਸੰਬੰਧ ਰੱਖਦੀ ਹੈ। ਬੰਜਰ ਅਤੇ ਮਾਰੂਥਲ ਦੇ ਇਲਾਕੇ ਨਾਲੋਂ ਪਹਾੜੀ ਇਲਾਕੇ ਦੀ ਬੋਲੀ ਵਿਚ ਬਹੁਤ ਅੰਤਰ ਹੁੰਦਾ ਹੈ। ਪੰਜਾਬ ਦੀ ਬੋਲੀ ਅਤੇ ਸਭਿਆਚਾਰ ਵਿਚ ਏਨਾ ਮਿਸ਼ਰਨ ਹੈ ਕਿ ਇਨ੍ਹਾਂ ਦਾ ਖਾਲਸ ਸਰੂਪ ਲੱਭਣਾ ਬਹੁਤ ਮੁਸ਼ਕਿਲ ਹੈ। ਵਿਦੇਸ਼ੀ ਸ਼ਬਦ ਤੇ ਕੀਮਤਾਂ ਇਸ ਵਿਚ ਏਨੀਆਂ ਘੁਲਮਿਲ ਚੁੱਕੀਆਂ ਹਨ ਕਿ ਇਹਨਾਂ ਦਾ ਮੁਹਾਂਦਰਾ ਵੀ ਪੰਜਾਬੀ ਹੀ ਨਜ਼ਰ ਆਉਂਦਾ ਹੈ। ਭਾਸ਼ਾ ਪੌਣਦੇ ਅਨੁਭਵ ਦੀ ਪ੍ਰਗਤਾਊ ਪਾਣੀ ਅਤੇ ਧਰਤੀ ਦੀਆਂ ਹਾਲਤਾਂ ਦੇ ਮੁਹਾਵਰਿਆਂ ਦਾ ਰੂਪ ਧਾਰਨ ਕਰਕੇ ਮਨੁੱਖ- ਆਦਿ ਇਸ ਤੱਥ ਦਾ ਉਘੜਵਾਂ ਪ੍ਰਮਾਣ ਹ 'ਬਾਰਾਮਾਹ' ਸਮਰੱਥਾ ਨੂੰ ਵਧਾਉਂਦੀਆਂ ਹਨ।ੈ। ਭੂਗੋਲਿਕ ਰਹਿਤਲ ਹਰ ਸਭਿਆਚਾਰ ਦਾ ਮੁੱਢਲਾ ਸਰੋਤ ਹੁੰਦਾ ਹੈਕਿਉਂਕਿ ਆਪਣੀਆਂ ਭੂਗੋਲਿਕ ਹਾਲਤਾਂ ਨਾਲ ਘੋਲ ਕਰਕੇ ਹੀ ਮਨੁੱਖ ਨੇ , ਆਪਣਾ ਸਭਿਆਚਾਰ ਸਿਰਜਿਆ ਹੁੰਦਾ ਹੈ।

ਮਨੁੱਖੀ ਸਮਾਜ ਅੰਦਰ ਵਾਪਰਨ ਵਾਲੀਆਂ ਸਰਬ ਪੱਖੀ ਘਟਨਾਵਾਂ ਦਾ ਕਾਲਕ੍ਰਮਕ ਵਿਸ਼ਲੇਸ਼ਣ ਇਤਿਹਾਸ - ਕਹਾਉਂਦਾ ਹੈ। ਇਤਿਹਾਸ ਪਰੰਪਰਾ ਅਤੇ ਨਵੀਨਤਾ ਦੇ ਦਵੰਦਾਤਮਕ ਸੰਬੰਧਾਂ ਦਾ ਵਿਸ਼ਲੇਸ਼ਣ ਹੁੰਦਾ ਹੈ। ਕਿਸੇ ਦੇਸ਼ ਦੀ ਬੀਤੀ ਸਭਿਅਤਾਰਾਜਸੀ ਅਤੇ ਆਰਥਿਕ ਸਥਿਤੀ ਨੂੰ ਪ੍ਰਗਟ ਕਰਨ ਲਈ ਉਸ ਦੇਸ਼ ਦਾ ਇਤਿਹਾਸ ਵੇਖਣਾ ,ਸੰਸਕ੍ਰਿਤੀ , ਜਰੂਰੀ ਹੁੰਦਾ ਹੈ। ਇਤਿਹਾਸ ਬੀਤੇ ਸਮੇਂ ਦੇ ਹਾਲਾਤ ਦਾ ਸੰਪੂਰਨ ਦਸਤਾਵੇਜ ਬਣ ਜਾਂਦਾ ਹੈ। ਇਤਿਹਾਸਕਾਰ ਨੇ ਕੇਵਲ ਰਾਜਨੀਤਕ ਉਥਲਪੁਥਲ ਨੂੰ ਹੀ ਬਿਆਨ ਨਹੀਂ- ਕਰਨਾ ਹੁੰਦਾਸਗੋਂ ਉਸ ਸਮੇਂ ਦਾ ਸੱਚ ਲੱਭਣਾ ਹੁੰਦਾ ਹੈ ,। ਜਨ-ਸਾਧਾਰਨ ਵਿਚਲੀ ਜੀਵਨ ਰੌਂ ਨੂੰ ਸਮਝਣਾ ਹੁੰਦਾ ਹੈ। ਪੰਜਾਬੀ ਸਮਾਜ ਦੇ ਇਤਿਹਾਸਕ ਸਰਵੇਖਣ ਵਿਚ ਕੁਝ ਮੁੱਖ ਪਹਿਲੂਆਂ ਨੂੰ ਜਾਣਨਾ ਬਹੁਤ ਜਰੂਰੀ ਹੈ। ਜਿਨ੍ਹਾਂ ਨੇ ਇਤਿਹਾਸਕ ਪ੍ਰਕਿਰਿਆ ਦੌਰਾਨ ਪੰਜਾਬੀ ਸਭਿਆਚਾਰ ਦੇ ਵਿਕਾਸ ਜਾਂ ਵਿਸਤਾਰ ਵਿਚ ਆਪਣਾ ਯੋਗਦਾਨ ਪਾਇਆ ਹੈ।

ਪੰਜਾਬ ਦਾ ਵਰਤਮਾਨ ਇਤਿਹਾਸ ਆਰੀਆ ਜਾਤੀ ਤੋਂ ਸ਼ੁਰੂ ਹੁੰਦਾ ਹੈ। 'ਰਿਗਵੇਦਨੂੰ ਸੰਸਾਰ ਦੀ ਸਭ ਤੋਂ ਪ੍ਰਾਚੀਨ ' ਪੁਸਤਕ ਮੰਨਿਆ ਗਿਆ ਹੈ। ਪਰ ਕੁਝ ਵਿਦਵਾਨ ਪੰਜਾਬ ਦੇ ਇਤਿਹਾਸਕ ਪਿਛੋਕੜ ਨੂੰ ਪੂਰਵ ਆਰੀਆ ਕਾਲ ਨਾਲ ਵੀ ਜੋੜਦੇ ਹਨ। ਪੰਜਾਬ ਦੇ ਪੁਰਾਣੇ ਥੇਹਾਂ ਤੋਂ ਦੀ ਖੁਦਾਈ ਤੋਂ ਜੋ ਗਿਆਨ ਮਿਲਿਆ ਹੈਉਸ ਤੋਂ ਉ ,ਨ੍ਹਾਂ ਲੋਕਾਂ ਦੇ ਸਭਿਆਚਾਰਕ ਪੱਖਾਂ ਅਰਥਾਤ ਚੱਜਪੀਣ ਸਾਰਾ ਕੁਝ ਮਿਲਾ ਕੇ ਇਕ ਪੂਰੀ ਸਭਿਅਤਾ -ਖਾਣ ,ਸ਼ਿੰਗਾਰ-ਹਾਰ ,ਸਹਿਣ-ਰਹਿਣ ,ਆਚਾਰ-ਦੀ ਤਸਵੀਰ ਮਿਲਦੀ ਹੈ। ਪੰਜਾਬ ਦੇ ਆਦਿ ਵਾਸੀ ਲੋਕਾਂ ਦੇ ਸਭਿਆਚਾਰ ਦੇ ਚਿੰਨ੍ਹ ਵਿਕਾਸ ਦੀ ਚੋਟੀ ਉੱਤੇ ਪੁੱਜੀ ਦੁਨੀਆਂ ਦੀ ਪੁਰਾਣੀ ਸ਼ਹਿਰੀਅਤ ਦੇ ਨਿਸ਼ਾਨ ਮੰਨੇ ਜਾਂਦੇ ਹਨ।

ਪੰਜਾਬੀ ਜੀਵਨ ਅਤੇ ਸਭਿਆਚਾਰ ਨੂੰ ਸਭ ਤੋਂ ਵੱਧ ਯੋਗਦਾਨ ਆਰੀਆ ਜਾਤੀ ਦਾ ਹੈ। ,ਵਿਚ ਸਿੰਧ 'ਰਿਗਵੇਦ' ਵਾਰ ਆਉਂਦਾ ਹੈ-ਸਰਸਵਤੀ ਆਦਿ ਪੰਜਾਬ ਦੇ ਦਰਿਆਵਾਂ ਦਾ ਜ਼ਿਕਰ ਵਾਰ। ਕਈ ਇਤਿਹਾਸਕ ਸ਼ਹਿਰਨਗਰ ਇਸ / ਜੁੜੇ ਹੋਏ ਹਨ। ਮਹਾਭਾਰਤ ਦਾ ਯੁੱਦ ਪੰਜਾਬ ਦੀ ਧਰਤੀ ਕੁਰੂਕਸ਼ੇਤਰ ਵਿਚ ਲੜਿਆ ਗਿਆ। ਪ੍ਰਾਚੀਨ ਸਮੇਂ ਜਾਤੀ ਨਾਲ ਦੀ ਸਭ ਤੋਂ ਪ੍ਰਸਿੱਧ ਰਚਨਾ ਪਾਣਿਨੀ ਦੀ ਅਸ਼ਟਧਿਆਏ ਵੀ ਪੰਜਾਬ ਦੀ ਧਰਤੀ ਉਤੇ ਹੀ ਰਚੀ ਗਈ। ਇਤਿਹਾਸਕਾਰ ਹਿਊਨਸਾਂਗ ਦੇ ਕਥਨ ਅਨੁਸਾਰ ਮਹਾਂਰਿਸ਼ੀ ਪਾਣਿਨੀ ਪੰਜਾਬ ਦਾ ਜੰਮਪਲ ਸੀ ਤੇ ਤਕਸ਼ਿਲਾ ਵਿਸ਼ਵ ਵਿਦਿਆਲੇ ਦਾ ਵਿਦਿਆਥੀ ਸੀ। ਪੰਜਾਬ ਨੂੰ ਆਰੀਆ ਜਾਤੀ ਦੇ ਲੋਕਾਂ ਧਰਮ ਕਰਨ ਦੀ ਨੀਤੀ ਕਾਰਨ ਦੇਵਤਿਆਂ ਦੀ ਧਰਤੀ ਵੀ ਕਿਹਾ ਜਾਂਦਾ ਹੈ।

ਬਾਦਸ਼ਾਹ 320ਸਿਕੰਦਰ ਦੇ ਭਾਰਤ ਹਮਲੇ ਦੌਰਾਨ ਪੰਜਾਬ ਛੋਟੇਪਦਾਂ ਵਿਚ ਵੰਡਿਆ ਹੋਇਆ ਸੀ-ਛੋਟੇ ਜਨ-। ਇਸ ਸਥਿਤੀ ਵਿਚ ਦੇਸ਼ ਦੇ ਰਾਜੇ ਪੋਰਸ ਦੀ ਅਗਵਾਈ ਵਿਚ ਪੰਜਾਬੀਆਂ ਨੇ ਸਿਕੰਦਰ ਦਾ ਟਾਕਰਾ ਏਨੀ ਦਲੇਰੀ 'ਕੇਕਯ' ਨਾਲ ਕੀਤਾ ਕਿ ਉਹ ਸਿਕੰਦਰ ਨੂੰ ਅੱਗੇ ਵੱਧਣ ਤੋਂ ਰੋਕਣ ਵਿਚ ਸਫਲ ਰਹੇ। ਪੰਜਾਬੀ ਲੋਕਾਂ ਦੀ ਬਹਾਦਰੀ ਤੇ ਦਲੇਰੀ ਨੇ ਸਿਕੰਦਰ ਦੇ ਹਮਲੇ ਦਾ ਅਸਰ ਬਾਕੀ ਹਿੰਦੁਸਤਾਨ ਉੱਤੇ ਵੀ ਵਧੇਰੇ ਨਾ ਪੈਣ ਦਿੱਤਾ। ਆਰ:ਕੇ ਮੁਖਰਜੀ ਅਨੁਸਾਰ .

> ਸਿਕੰਦਰ ਦਾ ਹੱਲਾ ਇਕ ਧਾੜਾ ਤੇ ਤਮਾਸ਼ਾ ਬਣ ਕੇ ਹੀ ਰਹਿ ਗਿਆ ਅਤੇ ਸਿਕੰਦਰ ਇਸ ਵਿਸ਼ਾਲ ਅਤੇ ਅਮੀਰ ਦੇਸ਼ ਉੱਤੇ ਨਾ ਤਾਂ ਯੂਨਾਨੀ ਰਾਜ ਸਥਾਪਤ ਕਰ ਸਕਿਆ ਅਤੇ ਨਾ ਹੀ ਭਾਰਤੀ ਸਭਿਅਤਾ ਨੂੰ ਵੀ ਕੁਝ ਵਿਸ਼ੇਸ਼ ਤੌਰ ਤੇ ਪ੍ਰਭਾਵਿਤ' ਕਰ ਸਕਿਆ।

ਚੰਦਰ ਗੁਪਤ ਮੌਰੀਆ ਨਾਲ ਮੋਰੀਆ ਵੰਸ਼ ਸ਼ੁਰੂ ਹੁੰਦਾ ਹੈ। ਇਸ ਵੰਸ਼ ਦਾ ਪ੍ਰਸਿੱਧ ਤੇ ਪ੍ਰਤਾਪੀ ਰਾਜਾ ਅਸ਼ੋਕ 232-273) ਬੀਆਪਣਾ ਵਿਲੱਖਣ ਸਥਾਨ ਰੱਖਦਾ ਹੈ (.ਸੀ.। ਇਸ ਸਮੇਂ ਵਿਚ ਬੁੱਧ ਮੱਤ ਆਪਣੀ ਚਰਮ ਸੀਮਾ ਉੱਤੇ ਸੀ। ਬੁੱਧ ਰਾਜ ਵਿਚ ਤਰਕਸ਼ਿਲਾ ਰਾਜਧਾਨੀ ਸੀ ਅਤੇ ਇਹ ਨਗਰ ਵਿਦਿੱਆ ਦਾ ਪ੍ਰਸਿੱਧ ਕੇਂਦਰ ਬਣ ਗਿਆ ਸੀ। ਟੈਕਸਲਾ ਨਾਂ ਦੀ ਸੰਸਾਰ ਪ੍ਰਸਿੱਧ ਯੂਨੀਵਰਸਿਟੀ ਇਸ ਨਗਰ ਵਿਚ ਸੀ। ਇਸ ਵੇਲੇ ਦੇ ਪੰਜਾਬੀ ਜੀਵਨਆਚਾਰ ਅਤੇ -ਚੱਜ ,ਵਿਚਾਰਧਾਰਾ , ਪਿਆ ਰੀਤਾਂ ਦਾ ਡੂੰਘਾ ਪ੍ਰਭਾਵ-ਸਾਹਿਤ ਉੱਤੇ ਬੋਧੀ ਦਰਸ਼ਨ ਤੇ ਰਹੁ। ਚੀਨੀ ਯਾਤਰੀ ਫਾਹੀਆਨ ਅਨੁਸਾਰ ਮਹਾਤਮਾ ਬੁੱਧ ਦੇ ਸਰੀਰ ਦੇ ਕੁੱਝ ਅੰਗਾਂ ਦਾ ਸੰਸਕਾਰ ਪੰਜਾਬ ਵਿਚ ਵੀ ਕੀਤਾ ਗਿਆ ਸੀ। ਇਤਿਹਾਸਕ ਵੇਰਵਿਆ ਦੇ ਅਨੁਸਾਰ ਇਸ ਸਮੇਂ ਵਿਚ ਪੰਜਾਬ ਨੂੰ 'ਮਹਾਂ ਯਾਨ' ਤੇ 'ਹੀਨ ਯਾਨ' ਕਿਹਾ ਜਾਂਦਾ ਸੀ ਤੇ ਬੁੱਧ ਧਰਮ ਦੀਆਂ ਦੋ ਸੰਪਰਦਾਵਾਂ 'ਪਿਟੂ' ਉਦੋਂ ਪੂਰੇ ਜ਼ੋਰਾਂ ਤੇ ਸਨ।

,ਕੁਸ਼ਾਨ ,ਪਾਰਥੀਅਨ ,ਸਾ ਪੂਰਵ ਤੋਂ ਸਤਵੀਂ ਸਦੀ ਈਸਵੀ ਤਕ ਨੌ ਸੌ ਸਾਲ ਪੰਜਾਬ ਉੱਤੇ ਸ਼ੱਕਦੂਜੀ ਸਦੀ ਈ ਤੇ ਕੁਝ ਹੋਰ ਏਸ਼ਿਆਈ ਕਬੀਲਿਆ ,ਹੁਣੰ ਨੇ ਪੰਜਾਬ ਨੂੰ ਆਪਣੇ ਅਧੀਨ ਕਰਕੇ ਰਾਜ ਕੀਤਾ। ਮਾਲਵੇ ਦੇ ਰਾਜੇ ਗੌਤਮੀ ਪੁੱਤਰ ਨੇ ਸ਼ੱਕ ਜਾਤੀ ਉੱਤੇ ਜਿੱਤ ਪ੍ਰਾਪਤ ਕਰਨ ਦੀ ਖੁਸ਼ੀ ਵਿਚ ਬਿਕਰਮ ਸੰਮਤ ਚਲਾਇਆ (ਸਾਤਵਾਹਨ)। ਡਾ . ਵਣਜਾਰਾ ਬੇਦੀ ਦਾ ਕਥਨ ਹੈ ਕਿ ਇਹੋ ਸਾਤਵਾਹਨ ਪੰਜਾਬ ਵਿਚ ਰਾਜਾ ਸਲਵਾਨ ਦੇ ਨਾਂ ਨਾਲ ਪ੍ਰਸਿੱਧ ਸੋਹਿੰਦਰ ਸਿੰਘ ਹੋਇਆ। ਪੂਰਨ ਭਗਤ ਤੇ ਰਸਾਲੂ ਇਸੇ ਦੇ ਪੁੱਤਰ ਸਨ। ਇਸ ਪਰਿਵਾਰ ਨਾਲ ਜੁੜੀਆਂ ਦੰਦ ਕਥਾਵਾਂ ਪੰਜਾਬੀ ਸਭਿਆਚਾਰ ਵਿਚ ਵਿਲੱਖਣ ਸਥਾਨ ਰੱਖਦੀਆਂ ਹਨ।

ਹੈ ਸਤਵੀਂ ਸਦੀ ਪੰਜਾਬ ਦੇ ਇਤਿਹਾਸਕ ਪੱਖ ਤੋਂ ਬਹੁਤ ਮਹੱਤਵਪੂਰਨ ਸਦੀ ਮੰਨੀ ਗਈ। ਇਸ ਸਮੇਂ ਪ੍ਰਭਾਕਰ ਵਰਧਨ ਅਤੇ ਉਸ ਦਾ ਪੁੱਤਰ ਹਰਸ਼ ਵਰਧਨ ਨੇ ਆਪਣੀ ਬਹਾਦਰੀ ਅਤੇ ਸੂਰਬੀਰਤਾ ਨਾਲ ਪੰਜਾਬੀ (647-606)

ਕੌਮ ਦਾ ਸਿਰ ਉੱਚਾ ਕੀਤਾ। ਰਾਜੇ ਪ੍ਰਭਾਕਰ ਨੇ ਹੁਣਾਂ ਵਰਗੇ ਵਿਦੇਸ਼ੀ ਧਾੜਵੀਆਂ ਤੋਂ ਬਚਾਇਆ ਸੀ। ਪ੍ਰਭਾਕਰ ਵਰਧਨ ਦਾ ਪੁੱਤਰ ਹਰਸ਼ ਵਰਧਨ ਅਖੀਰਲਾ ਹਿੰਦੂ ਰਾਜਾ ਸੀਤੇ ਹਿਮਾਲਿਆ ਤੋਂ ਵਿੰਧੀਆ  ਜਿਸ ਨੇ ਕਸ਼ਮੀਰ ਤੋਂ ਆਸਾਮ ਤਕ , ਸੱਤਾ ਹੇਠ ਮੁੜ ਲੈ ਆਦਾ ਸੀ-ਤਕ ਸਾਰੇ ਦੇਸ਼ ਨੂੰ ਇਕ ਸੰਗਠਿਤ ਰਾਜ।

ਮੁਹੰਮਦ ਬਿਨ ਕਾਸਿਮ ਦੇ ਹਮਲੇ ਨਾਲ ਭਾਰਤ ਵਿਚ ਇਸਲਾਮ ਜਾਤੀ ਦਾ ਪ੍ਰਵੇਸ਼ ਹੁੰਦਾ ਹੈ। ਹੁਣ ਤਕ ਆਰੀਆ ਜਾਤੀ ਮਗਰੋਂ ਪੰਜਾਬ ਦੀ ਬੀਰਭੂਮੀ ਨੂੰ ਮੁਸਲਮਾਨ ਜਾਤੀਆਂ ਨੇ ਸਭ ਤੋਂ ਵੱਧ ਪ੍ਰਭਾਵਿਤ ਕੀਤਾ-। ਆਰੀਆ ਰਿਸ਼ੀਆਂ , ਫਕੀਰਾਂ ਨੇ ਇਥੋਂ ਦੇ ਲੋਕਾਂ ਦੇ ਦਿਲ ਜਿੱਤਣ ਵਿਚ ਸਫਲਤਾ ਹਾਸਲ  ,ਸੂਫੀਆਂ ,ਗ ਹੀ ਮੁਸਲਮਾਨ ਵਲੀਆਂਮੁਨੀਆਂ ਵਾਂ ਕੀਤੀ। ਕਈ ਸੂਫੀਆਂ ਤੇ ਫਕੀਰਾਂ ਨੇ ਲੱਖਾਂ ਹਿੰਦ ਵਾਸੀਆਂ ਨੂੰ ਆਪਣੇ ਮੱਤ ਦਾ ਅਨੁਆਈ ਬਣਾਇਆ।

ਮੰਦਰਾਂ ਤੇ -ਗਿਆਰਵੀਂ ਸਦੀ ਦੇ ਆਰੰਭ ਵਿਚ ਗਜ਼ਨੀ ਦੇ ਸੁਲਤਾਨ ਮਹਿਮੂਦ ਗਜ਼ਨਵੀ ਨੇ ਭਾਰਤ ਉੱਤੇ ਹਿੰਦ ਦੌਲਤ ਨੂੰ ਲੁੱਟਣ ਦੇ ਮਨੋਰਥ ਨਾਲ ਸਤਾਰਾਂ ਹਮਲੇ ਕੀਤੇ ,ਤਬਾਹ ਕਰਨ ਤੇ ਧਨ ਵਿਦਿਅਕ ਸੰਸਥਾਵਾਂ ਨੂੰ।  ਮਹਿਮੂਦ ਗਜ਼ਨਵੀ ਦਾ ਟਾਕਰਾ ਜੈ ਪਾਲ ਤੇ ਆਨੰਦ ਪਾਲ ਨਾਲ ਹੋਇਆ ਤੇ ਉਨ੍ਹਾਂ ਨੇ ਗਜ਼ਨਵੀ ਦੇ ਪੈਰ ਨਾ ਲੱਗਣ ਦਿੱਤੇ। ਗਜ਼ਨਵੀ ਦੇ ਹਮਲਿਆਂ ਮਗਰੋਂ  ਮੁਹੱਮਦ ਗੋਰੀ ਨਾਲ ਪੰਜਾਬ ਦੇ ਰਾਜੇ ਪ੍ਰਿਥਵੀ ਰਾਜ ਚੌਹਾਨ ਨਾਲ ਤਰਾਇਣ ਦੀ ਲੜਾਈ ਲੜੀ ਜਾਂਦੀ ਹੈ। ਭਾਵੇਂ ਇਸ ਲੜਾਈ ਵਿਚ ਜਿੱਤ ਗੌਰੀ ਦੀ ਹੁੰਦੀ ਹੈ ਪਰ ਉਸ ਨੂੰ ਪੰਜਾਬ ਦੇ ਲੋਕਾਂ ਨੇ ਪੂਰੀ ਤਰ੍ਹਾਂ ਟਿਕਣ ਨਾ ਦਿੱਤਾ। ਮੁਹੰਹਦ ਗੌਰੀ ਤੋਂ ਬਾਅਦ ਗੁਲਾਮ ਵੰਸ਼ -1321) ਤੁਗਲਕ ਵੰਸ਼ (1321-1288) ਖਿਲਜੀ ਵੰਸ਼ (1288-1206) ਪ੍ਰਬੰਧ  ਆਦਿ ਨੇ ਪੰਜਾਬ ਉਪਰ ਆਪਣਾ ਰਾਜ (1526-1450) ਲੋਧੀ ਵੰਸ਼ (1450-1414) ਸੱਯਦ ਵੰਸ਼ (1413 ਚਲਾਇਆ।ਸੋ ਸਾਲ  300 ਵਿਚ ਬਾਬਰ ਦੇ ਹਮਲੇ ਨਾਲ ਮੁਗਲਾਂ ਦਾ ਰਾਜ ਸਥਾਪਿਤ ਹੋ ਗਿਆ ਜੋ ਲਗਭਗ 1526 ਬਾਹੁਦਰ ਸ਼ਾਹ ਜਫਰ ਤਕ ਰਿਹਾ।

ਮੁਗਲ ਰਾਜ਼ ਦੇ ਸਥਾਪਿਤ ਹੋਣ ਨਾਲ ਪੰਜਾਬ ਵਿਚ ਇਕ ਕੌਮੀ ਲਹਿਰ ਦਾ ਜਨਮ ਹੋਇਆ ਜਿਸ ਨੇ ਇਥੋਂ ਦੇ ਅਧਿਆਤਮਕ ਅਤੇ ਸਮਾਜਿਕ ਜੀਵਨ ਵਿਚ ਨਵੀਂ ਰੂਹ ਫੂਕ ਦਿੱਤੀ। ਇਸ ਲਹਿਰ ਦੇ ਮੋਢੀ ਗੁਰੂ ਨਾਨਕ ਦੇਵ ਜੀ ਸਨ। ਜਿਨ੍ਹਾਂ ਨੇ ਆਪਣੇ ਵਿਚਾਰਾਂ ਦੁਆਰਾ ਲੋਕਜੀਵਨ ਵਿਚ ਨਵੀਂ ਚੇਤਨਾ ਦੇ ਉਭਾਰ ਨੂੰ ਬਲ ਦਿੱਤਾ। ਗੁਰੂ ਅਰਜਨ- ਦੇਵ ਜੀ ਦੀ ਸ਼ਹੀਦੀਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਅਤੇ ਗੁਰੂ ਗੋਬਿੰਦ ਜੀ ਦੁਆਰਾ ਖਾਲਸਾ ਪੰਥ ਦੀ ਸਥਾਪਨਾ ਨੇ ਪੰਜਾਬੀ  , ਮਾਨਸ ਦੇ ਜੀਵਨ ਨੂੰ ਨਵਾਂ ਰਸਤਾ ਦਿੱਤਾ-ਜਨ। ਗੁਰੂ ਸਾਹਿਬਾਨਾਂ ਦੀ ਜਾਗ੍ਰਤੀ ਨੇ ਪੰਜਾਬੀ ਲੋਕਾਂ ਵਿਚ ਨਵਾਂ ਜੋਸ਼ ਤੇ ਆਤਮਜਿਸ ਦੀਆਂ ਜੜ੍ਹ ,ਵਿਸ਼ਵਾਸ਼ ਪੈਦਾ ਕਰ ਦਿੱਤਾ ਕਿ ਉਨ੍ਹਾਂ ਨੇ ਮੁਗਲ ਰਾਜ-ਾਂ ਡੂੰਘੀਆਂ ਸਨਨੂੰ ਪੁੱਟ ਸੁਟਿਆ  , ਵੱਖ ਖੇਤਰਾਂ ਵਿਚ ਆਪਣਾ ਰਾਜ ਸਥਾਪਿਤ ਕਰ ਲਿਆ-ਅਤੇ ਵੱਖ। ਸਿੱਖ ਮਿਸਲਾਂ ਦੇ ਸਰਦਾਰਾਂ ਨੂੰ ਮਹਾਰਾਜਾ ਰਣਜੀਤ ਨੇ ਆਪਣੇ ਨਾਲ ਰਲਾ ਕੇ ਸਿੱਖ ਰਾਜ ਨੂੰ ਸਥਾਪਿਤ ਕੀਤਾ। ਇਹ ਪੰਜਾਬੀਆਂ ਦਾ ਆਪਣਾ ਰਾਜ ਸੀ ਜੋ ਸਦੀਆਂ ਦੀ ਜਦੋ-ਜਹਿਦ ਦੇ ਮਗਰੋਂ ਪ੍ਰਾਪਤ ਹੋਇਆ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਮਗਰੋਂ ਯੋਗ ਅਗਵਾਈ ਦੀ ਘਾਟ ਕਾਰਨ ਤੇ ਆਪਸੀ ਫੁੱਟ ਕਾਰਨ ਤਕ ਪੰਜਾਬ  1947 ਵਿਚ ਅੰਗਰੇਜ਼ੀ ਪ੍ਰਸ਼ਾਸ਼ਨ ਨੇ ਪੰਜਾਬ ਨੂੰ ਆਪਣੇ ਅਧੀਨ ਕਰ ਲਿਆ ਜੋ 1849 ਗੁਲਾਮ ਬਣਿਆ ਰਿਹਾ ਤੇ ਹਿੰਦੁਸਤਾਨ ਅੰਗਰੇਜ਼ੀ ਪ੍ਰਸ਼ਾਸਨ ਦਾ।

**ਭਾਗ ਅ (2)**

## ਪੰਜਾਬੀ ਸਭਿਆਚਾਰ ਵਿਚ ਸਮੇਂਸਮੇਂ ਆਏ ਪਰਿਵਰਤਨ-

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਪੰਜਾਬੀ ਸਭਿਆਚਾਰ ਵਿਚ ਸਮੇਂ ਸਮੇਂ ਆਏ ਪਰਿਵਤਨਾਂ ਬਾਰੇ ਜਾਣਕਾਰੀ ਦੇਣਾ ਹੈ।

ਪੰਜਾਬ ਦਾ ਸਭਿਆਚਾਰ ਲਗਾਤਾਰ ਬਦਲਦਾ ਰਿਹਾ ਹੈ ਜਿਸ ਦੇ ਇਕ ਤੋਂ ਜਿਆਦਾ ਕਾਰਨ ਹਨ। ਹਰ ਸਮਾਜ ਦੇ ਸਭਿਆਚਾਰ ਦਾ ਆਪਣਾ ਇਤਿਹਾਸ ਹੁੰਦਾ ਹੈ। ਪੰਜਾਬ ਦੇ ਸਭਿਆਚਾਰ ਦਾ ਵੀ ਆਪਣਾ ਨਿਵੇਕਲਾ ਇਤਿਹਾਸ ਹੈ। ਇਹ ਗੱਲ ਪ੍ਰਮਾਣਨਿਤ ਮੰਨੀ ਗਈ ਹੈ ਕਿ ਤਬਦੀਲੀ ਕੋਈ ਆਪਣੇ ਆਪ ਵਿਚ ਨਹੀਂ ਆਉਂਦੀ ਸਗੋਂ ਕਿਸੇ ਨਾ ਕਿਸੇ ਹੱਦ ਤਕ ਸੰਘਰਸ਼ ਦਾ ਸਿੱਟਾ ਹੁੰਦੀ ਹੈ। ਸਮਾਜ ਅਤੇ ਸਭਿਆਚਾਰ ਦੀ ਸਥਿਰਤਾ ਇਕ ਸੁਖਾਵੀਂ ਅਵਸਥਾ ਹੈ। ਹਰ ਸਭਿਆਚਾਰ ਆਦਤਾਂ ਨੂੰ ਕਾਇਮ ਕਰਨ ਦਾ ਅਮਲ ਹੈ। ਜਦ ਸਭਿਆਚਾਰ ਆਦਤ ਬਣ ਜਾਂਦਾ ਹੈ ਜਿਸ ਨੂੰ ਬਦਲਣਾ ਹਮੇਸ਼ਾ ਹੀ ਕਸ਼ਟਦਾਇਕ ਹੁੰਦਾ ਹੈ। ਸਮਾਜਵਿਗਿਆਨੀਆਂ ਅਨ-ੁਸਾਰ ਪਰਿਵਰਤਨ ਦਾ ਨਿਯਮ ਆਪਣੀ ਭੂਮਿਕਾ ਨੂੰ ਨਿਭਾਉਂਦਾ ਹੈ।

ਸਭਿਆਚਾਰ ਦੀ ਜੁਗਤ ਕਠੋਰ ਅਤੇ ਜੜ੍ਹ ਨਹੀਂ ਹੁੰਦੀ। ਗਤੀਸ਼ੀਲਤਾ ਪ੍ਰਕਿਰਤੀ ਦਾ ਨਿਯਮ ਹੈ। ਸਭਿਆਚਾਰ ਪਰਿਵਤਨਸ਼ੀਲ ਹੈ। ਸਭਿਆਚਾਰ ਬਾਹਰੀ ਪ੍ਰਭਾਵਾਂ ਤੇ ਪ੍ਰਸਥਿਤੀਆਂ ਦੇ ਕਾਰਨਾਂ ਪ੍ਰਤੀ ਸੰਵੇਦਨਸ਼ੀਲ ਹੁੰਦਾ ਹੈ ਭਾਵ ਉਨ੍ਹਾਂ ਦਾ ਪ੍ਰਭਾਵ ਕਬੂਲਦਾ ਹੈ। ਹਰ ਸਮਾਜ ਦੇ ਸਭਿਆਚਾਰ ਵਿਚ ਸਹਿਜੇ ਸਹਿਜੇ ਪਰਿਵਰਤਨ ਆਉਂਦੇ ਰਹਿੰਦੇ ਹਨ। ਇਹ ਵਾਪਰਨ ਵਾਲੇ ਪਰਿਵਰਤਨ ਸਭਿਆਚਾਰ ਦੀ ਪੁਨਰ ਸਿਰਜਨਾ ਨਹੀਂ ਕਰਦੇ ਸਗੋਂ ਸਥਾਪਿਤ ਸਭਿਆਚਾਰ ਦੀਆਂ ਧਾਰਨਾਵਾਂ ਦਾ ਵਿਕਾਸ ਕਰਦੇ ਹਨ। ਖੜੌਤ ਸਭਿਆਚਾਰਾਂ ਵਿਚ ਤਬਦੀਲੀ ਏਨੀ ਹੌਲੀ ਅਤੇ ਲੰਮੇ ਸਮੇਂ ਉੱਤੇ ਫੈਲੀ ਹੁੰਦੀ ਹੈ ਕਿ ਇਹ ਮਹਿਸੂਸ ਹੀ ਨਹੀਂ ਹੁੰਦੀ ਜਦਕਿ ਦੂਜੇ ਸਭਿਆਚਾਰ ਏਨੀ ਤੇਜ਼ੀ ਨਾਲ ਬਦਲ ਰਹੇ ਹੁੰਦੇ ਕਿ ਪਹਿਲੇ ਸਭਿਆਚਾਰ ਖੜੋਤ ਦੀ ਅਵਸਥਾ ਵਿਚ ਲੱਗਦੇ ਹਨ ਪਰ ਇਹ ਖੜੋਤ ਦੀ ਅਵਸਥਾ ਵਿਚ ਲੱਗਦੇ ਸਭਿਆਚਾਰ ਵੀ ਨਿਰੰਤਰ ਪਰਿਵਰਤਨ ਵਿਚੋਂ ਲੰਘ ਰਹੇ ਹੁੰਦੇ ਹਨ।

ਪ੍ਰੋਵਿਗਿਆਨੀ ਦੇ ਹਵਾਲੇ ਨਾਲ ਸਭਿਆਚਾਰਕ -ਵਿਗਿਆਨੀ ਅਤੇ ਮਾਨਵ-ਗੁਰਬਖਸ਼ ਸਿੰਘ ਫਰੈਂਕ ਸਮਾਜ . ਪਰਿਵਰਤਨ ਦੇਕਾਰਨਾਂ ਨੂੰ ਤਿੰਨ ਹਿੱਸਿਆ ਵਿਚ ਵੰਡਦੇ ਹਨ:

1. ਪ੍ਰਕਿਰਤਕ ਮਾਹੌਲ ਵਿਚ ਆਏ ਪਰਿਵਰਤਨ
2. ਸਮਾਜ ਦੇ ਅੰਦਰੋਂ ਪੈਦਾ ਹੋਏ ਕਾਰਨ
3. ਸਮਾਜ ਦੇ ਬਾਹਰੋਂ ਆਏ ਕਾਰਨ

ਉਪਰੋਕਤ ਕਾਰਨ ਕਿਸੇ ਸਮਾਜ ਦੇ ਸਭਿਆਚਾਰ ਵਿਚ ਪਰਿਵਰਤਨ ਦੇ ਪ੍ਰਮੁੱਖ ਕਾਰਨਾਂ ਵਜੋਂ ਕਿਰਿਆਸ਼ੀਲ ਭੂਮਿਕਾ ਨਿਭਾਉਂਦੇ ਹਨ। ਇਸ ਵਿਚ ਪ੍ਰਕਿਰਤਕ ਦਾ ਕਾਰਨ ਅਹਿਮ ਰੋਲ ਅਦਾ ਕਰਦਾ ਹੈ। ਕੁਦਰਤੀ ਵਰਤਾਰੇ ਕਾਰਨ ਇਕ ਪੂਰੇ ਮਨੁੱਖਾਂ ਸਮੂਹ ਨੂੰ ਆਪਣਾ ਰਿਹਾਇਸ਼ਸਥਾਨ ਬਦਲਣਾ ਪੈਂਦਾ ਹੈ-। ਦੂਜੇ ਦੋ ਕਾਰਨ ਮਹੱਤਵਪੂਰਨ ਹਨ ਅਤੇ ਨਿਰੰਤਰ ਕਿਰਿਆਸ਼ੀਲ ਰਹਿੰਦੇ ਹਨ। ਇਸ ਚੋਂ ਪਹਿਲਾ ਕਾਰਨਕਾਢ ਜਾਂ ਲੱਭਤ ,ਜੋ ਸਮਾਜ ਦੇ ਆਪਣੇ ਹੀ ਅੰਦਰੋਂ ਪੈਦਾ ਹੁੰਦਾ ਹੈ , ਦਾ ਹੈ। ਕਾਢ ਜਾਂ ਲੱਭਤ ਦੋ ਤਰ੍ਹਾਂ ਦੀ ਹੋ ਸਕਦੀ ਹੈਇਕ ਜਦੋਂ ਵਸਤੂ ਪ੍ਰਕਿਰਤੀ ਵਿਚ ਤਾਂ ਹੁੰਦੀ ਹੈ ਪਰ ਅਜੇ ਮਨੁੱਖੀ ,

ਗਿਆਨ ਅਤੇ ਵਰਤੋਂ ਦਾ ਹਿੱਸਾ ਨਹੀਂ ਬਣੀ। ਦੂਜਾਜਦੋਂ ਕੋਈ ਵਸਤੂ ਮਨੁੱਖੀ ਗਿਆਨ ਅਤੇ ਵਰਤੋਂ ਦਾ ਭਾਗ ਤਾਂ ਪਹਿਲਾ , ਹੁੰਦੀ ਹੈ ਪਰ ਇਸ ਸਮੁੱਚੀ ਵਸਤੂ ਨੂੰ ਜਾਂ ਇਸ ਦੇ ਅੰਸ਼ਾਂ ਨੂੰ ਨਵੀਂ ਤਰ੍ਹਾਂ ਸੁਮੇਲ ਕੇ ਨਵੀਂ ਵਰਤੋਂ ਵਿਚ ਲਿਆਦਾ ਜਾਂਦਾ ਹੀ ਹੈ। ਕਾਢ ਜਾਂ ਲੱਭਤ ਦਾ ਸੰਕਲਪ ਸਿਰਫ ਪਦਾਰਥਕ ਸਭਿਆਚਾਰ ਵਿਚ ਹੀ ਕੰਮ ਨਹੀਂ ਕਰਦਾ ਸਗੋਂ ਗੈਰਪਦਾਰਥਕ - ਖੇਤਰਾਂ ਵਿਚ ਵੇਖਿਆ ਜਾ ਸਕਦਾ ਹੈ। ਮਨੁੱਖ ਸਿਰਫ ਆਪਣੇ ਪਦਾਰਥਕ ਜੀਵਨ ਨੂੰ ਹੀ ਬੇਹਤਰ ਨਹੀਂ ਬਣਾਉਂਦਾ ਸਗੋਂ ਸਮਾਜਿਕ ਸੰਗਠਨ ਵਿਚਰੀਤਾਂ ਘੜਣ ਵਿਚ ਵੀ ਤਜ਼ਰਬੇ -ਨਵੀਆਂ ਰਹੁ ,ਸੰਸਥਾਵਾਂ ਸਿਰਜਨ ਅਤੇ ਬਦਲਣ ਵਿਚ , ਕਰਦਾ ਹੈ।

ਸਮਾਜ ਤੋਂ ਬਾਹਰਲੇ ਕਾਰਨਾਂ ਨੂੰ ਪਹਿਲੀ ਥਾਂ ਦਿੱਤੀ ਗਈ ਹੈ। ਜਦੋਂ ਸਮਾਜ ਵਲੋਂ ਕੀਤੀ ਗਈ ਕਾਢ ਨੂੰ ਦੂਜੇ ਸਮਾਜ ਅਪਣਾ ਲੈਣ ਤਾਂ ਇਸ ਅਮਲ ਨੂੰ ਖਿਡਾਅ ਜਾਂ ਅੰਸ਼ਜ ਦੇ ਜੀਵਨ ਵਿਚਲੇ ਕਿਸੇ ਪਾਸਾਰ ਕਹਿੰਦੇ ਹਨ। ਇਕ ਸਮਾ-ਵੀ ਖੇਤਰ ਦੇ ਸਭਿਆਚਾਰਕ ਅੰਸ਼ਾ ਨੂੰ ਦੂਜੇ ਸਮਾਜ ਦੇ ਮੈਂਬਰਾਂ ਵਲੋਂ ਆਪਣਾ ਲਿਆ ਜਾਣਾ ਇਸੇ ਹੀ ਪ੍ਰਕਿਰਿਆ ਵਿਚ ਆਉਂਦਾ ਹੈ। ਕਈ ਸਮਾਜ ਵਿਗਿਆਨੀ ਅਤੇ ਮਾਨਵ ਵਿਗਿਆਨੀ ਤਾਂ ਇਸ ਪ੍ਰਕਿਰਿਆ ਨੂੰ ਏਨਾ ਮਹੱਤਵ ਦੇਂਦੇ ਹਨ ਕਿ ਇਸ ਨੂੰ ਸਭਿਆਚਾਰਕ ਪਰਿਵਤਰਨ ਦਾ ਮੁੱਖ ਕਾਰਨਦੇ ਹਨ। ਸਭਿਆਚਾਰਕ ਸਗੋਂ ਕਈ ਤਾਂ ਇਕ ਕਾਰਨ ਮੰਨ , ਪਰਿਵਤਨ ਦਾ ਇਕ ਨੁਕਤਾ ਇਸ ਦੇ ਸਭਿਆਚਾਰੀਕਰਨ ਨਾਲ ਵੀ ਸੰਬੰਧਤ ਹੈ। ਜਿਸ ਵਿਚ ਸ਼ਹਿਰੀਕਰਨ , ,ਮਸ਼ੀਨੀਕਰਨਪੱਛਮੀਕਰਨ ਆਦਿ ਪਹਿਲੂ ਜੁੜੇ ਹੋਏ ਹਨ। ਇਸ ਅਮਲ ਵਿਚ ਦੋਹਾਂ ਸਭਿਆਚਾਰਾਂ ਵਿਚ ਤਬਦੀਲੀਆਂ ਵਾਪਰਦੀਆਂ ਹਨ। ਇਹ ਤਬਦੀਲੀ ਭਾਵੇਂ ਇਕ ਪਾਸੇ ਉਘੜਵੀਂ ਹੋਵੇ ਅਤੇ ਦੂਜੇ ਪਾਸੇ ਨਾਮਮਾਤਰ ਹੋਵੇ-। ਇਸ ਦਾ ਅਮਲ ਇਕ ਸਭਿਆਚਾਰ ਦੇ ਦੂਜੇ ਸਭਿਆਚਾਰ ਵਿਚ ਜਜ਼ਬ ਹੋ ਜਾਣ ਵਿਚ ਹੀ ਹੁੰਦਾ ਹੈ ਜਿਸ ਨੂੰ ਅੰਗਰੇਜ਼ੀ ਵਿਚ ਦਾ ਨਾਂ 'ਅਸਿਮੀਲੇਸ਼ਨ' ਦਿੱਤਾ ਜਾਂਦਾ ਹੈ। ਸਭਿਆਚਾਰੀਕਰਨ ਤੋਂ ਪੈਦਾ ਹੋਏ ਪਰਿਵਰਤਨ ਨੂੰ ਠੀਕ ਤਰ੍ਹਾਂ ਜਾਣਨ ਲਈ ਪੂਰੇ ਦੇ ਪੂਰੇ ਸੰਬੰਧਤ ਸਭਿਆਚਾਰਾਂ ਵਿਚ ਆਈਆਂ ਤਬਦੀਲੀਆਂ ਦਾ ਨਿਰੀਖਣ ਕਰਨਾ ਜਰੂਰੀ ਹੈ।

ਪ੍ਰੋ:ਦਰ ਸਿੰਘ ਖਾਹਰਾ ਸਭਿਆਚਾਰਕ ਪਰਿਵਰਤਨ ਦੇ ਕਾਰਨਾਂ ਨੂੰ ਦੋ ਭਾਗਾਂ ਵਿਚ ਤਸਦੀਕ ਕਰਦੇ ਹਨਭੁਪਿੰ .

1. ਸਭਿਆਚਾਰਕ ਨਿਰੂਪਣ
2. ਸਭਿਆਚਾਰਕ ਰੂਪਾਂਤਰਨ

ਸਭਿਆਚਾਰਕ ਨਿਰੂਪਣ ਤੋਂ ਭਾਵ ਕਿਸੇ ਨਵੇਂ ਸਭਿਆਚਾਰ ਦੀ ਸਿਰਜਨਾ ਨਹੀਂ ਹੈ। ਇਸ ਪ੍ਰਕਿਰਿਆ ਵਿਚ ਉਨ੍ਹਾਂ ਪਰਿਵਰਤਨਾਂ ਨੂੰ ਸ਼ਾਮਿਲ ਕੀਤਾ ਗਿਆ ਹੁੰਦਾ ਹੈ ਜਿਹੜੇ ਸਥਾਪਿਤ ਸਭਿਆਚਾਰਕ ਪਰੰਪਰਾ ਦੇ ਪ੍ਰਸੰਗ ਤੋਂ ਹੱਟ ਕੇ ਆਉਂਦੇ ਹਨ। ਇਹ ਪਰਿਵਰਤਨ ਸਮੇਂ ਦੇ ਸਭਿਆਚਾਰ ਵਿਚ ਪ੍ਰਚਿਲਤ ਵਿਭਿੰਨ ਕਦਰਾਂਕੀਮਤਾਂ ਦੇ ਸੰਸ-ਲੇਸ਼ਣ ਚੋਂ ਵੀ ਆ ਸਕਦੇ ਹਨ। ਦੋ ਪ੍ਰਚੱਲਤ ਸਭਿਆਚਾਰਾਂ ਦੀ ਆਪਸੀ ਟੱਕਰ ਚੋਂ ਨਵੀਂ ਪਰੰਪਰਾ ਲੱਭਣ ਦੇ ਯਤਨ ਸਦਕਾ ਵੀ ਪਰਿਵਰਤਨ ਆ ਸਕਦੇ ਹਨ। ਸਭਿਆਚਾਰਕ ਨਿਰੂਪਣ ਦੋ ਪ੍ਰਚਲਤ ਪਰੰਪਰਾਵਾਂ ਦੇ ਏਕੀਕਰਨ ਦੇ ਯਤਨ ਦਾ ਵੀ ਸਿੱਟਾ ਹੋ ਸਕਦਾ ਹੈ।

ਸਭਿਆਚਾਰਕ ਰੂਪਾਂਤਰਨ ਤੋਂ ਭਾਵ ਸਭਿਆਚਾਰ ਵਿਚ ਆਉਣ ਵਾਲੇ ਪਰਿਵਤਨਾਂ ਲਈ ਵਰਤਿਆਂਜਾਂਦਾ ਹੈ , ,ਇਨ੍ਹਾਂ ਪਰਿਵਰਤਨਾਂ ਸਦਕਾ ,ਨਜਿਹੜਾ ਸਭਿਆਚਾਰ ਦੀ ਮੂਲ ਪਰੰਪਰਾ ਦੇ ਅੰਤਰਗਤ ਨਿਰੰਤਰ ਆਉਂਦੇ ਰਹਿੰਦੇ ਹ ਪੁਰਾਣੇ ਤੱਤ ਨਵਾਂ ਪ੍ਰਸੰਗ ਧਾਰਨ ਕਰਦੇ ਹਨ। ਬੇਲੋੜੇ ਤੱਤ ਆਪਣਾ ਨਿਖੇਧ ਕਰਦੇ ਹਨ। ਪੁਰਾਤਨ ਅਤੇ ਪਰੰਪਰਾਗਤ ਕਦਰਾਂ ਕੀਮਤਾਂ ਦੇ ਪ੍ਰਸੰਗ ਵਿਚ ਨਵੀਆਂ ਕਦਰਾਂ ਕੀਮਤਾਂ ਸਿਰਜੀਆਂ ਜਾਂਦੀਆ ਹਨ। ਪੁਰਾਣੇ ਰੂਪਾਂ ਨੂੰ ਆਧਾਰ ਬਣਾਕੇ ਨਵੇਂ ਰੂਪਾਂ ਦੀ ਸਿਰਜਣ ਪ੍ਰਕਿਰਿਆ ਨੂੰ ਹੀ ਰੂਪਾਂਤਰਨ ਕਿਹਾ ਜਾਂਦਾ ਹੈ। ਰੂਪਾਂਤਰਨ ਨਿਰੰਤਰ ਪ੍ਰਕਿਰਿਆ ਹੈ ਜਾਂ ਕਿਹਾ

ਜਾ ਸਕਦਾ ਹੈ ਕਿ ਸਭਿਆਚਾਰ ਦੇ ਵਿਕਾਸ ਦੀ ਧੀਮੀ ਪ੍ਰਕਿਰਿਆ ਹੈ। ਸਭਿਆਚਾਰ ਦੇ ਇਹ ਦੋਵੇਂ ਪਰਿਵਰਤਨ ਇੱਕ ਦੂਸਰੇ ਨਾਲ ਸੰਬੰਧਤ ਹਨ।

ਸਾਰੀ ਸਮਾਜਿਕ ਅਤੇ ਸਭਿਆਚਾਰਕ ਤਬਦੀਲੀਪਦਾਰਥਕ ਜੀਵਨ ਤੋਂ ਸ਼ੁਰੂ ਹੁੰਦੀ ਹੈ। ਮਨੁੱਖ ਆਪਣਾ ਜੀਵਨ ਵਧੇਰੇ ਸੁਖਾਲਾ ਅਤੇ ਬੇਹਤਰ ਬਣਾਉਣ ਲਈ ਵੱਖੋਸੰਦਾਂ ਨੂੰ ਜਨਮ ਦੇਂਦਾ ਰਹਿੰਦਾ ,ਸਾਧਨਾਂ ,ਵੱਖਰੇ ਪਦਾਰਥਕ ਸ਼ਕਤੀਆਂ-ਹੈ। ਆਪਣੀਆਂ ਪਦਾਰਥਕ ਪ੍ਰਾਪਤੀਆਂ ਦੇ ਅਨੁਕੂਲ ਉਹ ਪ੍ਰਤਿਮਾਨਕ ਅਤੇ ਬੋਧਾਤਮਕ ਸਭਿਆਚਾਰ ਸਿਰਜ ਲੈਂਦਾ ਹੈ। ਪ੍ਰਤਿਮਾਨਕ ਅਤੇ ਬੋਧਾਤਮਕ ਸਭਿਆਚਾਰ ਇਕ ਵਾਰ ਹੋਂਦ ਵਿਚ (ਸਮਾਜਿਕ ਸੰਬੰਧ ਅਤੇ ਫਲਸਫਾ ,ਸੰਸਥਾਵਾਂ ,ਕਾਨੂੰਨ) ਸਭਿਆਚਾਰ ਨੂੰ ਵੀ ਨਿਯਮਿਤ ਅਤੇ ਨਿਯੰਤ੍ਰਿਤ ਕਰਨ ਅਤੇ ਸਮਾਜਿਕ ਸਥਿਰਤਾ ਅਤੇ ਸੰਤੁਲਨ ਆਏ ਪਦਾਰਥਕ ,ਕਾਇਮ ਰੱਖਣ ਵਿਚ ਰੁਚੀ ਰੱਖਦੇ ਹਨ। ਸਭਿਆਚਾਰ ਦੇ ਤਿੰਨ ਅੰਗਾਂ ਦਾ ਸੰਤੁਲਨ ਪ੍ਰਤੱਖ ਤੌਰ ਤੇ ਬਣਿਆ ਰਹਿੰਦਾ ਹੈ ਜਿਸ ਦਾ ਅਰਥ ਹੈ ਕਿ ਪਦਾਰਥਕ ਸਭਿਆਚਾਰ ਵਿਚਲੀਆਂ ਤਬਦੀਲੀਆਂ ,ਜੋ ਕਿ ਨਿਰੰਤਰ ਚਲਦੀਆਂ ਰਹਿੰਦੀਆਂ ਹਨ , ਜੇ ਅੰਗਾਂ ਨਾਲ ਉਘੜਵੇਂ ਵਿਰੋਧ ਵਿਚ ਨਹੀਂ ਆਉਂਦੀਆਂਸਭਿਆਚਾਰ ਦੇ ਦੂ। ਅੱਜ ਦੇ ਸੰਸਾਰ ਅਵਸਥਾ ਵਿਚ ਬਹੁਤ ਸਾਰੇ ਘੋਲ ਸਭਿਆਚਾਰਕ ਪਿੜ੍ਹ ਵਿਚ ਘੁਲੇ ਜਾਂਦੇ ਹਨ। ਕੌਮੀ ਸਭਿਆਚਾਰਾਂ ਦੇ ਖੇਤਰ ਵਿਚ ਵੀ ਚਲ ਰਹੇ ਅਮਲ ਕੌਮਾਂਤਰੀ ਪਿੜ੍ਹ ਵਿਚ ਚਲ ਰਹੇ ਅਮਲਾਂ ਤੋਂ ਪ੍ਰਭਾਵਿਤ ਹੁੰਦੇ ਹਨ। ਸਭਿਆਚਾਰ ਵਿਚ ਸਮੇਂ ਦੀ ਗਤੀ ਨਾਲ ਧੀਮੇ ਤੇ ਤੇਜ਼ ਦੋਹਾਂ ਪ੍ਰਕਾਰ ਨਾਲ ਪਰਿਵਰਤਨ ਆਉਂਦੇ ਹਨ।

## ਭਾਗ ਅ (3)

## ਪੰਜਾਬੀ ਸਭਿਆਚਾਰ ਦੇ ਨਿਖੜਵੇਂ ਲੱਛਣ

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਪੰਜਾਬੀ ਸਭਿਆਚਾਰ ਦੇ ਨਿਖੜਵੇਂ ਲੱਛਣ ਬਾਰੇ ਜਾਣਕਾਰੀ ਦੇਣਾ ਹੈ।

ਸੰਸਾਰ ਦੇ ਸਾਰੇ ਸਭਿਆਚਾਰ ਦੀ ਸਿਰਜਣ ਪ੍ਰਕਿਰਿਆ ਇਕ ਹੈ ਪਰ ਹਰ ਸਮਾਜ ਦੇ ਸਭਿਆਚਾਰਾਂ ਵਿਚ ਵਿਭਿੰਨਤਾ ਪਾਈ ਜਾਂਦੀ ਹੈ। ਇਸ ਵਿਭਿੰਨਤਾ ਦਾ ਕਾਰਨ ਸੰਸਾਰ ਦੇ ਹਰ ਖਿੱਤੇ ਦੇ ਲੋਕ ਇਕੋ ਵਸਤੂ ਨੂੰ ਸਮਾਨ ਢੰਗ ਨਾਲ ਅਨੁਭਵ ਨਹੀਂ ਕਰਦੇ। ਸਭਿਆਚਾਰ ਮਨੁੱਖੀ ਨਸਲ ਦਾ ਸਰਵਵਿਆਪੀ ਲੱਛਣ ਹੈ-। ਸਭਿਆਚਾਰ ਸਰਬਵਿਆਪਕ ਹੋਣ - ਦੇ ਬਾਵਜੂਦ ਹਰ ਸਭਿਆਚਾਰ ਦੀ ਆਪਣੀ ਨਿਵੇਕਲੀ ਹੋਂਦ ਅਤੇ ਪਛਾਣ ਹੁੰਦੀ ਹੈ। ਸਭਿਆਚਾਰ ਆਪਣੇ ਸਮੇਂ ਅਤੇ ਇਤਿਹਾਸਕ ਪੜਾਅ ਦੇ ਮੁਤਾਬਕ ਇਕ ਪੂਰਨ ਇਕਾਈ ਹੁੰਦਾ ਹੈ। ਹਰ ਸਭਿਆਚਾਰ ਇਕਦੂਜੇ ਵਰਗੇ ਹੁੰਦਾ ਹੋਇਆ ਵੀ - ਜੋਲ ਰਾਹੀਂ ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਹੋਏ ਆਪਣੀ ਵਿਲੱਖਣ -ਇਕ ਦੂਜੇ ਤੋਂ ਵੱਖਰੇ ਹੁੰਦੇ ਹਨ ਅਤੇ ਪਰਸਪਰ ਮੇਲ ਹੋਂਦ ਬਣਾਈਰੱਖਦੇ ਹਨ। ਦੁਨੀਆਂ ਭਰ ਦੇ ਸਮਾਜਜੀਆਂ ਸਭਿਆਚਾਰ ਵਿਚ ਜਗਤ ਬਾਰੇ ਅਪਣੀਆਂ ਧਾਰਨਾਵਾਂ ਸਿਰ- ਹੋਈਆਂ ਹਨ। ਇਹ ਵੱਖਵੱਖ ਧਾਰਨਾਵਾਂ ਹੀ ਨਿੱਖੜਵੇਂ ਸਭਿਆਚਾਰ ਦੇ ਲੱਛਣਾਂ ਦੀ ਸਿਰਜਨਾ ਕਰਦੀਆਂ ਹਨ। ਕਈ - ਚਿੰਤਕ ਨੇ ਇਨ੍ਹਾਂ ਨਿੱਖੜਵੇਂ ਲੱਛਣਾਂ ਨੂੰ ਪਛਾਣ ਚਿੰਨ੍ਹਾਂ ਦਾ ਨਾਮ ਦਿੱਤਾ ਹੈ। ਹਰ ਚਿੰਨ੍ਹਹਰ ਰਚਨਾ ਦੀ ,ਹਰ ਵਿਅਕਤੀ , ਪਛਾਣ ਉਸਦੇ ਨਿੱਖੜਵੇਂ ਲੱਛਣਾਂ ਦੁਆਰਾ ਹੀ ਸੰਭਵ ਹੈ। ਹਰ ਸਭਿਆਚਾਰ ਦੇ ਨਿੱਖੜਵੇਂ ਵਿਚ ਪਿੰਡ ,ਪਰਿਵਾਰ , ,ਪੀਣ ਅਤੇ ਧਰਮ ਆਦਿ ਗਿਣੇ ਜਾ ਸਕਦੇ ਹਨ-ਖਾਣ ,ਤੋਹਫੇ ,ਸ਼ਿੰਗਾਰ-ਹਾਰ ,ਨਾਤਾ-ਰਿਸ਼ਤਾ ,ਪਰਿਰਾਵਾ ,ਰਹਾਇਸ਼ ਜਿਹੜੇ ਪੰਜਾਬੀ ਸਭਿਆਚਾਰ ਨੂੰ ਇੱਕ ਵਿਲੱਖਣ ਦਿੱਖ ਦੇਂਦੇ ਹਨ।

ਸਭਿਆਚਾਰ ਦੇ ਉਕਤ ਅੰਗਾਂ ਦੇ ਨਿੱਖੜਵੇਂ ਲੱਛਣਾਂ ਦਾ ਅਧਿਐਨ ਕਰਦੇ ਹੋਏਪਰੰਪਰਾ ਤੋਂ ਤੁਰੇ ਆ ਲੱਛਣਾਂ ਨੇ , -ਦੇ ਇਹ ਅੰਗ ਵਿਆਪਕ ਲੱਛਣ ਮਿਥੇ ਜਾ ਸਕਦੇ ਹਨ। ਇਸ ਵਿਚ ਪੰਜਾਬੀ ਸਭਿਆਚਾਰ ਦੀ ਵੰਨ ਪੰਜਾਬੀ ਸਭਿਆਚਾਰ ਸੁਵੰਨਤਾ ਦਾ ਪਰਿਪੇਖ ਉਜਾਗਰ ਹੁੰਦਾ ਹੈ। ਇਨ੍ਹਾਂ ਅੰਗਾਂ ਦਾ ਵਿਸ਼ਲੇਸ਼ਣ ਹੇਠ ਅਨੁਸਾਰ ਕੀਤਾ ਗਿਆ ਹੈ।

**ਪਿੰਡ:**

ਪੰਜਾਬ ਵਿਚ ਪਰਿਵਾਰ ਅਤੇ ਸ਼ਰੀਕੇ ਤੋਂਵੱਡੀ ਸਮਾਜਿਕ ਇਕਾਈ ਪਿੰਡ ਹੈ। ਪਿੰਡ ਦੋ ਵੰਨਗੀਆਂ ਹਨ। ਇਕ ਵੰਨਗੀ ਵਿਚ ਨਗਰ ਆਉਂਦੇ ਹਨ ਅਤੇ ਦੂਸਰੇ ਵਿਚ ਮਾਜਰੇ। ਨਗਰ ਵੱਡੇ ਪਿੰਡ ਹੁੰਦੇ ਹਨ। ਇਹ ਨਗਰ ਪਿੰਡ ਕਈ ਪੱਤੀਆਂ ਚੋਂ ਵੰਡੇ ਹੁੰਦੇ ਹਨ। ਹਰ ਪੱਤੀ ਇੱਕ ਛੋਟੇ ਪਿੰਡ ਦੀ ਤਰ੍ਹਾਂ ਸੁਤੰਤਰ ਹੁੰਦੀ ਹੈ'। ਇਹ ਪੱਤੀਆਂ ਜਿਹੜੀਆਂ ਦਸ ਜਾਂ ਬਾਰਾਂ ਤਕ ਹੋ ਸਕਦੀਆਂ ਹਨ ,ਰਲ ਕੇ ਨਗਰ ਪਿੰਡ ਦੀ ਸਿਰਜਣਾ ਕਰਦੀਆਂ ਹਨ। ਹਰ ਪੱਤੀ ਦਾ ਇੱਕ ਪ੍ਰਮੁੱਖ ਦੁਆਰ ਹੁੰਦਾ ਹੈ ਜਿਸ ਨੂੰ ਦਰਵਾਜ਼ਾ ਕਿਹਾ ਜਾਂਦਾ ਹੈ।

ਛੋਟੇ ਤੇ ਦਰਮਿਆਨੇ ਪਿੰਡ ਮਾਜਰਿਆਂ ਵਿਚ ਗਿਣੇ ਜਾਂਦੇ ਹਨ। ਹਰ ਪਿੰਡ ਦਾ ਇੱਕ ਪ੍ਰਮੁੱਖ ਦੁਆਰ ਹੁੰਦਾ ਹੈ , ਜਿਸ ਨੂੰ ਦਰਵਾਜ਼ਾ ਕਿਹਾ ਜਾਂਦਾ ਹੈ। ਇਸ ਤੋਂ ਬਾਹਰ ਪਾਣੀ ਭਰਨ ਲਈ ਖੂਹ ਹੁੰਦਾ ਹੈ। ਦਰੱਖਤ ਖਾਸ ਕਰ ਪਿੱਪਲ ਜਾਂ ਬੋਹੜ ਹੁੰਦੇ ਹਨ। ਇਹਨਾਂ ਦਰਖਤਾਂ ਹੇਠ ਥੜ੍ਹੇ ਬਣੇ ਹੁੰਦੇ ਹਨਜਿੱਥੇ ਪਿੰਡ ਦੇ ਲੋਕ ਗਰਮੀ ਤੋਂ ਬਚਣ ਲਈ ਆ ਬੈਠਦੇ , ਹਨ। ਧਰਮਸ਼ਾਲਾ ਵੀ ਪਿੰਡ ਵਿਚ ਹੁੰਦੀ ਹੈ। ਜਿਹੜੀ ਸਾਂਝੀ ਹੁੰਦੀ ਹੈ ਜੋ ਖੁਸ਼ੀ ਤੇ ਗਮੀ ਦੇ ਮੌਕੇ ਵਰਤੋਂ ਜਾਂਦੀ ਹੈ।

ਪੰਜਾਬ ਦੇ ਪੇਂਡੂ ਸਮਾਜ ਵਿਚ ਮੁੱਖ ਰੂਪ ਵਿਚ ਦੋਸ਼੍ਰੇਣੀਆਂ ਮਿਲਦੀਆਂ ਹਨ। ਇਕ ਕਾਸ਼ਤਕਾਰ ਅਤੇ ਦੂਜੀ ਕਾਸ਼ਤਕਾਰ ਵਰਗ ਉੱਤੇ ਨਿਰਭਰ ਕਰਨ ਵਾਲੀ ਸ਼੍ਰੇਣੀ। ਇਨ੍ਹਾਂ ਨੂੰ ਕ੍ਰਮਵਾਰ ਦੇ ਰੂਪ ਵਿਚ 'ਲਾਗੀ' ਕਿਰਸਾਨੀ ਅਤੇ' ਵੰਡਿਆ ਜਾਂਦਾ ਹੈ। ਲਾਗੀ ਵਰਗ ਵਿਚ ਲੁਹਾਰਜੁਲਾਹੇ ਅਤੇ ਤੇਲੀ ,ਸੇਪੀ ,ਘੁਮਿਆਰ ,ਝਿਊਰ ,ਛੀਂਬੇ ,ਨਾਈਂ ,ਤਰਖਾਣ , ਆਦਿ ਸ਼ਾਮਿਲ ਹੁੰਦੇ ਹਨ। ਇਹ ਕਾਸ਼ਤਕਾਰ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਦੇ ਹਨ। ਇਸ ਸ਼੍ਰੇਣੀ ਨੂੰ ਇਨ੍ਹਾਂ ਦੀਆਂ ਸੇਵਾਵਾਂ ਦੇ ਬਦਲੇ ਛਿਮਾਹੀ ਜਿਨਸ ਦਾ ਕੁਝ ਹਿੱਸਾ ਦੇਂਦੇ ਹਨ। ਇਸ ਪ੍ਰਕਾਰ ਪੰਜਾਬ ਦੇ ਪਿੰਡ ਦਾ ਸਰੂਪ /ਸ਼੍ਰੇਣੀ ਵਰ੍ਹੇ 'ਕਿਰਸਾਣ' ਆਪਣੀ ਵਿਲੱਖਣ ਪਹਿਚਾਣ ਦਾ ਧਾਰਨੀ ਹੈ। ਆਪਸੀ ਨਿਰਭਰਤਾ ਪੰਜਾਬ ਦੇ ਪਿੰਡ ਸਭਿਆਚਾਰ ਦਾ ਵਿਸ਼ੇਸ਼ ਲੱਛਣ ਹੈ। ਪੰਚਾਇਤ ਪ੍ਰਣਾਲੀ ਆਉਣ ਤੋਂ ਪਹਿਲਾਂ ਪਿੰਡ ਵਿਚ ਚੌਧਰੀਜ਼ੈਲਦਾਰ ਜਾਂ ਕਬੀਲੇ ਦੇ ਸਰਦਾਰ ,ਲੰਬੜਦਾਰ ,ਸਫੈਦਪੋਸ਼ , ਹੁੰਦੇ ਸਨ। ਇਹ ਲੋਕ ਪਿੰਡ ਦੀ ਮਾਣਮਰਿਆਦਾ ਕਾਇਮ ਰੱਖਦੇ ਸਨ-। ਇਕ ਪਹਿਲੂ ਪੰਜਾਬ ਦੇ ਪਿੰਡਾਂ ਦੀ ਨਾਵਾਂ ਦੀ ਸਭਿਆਚਾਰਕ ਪਛਾਣ ਵੱਖਰੀ ਹੈ। ਪੰਜਾਬ ਦੇ ਕਈ ਪਿੰਡਾਂ ਦੇ ਨਾਂ ਦਰੱਖਤਾਂਜਾਤਾਂ ਅਤੇ ਇਤਿਹਾਸਕ ਘਟਨਾ/ਗੋਤਾਂ , ਨਾਲ ਨਾਮ ਰੱਖੇ ਗਏ ਹਨ। ਅਜੋਕੇ ਸਮੇਂ ਦੇ ਬਦਲੇ ਵੇਗ ਵਿਚ ਪੰਜਾਬ ਦੇ ਪਿੰਡ ਸਭਿਆਚਾਰ ਦਾ ਮੁਹਾਂਦਰਾ ਬਦਲ ਗਿਆ। ਇਸ ਉੱਤੇ ਕਈ ਪ੍ਰਕਾਰ ਦੇ ਪ੍ਰਭਾਵ ਪਏ ਹਨਜਿਸ ਨਾਲ ਪਿੰਡ ਸਭਿਆਚਾਰ ਦਾ ਮਾਹੌਲ ਪਹਿਲੇ ਨਾਲੋਂ ਪਰਿਵਰਤਨ ਦੀ , ਦਿਸ਼ਾ ਵਿਚ ਹੋ ਗਿਆ ਹੈ।

**ਪਰਿਵਾਰ:**

ਸਮਾਜਿਕ ਸੰਗਠਨ ਦੀ ਮੁੱਢਲੀ ਤੇ ਬੁਨਿਆਦੀ ਇਕਾਈ ਪਰਿਵਾਰ ਹੈ ਜੋ ਮਨੁੱਖ ਨੇ ਆਪਣੀਆਂ ਪੂਰਵਜ ਜੀਵ-ਜਾਤੀਆਂ ਤੋਂ ਗ੍ਰਹਿਣ ਕੀਤੀ ਹੈ। ਪੰਜਾਬ ਵਿਚ ਜ਼ਿਆਦਾ ਸੰਯੁਕਤ ਪਰਿਵਾਰ ਦੀ ਪ੍ਰਥਾ ਹੀ ਪ੍ਰਚਲਤ ਰਹੀ ਹੈ। ਇਹ ਪ੍ਰਥਾ ਵੈਦਿਕ ਕਾਲ ਸਮੇਂ ਹੋਈ ਸੀ। ਪਰਿਵਾਰ ਪਿਤਾ ਪੁਰਖ ਦੀ ਧਾਰਨਾ ਤੇ ਚਲਦਾ ਹੈ। ਇਸ ਚੋਂ ਪਰਿਵਾਰ ਦਾ ਮੁਖੀ ਸਿਆਣਾਵੱਡਾ ਹੁੰਦਾ ਹੈ ਜਿਸ ਨੂੰ ਆਮ ਭਾਸ਼ਾ ਵਿਚ ਲਾਣੇਦਾਰ/ ਆਖਿਆ ਜਾਂਦਾ ਹੈ। ਪਰਿਵਾਰ ਦੀ ਇਕਾਈ ਵਿਚ ਛੋਟੇ ਭਾਈਨੂੰਹਾਂ ਆਦਿ ਤਿੰਨ ਪੀੜੀਆਂ ਤਕ ਵੀ ਇਕੱਠੇ ਰਹਿੰਦੇ ਹਨ। ਸਾਂਝੇ ਪਰਿਵਾਰ ਵਿਚ ,ਭਰਜਾਈਆਂ ,ਪੁੱਤਰ ,ਭਤੀਜੇ , ਚਾਚੀ ਤਾਈ ਆਦਿ ਰਿਸ਼ਤੇ ਬਣਦੇ ਹਨ। ਪੰਜਾਬ ਦੀ ਪਰਿਵਾਰਕ ਇਕਾਈ ਵਿਚ ,ਭੈਣ ,ਭਰਾ ,ਤਾਇਆ ,ਚਾਚਾ ,ਪਿਉ ਅਲੱਗ ਰ-ਚਾਰ ਪ੍ਰਕਾਰ ਦੇ ਰਿਸ਼ਤੇ ਹੁੰਦੇ ਹਨ। ਜੋ ਅਲੱਗ ੂਪ ਵਿਚ ਜੁੜੇ ਹੁੰਦੇ ਹਨ। ਸਾਰਿਆਂ ਦੀ ਜਾਇਦਾਦ ਸਾਂਝੇ ਰੂਪ ਵਿਚ ਹੁੰਦੀ ਹੈ। ਸਾਰੇ ਰਲ ਕੇ ਕੰਮ ਕਰਦੇ ਹਨ। ਪਰਿਵਾਰ ਵਿਚ ਮਨੁੱਖੀ ਸੰਤਾਨ ਨੂੰ ਹੋਰ ਕਿਸੇ ਵੀ ਜਾਤੀ ਨਾਲੋਂ ਵਧੇਰੇ ਪਾਲਣਜਿਸ ਕਰਕੇ ਪਰਿਵਾਰ ਵਧੇਰੇ ਹੰਢਣਸਾਰ ਰੂਪ ਗ੍ਰਹਿਣ ਕਰ ਲੈਂਦਾ ਹੈ ਅਤੇ ਮਨੁੱਖ ਦੇ ,ਪੋਸ਼ਣ ਦੀ ਲੋੜ ਹੈ-ਸਮਾਜਿਕ ਸੰਗਠਨ ਦੀ ਬੁਨਿਆਦੀ ਸੰਸਥਾ ਹੋ ਨਿਬੜਦਾ ਹੈ।

ਮਨੁੱਖ ਦੀ ਮੁੱਢਲੀ ਸਭਿਆਚਾਰਕ ਸਿਖਲਾਈ ਵਿਚ ਪਰਿਵਾਰ ਬੁਨਿਆਦੀ ਭੂਮਿਕਾ ਨਿਭਾਉਂਦਾ ਹੈ। ਪਰਿਵਾਰ ਮਨੁੱਖ ਦੀਆਂ ਜਿਨਸੀਆਰਥਿਕ ਅਤੇ ਭਾਵੁਕ ਲੋੜਾਂ ਦੀ ਪੂਰਤੀ ਦਾ ਪ੍ਰਬੰਧ ਰੂਪ ਹੈ ,ਸਮਾਜਿਕ ,। ਆਧੁਨਿਕ ਕਾਲ ਤੋਂ ਪਹਿਲਾਂ ਦੇ ਸਮਾਜਾਂ ਵਿਚ ਤਾਂ ਵਿਅਕਤੀ ਦਾ ਸਮੁੱਚਾ ਜੀਵਨ ਹੀ ਪਰਿਵਾਰਕ ਪਰੰਪਰਾਵਾਂ ਦੇ ਅਧੀਨ ਸੀਉਹ - ਉਸ ਦੀ ,ਪਰਿਵਾਰਕ ਪ੍ਰਥਾ ਅਨੁਸਾਰ ਵਿਆਹ ਕਰਵਾਉਂਦਾ ਸੀ ,ਪਰਿਵਾਰਕ ਕਿੱਤਾ ਸਿੱਖਦਾ ਅਤੇ ਅਪਣਾਉਂਦਾ ਸੀ ਸਮਾਜਿਕ ਹੈਸੀਅਤ ਵੀ ਪਰਿਵਾਰਕ ਹੈਸੀਅਤ ਤੇ ਅਧਾਰਿਤ ਸੀ ਅਤੇ ਉਸ ਦੀ ਹੋਂਦ ਪਰਿਵਾਰ ਦੀ ਹੋਂਦ ਨਾਲੋਂ ਵੱਖਰੀ ਨਹੀਂ ਸੀ। ਆਧੁਨਿਕ ਯੁੱਗ ਵਿਚ ਪਰਿਵਾਰ ਦੀ ਅਹਿਮੀਅਤ ਘੱਟ ਗਈ ਹੈ।

ਪੰਜਾਬੀ ਪਰਿਵਾਰਇੱਕ ਵਿਲੱਖਣ ਇਕਾਈ ਹੈ ਇਸ ਵਿਚ ਵਿਆਹ ਦੁਆਰਾ ਸਿਰਜੇ ਗਏ ਰਿਸ਼ਤਿਆਂ ਅਤੇ ਖ਼ੂਨ ਦੇ ਰਿਸ਼ਤਿਆਂ ਵਿਚਕਾਰ ਵੱਖਰੇਵਾਂ ਹੈ। ਦੱਖਣੀ ਭਾਰਤ ਵਿਚ ਇਹ ਵੱਖਰੇਵਾਂ ਨਹੀਨ ਕੀਤਾ ਜਾਂਦਾ। ਪੰਜਾਬ ਦੀਆਂ ਕਈ ਜਾਤਾਂ ਵਿਚ ਇਹ ਵੱਖਰੇਵਾਂ ਕਰਨਾ ਸੰਭਵ ਨਹੀਂ ਪਰ ਹੁਣ ਵਿਦਿਆ ਦੇ ਪਾਸਾਰ ਸਦਕਾਪੂੰਜੀਵਾਦੀ ਪ੍ਰਬੰਧ ਦੇ ਹੋਂਦ ਵਿਚ , ਆਉਣ ਨਾਲ ਪੰਜਾਬੀ ਪਰਿਵਾਰ ਬਦਲ ਰਿਹਾ ਹੈ। ਇਕਹਿਰਾ ਪਰਿਵਾਰ ਹੋਂਦ ਵਿਚ ਆ ਰਿਹਾ ਹੈ। ਹੁਣ ਪਿੰਡਾਂ ਵਿਚ ਬਹੁਤ ਘੱਟ ਸੰਯੁਕਤ ਪਰਿਵਾਰ ਮਿਲਦੇ ਹਨ। ਇਕਹਿਰੇ ਪਰਿਵਾਰ ਵਿਚ ਵਿਕਾਸ ਦੀਆਂ ਜਿਆਦਾ ਸੰਭਾਵਨਾਵਾਂ ਹਨ। ਇਸ ਪ੍ਰਕਾਰ ਦੇ ਪਰਿਵਾਰ ਵਿਚ ਬੱਚਿਆਂ ਦਾ ਪਾਲਣ ਪੋਸ਼ਣ ਵੀ ਚੰਗੀ ਤਰ੍ਹਾਂ ਕੀਤਾ ਜਾ ਸਕਦਾ ਹੈ।

**ਪਹਿਰਾਵਾ:**

ਮਨੁੱਖੀ ਸਭਿਆਚਾਰ ਦਾ ਇਕ ਜ਼ਰੂਰੀ ਅਤੇ ਵਿਸ਼ੇਸ਼ ਪਹਿਚਾਣ ਦਾ ਅੰਗ ਪਹਿਰਾਵਾ ਹੈ। ਕੋਈ ਵੀ ਸਭਿਆਚਾਰ ਪਹਿਰਾਵੇ ਤੋਂ ਪਹਿਚਾਣਿਆ ਜਾਂਦਾ ਹੈ। ਮਨੁੱਖ ਕਿਥੋਂ ਦਾ ਰਹਿਣ ਵਾਲਾ ਹੈ ?ਕਿਸ ਸਭਿਆਚਾਰ ਨਾਲ ਸੰਬੰਧ ਰੱਖਦਾ ਹੈ ? ਆਦਿ ਪ੍ਰਸ਼ਨ ਪਹਿਰਾਵੇ ਅਧੀਨ ਆ ਜਾਂਦੇ ਹਨ। ਮਨੁੱਖ ਦਾ ਪਰਿਰਾਵਾ ਜਿੱਥੇ ਬੰਦੇ ਦੀ ਸ਼ਨਾਖਤ ਕਰਦਾ ਹੈ ਤਾਂ ਦੂਜੇ ਪਾਸੇ ਉਸਨੂੰ ਗਰਮੀਸਰਦੀ ਤੋਂ ਵੀ ਬਚਾਉਂਦਾ ਹੈ-। ਮਨੁੱਖੀ ਨਸਲ ਦਾ ਪਵਿਰਾਵਾ ਉਸ ਦੇ ਆਪਣੇ ਸਭਿਆਚਾਰ ਦੀ ਪਹਿਚਾਣ ਪਰਪੱਕ ਕਰਦਾ ਹੈ। ਪੰਜਾਬ ਵਿਚ ਵੰਨਸੁਵੰਨੇ ਵਸਤਰ ਪਹਿਨੇ ਜਾਂਦੇ ਹਨ-। ਇਹ ਵਸਤਰ ਇਲਾਕੇ ਅਤੇ ਜਾਤ ਅਨੁਸਾਰ ਵੀ ਬਦਲ ਜਾਂਦੇ ਹਨ। ਪੰਜਾਬ ਵਿਚ ਔਰਤਾਂ ਅਤੇ ਮਰਦਾਂ ਦਾ ਪਹਿਰਾਵਾ ਭਿੰਨ ਭਿੰਨ ਹੈ।

ਪੰਜਾਬ ਦੇ ਪਹਿਰਾਵੇਸੰਬੰਧੀ ਇਕ ਅਹਿਮ ਗੱਲ ਇਹ ਹੈ ਕਿ ਇਹ ਸਮੇਂ ,ਹੈਸੀਅਤ ,ਸਮਾਜਿਕ ,ਕਿੱਤੇ ,ਸਥਾਨ , ਅਵਸਰ ਅਤੇ ਜਾਤੀ ਦੀ ਤਬਦੀਲੀ ਨਾਲ ਤਬਦੀਲ ਹੁੰਦਾ ਰਿਹਾ ਹੈ ,ਧਰਮ। ਇਉਂ ਪੰਜਾਬ ਦੇ ਪਹਿਰਾਵੇ ਵਿਚ ਮੁੱਢਕਾਲ - ਸੁਵੰਨਤਾ ਦ੍ਰਿਸ਼ਟੀਗੋਚਰ ਹੁੰਦੀ ਹੈ-ਤੋਂ ਹੀ ਵੰਨ। ਜਿਵੇਂਇੱਥੇ ਦੇ ਕੱਪੜੇ ਦੇ ,ਜਿਵੇਂ ਪੰਜਾਬ ਦੀ ਤਰੱਕੀ ਹੁੰਦੀ ਗਈ ਹੈ- ਕਾਲੀਗਰ ਸੂਤੀਊਨੀ ਅਤੇ ਰੇਸ਼ਮੀ ਕੱਪੜਾ ਤਿਆਰ ਕਰਦੇ ਰਹੇ ਹਨ। ਅੱਜ ਕਲ ਤਾਂ ਪੰਜਾਬ ਵਿਚ ਸਿਨਥੈਟਿਕ ਕੱਪੜਾ , ਕਈ ਪ੍ਰਕਾਰ ਦੇ -ਠੁੱਲ੍ਹੇ ਕੱਪੜੇ ਤੋਂ ਲੈ ਕੇ ਮਹੀਨ ਮਲਮਲ ਤਕ-ਬੁਨਣ ਦੇ ਕਾਰਖਾਨੇ ਲੱਗ ਗਏ ਹਨ। ਖੱਦਰ ਵਰਗੇ ਮੋਟੇ ਜਿਨ੍ਹਾਂ ਦੇ ਬਸਤਰ ਪੰਜਾਬ ਦੇ ਲੋਕੀ ਪਹਿਨਦੇ ਹਨ। ਇਨ੍ਹਾਂ ਕੱਪੜਿਆਂ ,ਕੱਪੜੇ ਪੰਜਾਬ ਵਿਚ ਬਣਦੇ ਹਨਦੇ ਡਿਜ਼ਾਇਨ , ਰੁੱਤਾਂ ਲਈ ਕਈ ਤਰ੍ਹਾਂ ,ਵਰਗਾਂ ,ਵੱਖ ਅਵਸਰਾਂ-ਸਿਲਾਈ ਦੇ ਢੰਗ ਵੀ ਕਈ ਪ੍ਰਕਾਰ ਦੇ ਹਨ ਅਤੇ ਵੱਖ-ਰੰਗ ਅਤੇ ਕਟਾਈ ਦੇ ਬਸਤਰ ਤਿਆਰ ਕੀਤੇ ਜਾਂਦੇ ਹਨ।

ਰੇਵ ,ਚਿੱਤ ਪ੍ਰਤੀਤ ਹੁੰਦੇ ਹਨ। ਇੱਥੇ ਪੋਠੋਹਾਰੀ ਸਲਵਾਰ-ਪੰਜਾਬੀ ਪਹਿਰਾਵੇ ਦੇ ਖੇਤਰ ਵਿਚ ਬੜੇ ਉਦਾਰ ਸਾੜ੍ਹ ,ਮਲਮਲ ਦੀ ਧੋਤੀ ,ਧੂੰਹਵਾਂ ਚਾਦਰਾ ,ਪਜ਼ਾਮਾੀਸਲਵਾਰ ਅਤੇ ਘੱਗਰਾ ਸਭ ਕੁਝ ਹੀ ਪਹਿਨਿਆ ਅਤੇ , ਸਤਿਕਾਰਿਆ ਜਾਂਦਾ ਹੈ। ਅੱਜਕੱਲ੍ਹ ਪੰਜਾਬ ਦੇ ਹਰੇਕ ਫਿਰਕੇ ਦੇ ਲੋਕ ਅੰਗਰੇਜ਼ੀ ਲਿਬਾਸ ਨੂੰ ਤਰਜੀਹ ਦੇਣ ਲੱਗ ਪਏ - ,ਸਾਫਾ ,ਪੱਗੜੀ/ਪੁਰਾਣਾ ਹੈ ਜਿਸ ਵਿਚ ਪੱਗ-ਹਨ। ਪੰਜਾਬ ਦੀ ਪਰੰਪਰਾ ਵਿਚ ਸਿਰ ਢੱਕ ਕੇ ਰੱਖਣ ਦਾ ਰਿਵਾਜ਼ ਢੇਰ ਤੇੜ ਅਤੇ ਜਾਮਾ ਆਦ ,ਚੁੰਨੀ ,ਪਰਨਾ ਜਾਂ ਟੋਪੀਿ ਰਹੇ ਹਨ। ਸਿੱਖ ਧਰਮ ਵਿਚ ਗੁਰੂ ਘਰ ਜਾਣਾ ਨੰਗੇ ਸਿਰ ਜਾਣਾ ਵਰਜਿਤ ਹੈ। ਦੂਜੇ ਪਾਸੇ ਹਿੰਦੂ ਅਤੇ ਮੁਸਲਮਾਨ ਵੀ ਧਾਰਮਿਕ ਰਹੁਰੀਤਾਂ ਕਰਦੇ ਸਮੇਂ ਸਿਰ ਢੱਕ ਕੇ ਰੱਖਣ ਨੂੰ ਉੱਤਮ - ਸਮਝਦੇ ਹਨ। ਵਿਆਹਸ਼ਾਦੀ ਦੇ ਮੌਕੇ ਉੱਤੇ ਲਾੜ੍ਹੇ ਦਾ ਪੱਗ ਬੰਨ੍ਹਣਾ ਆਦਰਸ਼ਕ ਗਿਣਿਆ ਜਾਂਦਾ ਹੈ-। ਆਧੁਨਿਕ ਪੱਛਮੀ ਸਭਿਆਚਾਰ ਦੇ ਅਸਰ ਕਾਰਨ ਪੜ੍ਹੇਲਿਖੇ ਲੋਕਾਂ ਵਿਚ ਪਹਿਰਾਵੇ ਦੇ ਸਭਿਆਚਾਰਕ ਪਾਸਾਰਾਂ ਵਿਚ ਬੁਨਿਆਦੀ -

ਤਬਦੀਲੀ ਆ ਰਹੀ ਹੈ। ਪੜ੍ਹੇਲਿਖੇ ਮਰਦਾਂ ਅਤੇ ਔਰਤਾਂ ਦੇ ਮਨ ਵਿਚੋਂ ਪਰੰਪਰਾਗਤ ਪਹਿਰਾਵੇ ਨਾਲ ਜੁੜੇ ਸੰਬੰਧ ਦੇ - ਭਾਵ ਘਟਦੇ ਜਾ ਰਹੇ ਹਨ। ਪੰਜਾਬ ਦੇ ਹਰੇਕ ਧਰਮ ਦੇ ਲੋਕ ਪੱਛਮੀ ਪਹਿਰਾਵੇ ਨੂੰ ਜ਼ਿਆਦਾ ਤਰਜ਼ੀਹ ਦੇਣ ਲੱਗ ਗਏ ਹਨ।

**ਰਿਸ਼ਤਾ ਨਾਤਾ ਪ੍ਰਬੰਧ:**

ਪਰਿਵਾਰਭਿੰਨ ਵਿਅਕਤੀਆਂ ਵਿਚਕਾਰ ਜੋ ਸੰਬੰਧ ਸਥਾਪਿਤ -ਪ੍ਰਬੰਧ ਦੇ ਆਧਾਰ ਤੇ ਭਿੰਨ-ਪ੍ਰਬੰਧ ਅਤੇ ਵਿਆਹ-ਨਾਤਾ ਪ੍ਰਬੰਧ ਕਿਹਾ ਜਾਂਦਾ ਹੈ ਜੋ ਕਿ ਹਰੇਕ ਸਮਾਜ ਦੇ ਮੁੱਢਲੇ ਸੰਬੰਧਾਂ ਨੂੰ -ਉਨ੍ਹਾਂ ਦੇ ਸਮੂਹ ਨੂੰ ਰਿਸ਼ਤਾ ,ਹੁੰਦੇ ਹਨ ਉਜਾਗਰ ਕਰਦਾ ਹੈ। ਵਿਭਿੰਨ ਸਮਾਜਾਂ ਨੇ ਆਪਣੇ ਵਿਸ਼ੇਸ਼ ਭਾਂਤ ਦੇ ਇਤਿਹਾਸਕਵੱਖ -ਸੰਬੰਧਾਂ ਦੇ ਅਨੁਕੂਲ ਵੱਖ ਆਰਥਕ-ਤੇ ਆਧਾਰਤ ਹਨ ਤੇ ਕੁੜਮਚਾਰੀ ਦੇ ' ਨਾਤੇ ਸਿਰਜੇ ਹਨ ਜੋ ਲਹੂ ਦੀ ਵਾਸਤਵਿਕ ਜਾਂ ਕਲਪਿਤ ਸਾਂਝ-ਭਾਂਤ ਦੇ ਰਿਸ਼ਤੇ ਆਧਾਰ ਤੇ। ਪੰਜਾਬ ਦਾ ਰਿਸ਼ਤਾ ਨਾਤਾ ਪ੍ਰਬੰਧ ਦੇ ਮੁੱਖ ਆਧਾਰ ਵੀ ਇਹੋ ਦੋ ਹਨ ਜਿਹੜੇ ਅੱਗੋਂ ਕਈ ਹੋਰ ਵੱਖਰਤਾਵਾਂ-ਨੂੰ ਮੁੱਖ ਰੱਖ ਕੇ ਵਧੇਰੇ ਵਿਸਤ੍ਰਿਤ ਅਤੇ ਜਟਿਲ ਰੂਪ ਗ੍ਰਹਿਣ ਕਰ ਲੈਂਦਾ ਹਨ। ਇਹ ਪ੍ਰਬੰਧ ਪਿਤਰਪ੍ਰਧਾਨ ਸਮਾਜਾਂ ਵਿਚ ਹੀ -ਪ੍ਰਧਾਨ ਸਮਾਜਾਂ ਵਰਗਾ ਵੀ ਹੈ ਅਤੇ ਵੱਖਰਾ-ਪ੍ਰਾਪਤ ਹੈ ਅਤੇ ਕਈ ਹੋਰ ਪਿਤਰ। ਪੰਜਾਬ ਦੇ ਰਿਸ਼ਤੇਨਾਤਾ ਪ੍ਰਬੰਧ ਦੀ -ਤੇ ਆਧਾਰਿਤ ਰਿਸ਼ਤੇਦਾਰਾਂ ਅਤੇ ਵਿ' ਦੂਸਰੀ ਵਿਲੱਖਣਤਾ ਇਹ ਹੈ ਕਿ ਇਸ ਵਿਚ ਖੂਨਆਹ ਤੇ ਆਧਾਰਿਤ ਰਿਸ਼ਤੇਦਾਰ ' ਵਿਚ ਫਰਕ ਕੀਤਾ ਜਾਂਦਾ ਹੈ। ਸਕੀਰੀ ਅਤੇ ਸ਼ਰੀਕਾ ਪੰਜਾਬ ਦੇ ਰਿਸ਼ਤੇਨਾਤਾ ਪ੍ਰਬੰਧ ਦੇ ਦੋ ਵੱਡੇ ਪਾਸਾਰ ਹਨ।-

ਨਾਤਾ ਪ੍ਰਬੰਧ ਦੀ ਇਕ ਵਿਲੱਖਣ ਇਹ ਦ੍ਰਿਸ਼ਟੀਗੋਚਰ ਹੁੰਦੀ ਹੈ -ਸਿੱਖਾਂ ਵਿਚ ਪ੍ਰਚੱਲਿਤ ਰਿਸ਼ਤਾ-ਪੰਜਾਬ ਦੇ ਹਿੰਦੂ ਭਰਾਵਾਂ-ਕਿ ਇਸ ਪ੍ਰਬੰਧ ਅਨੁਸਾਰ ਵਿਅਕਤੀ ਦਾ ਆਪਣੇ ਮਾਪਿਆਂ ਦੇ ਭੈਣ ਦੀ ਸੰਤਾਨ ਨਾਲ ਸੰਬੰਧ ਭੈਣਭਰਾਵਾਂ ਵਾਲਾ -ਗਿਣਿਆ ਜਾਂਦਾ ਹੈ। ਇਹ ਨਿਯਮ ਏਨਾ ਵਿਆਪਕ ਹੈ ਕਿ ਇਕੋ ਗੋਤ ਦੇ ਵਿਅਕਤੀਆਂ ਵਿਚ ਖੂਨ ਦੀ ਸਾਂਝ ਗਿਣੀ ਜਾਂਦੀ ਹੈ। ਪੰਜਾਬ ਦੇ ਹਿੰਦੂ-ਸਿੱਖ ਪਰਿਵਾਰਾਂ ਵਿਚ ਸਗੋਤਰ ਵਿਆਹ ਦੀ ਮਨਾਹੀ ਹੈ ਪਰ ਮੁਸਲਮਾਨੀ ਧਰਮ ਵਿਚ ਗੋਤਰ-ਪ੍ਰਣਾਲੀ ਨੂੰ ਕੋਈ ਥਾਂ ਨਹੀਂ ਹੈ।

**ਵਿਆਹ:ਪ੍ਰਬੰਧ-**

ਪਰਿਵਾਰ ਸਮਾਜ ਦੀ ਮੁੱਢਲੀ ਇਕਾਈ ਹੈ। ਪਰਿਵਾਰ ਦਾ ਸਰੂਪ ਰਿਸ਼ਤਿਆਂ ਦੇ ਜੋੜ ਚੋਂ ਆਉਂਦਾ ਹੈ। ਪਰਿਵਾਰ ਦਾ ਮੁੱਖ ਕੰਮ ਸੰਤਾਨ ਪੈਦਾ ਕਰਨਾ ਹੈ। ਪਰਿਵਾਰ ਦੀ ਨਿਰੰਤਰ ਹੋਂਦ ਸੰਤਾਨ ਤੋਂ ਕਾਇਮ ਰਹਿੰਦੀ ਹੈ। ਸੰਤਾਨਉਤਪਤੀ -ਜਾਤੀ ਵਿਚ ਮੌਤ ਨਾਲ ਆਉਣ ਵਾਲੀ ਜੀਵਾਂ ਦੀ ਕਮੀ ਪੂਰੀ ਹੁੰਦੀ-ਦਾ ਅਮਲ ਕੁਦਰਤੀ ਹੈ ਜਿਸ ਨਾਲ ਕਿਸੇ ਵੀ ਜੀਵ ਹੈ। ਮਨੁੱਖੀਆਪਣੀਆਂ ਵਿਸ਼ੇਸ਼ ਸਮਾਜਿਕ ਲੋੜਾਂ ਦੀ ਪੂਰਤੀ ਲਈ ਵਿਸ਼ੇਸ਼ ਪ੍ਰਕਾਰ ਦੀ ਸਭਿਆਚਾਰਕ ਜਾਤੀ ਇਸ ਅਮਲ ਨੂੰ-ਵਿਧੀ ਦੀ ਵਿਵਸਥਾ ਕਰਦੀ ਹੈ। ਇਸ ਵਿਧੀ ਨੂੰ ਵਿਆਹਪ੍ਰਬੰਧ ਆਖਿਆ ਜਾਂਦਾ ਹੈ-। ਵਿਕਸਿਤ ਸਮਾਜਾਂ ਵਿਚ ਵਿਆਹ-ਬਾਹਰੇ ਜਿਨਸੀ ਸੰਬੰਧਾਂ ਵਿਚੋਂ ਪੈਦਾ ਹੋਣ ਵਾਲੀ ਸੰਤਾਨ ਨੂੰ ਬਹੁਤ ਘ੍ਰਿਣਾ ਨਾਲ ਨਹੀਂ ਵੇਖਿਆ ਜਾਂਦਾ। ਇਸ ਪ੍ਰਕਾਰ ਆਦਿਮ ਸਮਾਜਾਂ ਵਿਚ ਵੀ ਖੁੱਲ੍ਹਦਿਲੀ ਦੇ ਪ੍ਰਮਾਣ ਮਿਲਦੇ ਹਨ-। ਮੱਧਕਾਲੀਨ ਸਮਾਜਾਂ ਵਿਚ ਵਿਚ ਉਨ੍ਹਾਂ ਮਾਪਿਆਂ ਅਤੇ -ਪਤਨੀ ਦੇ -ਔਲਾਦ ਨੂੰ ਹੀ ਸਭਿਆਚਾਰਕ ਪ੍ਰਵਾਨਗੀ ਮਿਲਦੀ ਹੈ ਜੋ ਸਮਾਜ ਦੁਆਰਾ ਪ੍ਰਵਾਨਿਤ ਵਿਧਾਨ ਅਨੁਸਾਰ ਪਤੀ ਉਤਪਤੀ-ਰਿਸ਼ਤੇ ਵਿਚ ਬੱਝ ਕੇ ਜਿਨਸੀ ਸੰਬੰਧ ਸਥਾਪਿਤ ਕਰਦੇ ਹਨ ਅਤੇ ਸੰਤਾਨਕਰਦੇ ਹਨ।

ਪੰਜਾਬ ਵਿਚ ਵਿਆਹ ਦੀਆਂ ਵਿਭਿੰਨ ਵੰਨਗੀਆਂ ਮਿਲਦੀਆਂ ਹਨ। ਇਤਿਹਾਸਕ ਤੌਰ -ਤੇ ਪੰਜਾਬ ਵਿਚ ਬਹੁ' ਪਤੀ ਵਰਤਾ ਵਿਆਹ ਪ੍ਰਬੰਧ ਪ੍ਰਚੱਲਿਤ ਰਹੀ ਹੈ-ਪਤਨੀ ਵਰਤਾ ਜਾਂ ਬਹੁ। ਵਰਤਮਾਨ ਸਮੇਂ ਵਿਚ ਇਕ-ਵਿਆਹ-ਪਤਨੀ-) ਪ੍ਰਥਾMonagamous marriage) ਨੂੰ ਮਾਨਤਾ ਪ੍ਰਾਪਤ ਹੈ। ਵਿਆਹ ਦੇ ਪ੍ਰਵਾਨਿਤ ਨਿਯਮਾਂ ਅਨੁਸਾਰ ਸੰਪੰਨ ਹੋਏ ਪਤੀ-ਜਨਮਾਂਤਰ ਦਾ ਸੰਬੰਧ ਖਿਆਲ ਕੀਤਾ ਜਾਂਦਾ ਹੈ-ਪਤਨੀ ਦੇ ਰਿਸ਼ਤੇ ਨੂੰ ਜਨਮ। ਗੁਰਬਾਣੀ ਵਿਚ ਇਸ ਰਿਸ਼ਤੇ ਦੀ ਪਵਿੱਤਰਤਾ ਨੂੰ ਦੇ ਸੰਕਲਪ ਰਾਹੀਂ ਪੇਸ਼ ਕੀਤਾ ਜਾਂਦਾ ਹੈ 'ਏਕ ਜੋਤ ਦੋਇ ਮੂਰਤੀ'। ਪੰਜਾਬ ਵਿਚ ਵਿਆਹਪ੍ਰਬੰਧ ਦੀਆਂ -ਵੱਟਾ ਸੱਟ ,ਵੰਨਗੀਆਂ ਵਿਚ ਪੁੰਨ ਦਾ ਵਿਆਹ ਸਿਰ ਧਰਨਾ ਜਾਂ ਚਾਦਰ ਪਾਉਣੀ ਆਦਿ ਹਨ ,ਕਰੇਵਾ ,।

ਵਿਆਹ ਨੂੰ ਭਾਵੇਂ ਸੰਜੋਗੀ ਸੰਬੰਧ ਹੀ ਸਮਝਿਆ ਜਾਂਦਾ ਹੈ ਤਾਂ ਵੀ ਮਾਪੇ ਆਪਣੇ ਧੀਆਂਘਰ ਦੀ -ਪੁੱਤਾਂ ਲਈ ਵਰ-ਪੜਤਾਲ ਤੋਂ ਕੰਮ ਲੈਂਦੇ ਹਨ ਜਿਸ ਵਿਚ ਵਿਚੋਲੇ ਦੀ ਸਹਾਇਤਾ ਲਈ ਜਾਂਦੀ ਹੈ ਅਤੇ -ਤਲਾਸ਼ ਕਰਦੇ ਸਮੇਂ ਚੋਖੀ ਖੋਜ ਤੇ ਨਾਈ ਹੁੰਦਾ ਸ' ਪਰੰਪਰਾਗਤ ਵਿਚੋਲਾ ਆਮ ਤੌਰੀ। ਵਰ ਨਾਲੋਂ ਘਰ ਨੂੰ ਤਰਜੀਹ ਦਿੱਤੀ ਜਾਂਦੀ ਹੈ। ਮੁੰਡੇਕੁੜੀ ਦੀ -ਮਰਜ਼ੀ ਨੂੰ ਪਰੰਪਰਾ ਵਿਚ ਕੋਈ ਸਥਾਨ ਨਹੀਂ ਸੀ ਅਤੇ ਵਿਆਹ ਮਾਪਿਆਂ ਜਾਂ ਬਿਰਾਦਰੀ ਪਰਸਪਰ ਸਹਿਮਤੀ ਨਾਲ ਨੇਪਰੇ ਚੜ੍ਹ ਜਾਂਦਾ ਸੀ। ਵਰਤਮਾਨ ਸਮੇਂ ਵਿਆਹ ਸੰਸਥਾ ਦਾ ਸਰੂਪ ਬਦਲ ਗਿਆ ਹੈ। ਜਾਤਨੀਚ ਆਦਿ ਦੇ -ਪਾਤ ਉਚ-ਪਹਿਲੂ ਪ੍ਰੇਮ ਪ੍ਰਸੰਗ ਵਿਚ ਘਟਣ ਲੱਗੇ ਹਨ। ਵਿਦਿਆ ਦੇ ਪਾਸਾਰ ਨਾਲ ਲੋਕ ਮਾਨਸਿਕਤਾ ਵਿਚ ਵਿਆਹਪ੍ਰਬੰਧ ਵਿਚ -ਕਾਫੀ ਬਦਲਾਅ ਆ ਰਿਹਾ ਹੈ।

**ਹਾਰ:ਸ਼ਿੰਗਾਰ-**

ਪੰਜਾਬ ਦੇ ਲੋਕਾਂ ਨੂੰ ਗਹਿਣਿਆਂ ਦਾ ਬਹੁਤ ਸ਼ੌਕ ਹੈ। ਬੇਸ਼ਕ ਮਹਿੰਗਾਈ ਨੇ ਅੱਜ ਕੱਲ੍ਹ ਸ਼ੌਕ ਠੱਲਾ ਪਾਇਆ ਹੈ ਪਰ ਪੁਰਾਣੇ ਪੰਜਾਬ ਦੇ ਗਹਿਣਿਆਂ ਦੀ ਤਾਂ ਗਿਣਤੀ ਕਰਨੀ ਵੀ ਔਖੀ ਹੋ ਜਾਂਦੀ ਹੈ। ਕੁੜੀਆਂ ਦੇ ਗੀਤਾਂ ਵਿਚ ਜ਼ਿਕਰ ਹੋਏ ਗਹਿਣਿਆਂ ਦੀ ਕੋਈ ਹੱਦ ਬੰਨਾ ਨਹੀਂ ਹੈ। ਸਿਰ ਤੋਂ ਲੈ ਕੇ ਪੈਰਾਂ ਤਕ ਦੇ ਗਹਿਣਿਆਂ ਦਾ ਜ਼ਿਕਰ ਏਨਾ ਗੀਤਾਂ ਆਮ ਹੋਇਆ ਮਿਲਦਾ ਹੈ। ਹਾਰਸ਼ਿੰਗਾਰ ਦੇ ਗਹਿਣਿਆਂ ਨੂੰ ਦੋ ਰੂਪਾਂ ਵਿਚ ਵੰਡਿਆਂ ਗਿਆ ਹੈ-। ਇਕ ਵਰਗ ਵਿਚ ਔਰਤਾਂ ਦੇ ਨਾਲ ਸੰਬੰਧਤ ਗਹਿਣੇ ਹਨ ,ਬਾਹਾਂ ਦੇ ਗਹਿਣੇ ,ਗਲ ਦੇ ਗਹਿਣੇ ,ਨੱਕ ਦੇ ਗਹਿਣੇ ,ਗਹਿਣੇ ਕੰਨ ਦੇ ,ਜਿਸ ਵਿਚ ਸਿਰ ਦੇ ਗਹਿਣੇ , ਪੈਰਾਂ ਦੇ ਗਹਿਣੇ ਆਦਿ ਸ਼ਾਮਿਲ ਕੀਤੇ ਗਏ ਮਿਲਦੇ ਹਨ। ਦੂਜੇ ਵਰਗ ਵਿਚ ਮਰਦਾਂ ਦੇ ਨਾਲ ਸੰਬੰਧਤ ਗਹਿਣਿਆਂ ਦਾ ਜ਼ਿਕਰ ਕੀਤਾ ਜਾਂਦਾ ਹੈ। ਪੰਜਾਬ ਦੇ ਮਰਦ ਜਿਆਦਾ ਗਹਿਣੇ ਨਹੀਂ ਪਾਉਂਦੇ। ਮਰਦਾਂ ਦੇ ਗਹਿਣਿਆਂ ਵਿਚ ਕੰਠਾ ,ਛਾਪਾਂ , ਤਵੀਤੀ ਤੇ ਨੱਤੀਆਂ ਸ਼ਾਮਿਲ ਹਨ। ਕੰਠਾ ਤੇ ਤਵੀਤੀ ਗਲ ਵਿਚ ਅਤੇ ਨਤੀਆਂ ਕੰਨਾਂ ਵਿਚ ਪਹਿਨੀਆਂ ਜਾਂਦੀਆਂ ਹਨ।

**ਲੋਕ ਅਭੀਵਿਅਕਤੀਆਂ:**

ਇਸ ਵਰਗ ਵਿਚ ਲੋਕ ਅਭਿਵਿਅਕਤੀਆਂ ਦੇ ਉਹ ਰੂਪ ਸ਼ਾਮਿਲ ਕੀਤੇ ਗਏ ਮਿਲਦੇ ਹਨ ਜੋ ਲੋਕ ਖੁਸ਼ੀ ਅਤੇ ਗਮੀ ਦੇ ਮੌਕੇ ਵਿਅਕਤ ਲਈ ਮਾਧਿਅਮ ਦਾ ਅੰਗ ਹੁੰਦੇ ਹਨ। ਇਨ੍ਹਾਂ ਚੋਂ ਪ੍ਰਮੁੱਖ ਰੂਪ ਵਿਚ ਲੋਕ ਨਾਚਰਸਮਾਂ ਰਿਵਾਜ਼ , ਆ ਜਾਂਦੇ ਹਨ ਅਤੇ ਮੇਲੇ। ਪੰਜਾਬ ਦੇ ਲੋਕ ਨਾਚ ਸੈਕੂਲਰ ਹਨ। ਇਹ ਕਿਸੇ ਵੀ ਧਾਰਮਿਕ ਪਰੰਪਰਾ ਨਾਲ ਨਹੀਂ ਜੁੜੇ ਹੋਏ। ਪੰਜਾਬ ਵਿਚ ਰਸਮਾਂ ਰਿਵਾਜ਼ ਮਿਸ਼ਰਤ ਹਨਇਹਨਾਂ ਦੇ ਸੋਮੇ ਵੱਖਰੇ ਵੱਖਰੇ ਹਨ। ਪੰਜਾਬ ਦੇ ਬਹੁਤੇ ਮੇਲੇ ਧਾਰਮਿਕ , ਬੰਧਨਾਂ ਤੋਂ ਮੁਕਤ ਹੋ ਰਹੇ ਹਨ ਪਰ ਅਜੋਕਾ ਰੰਗ ਧਾਰਮਿਕ ਰੰਗ ਫੜਦਾ ਜਾ ਰਿਹਾ ਹੈ।

ਉਪਰੋਕਤ ਨੁਕਤੇ ਪੰਜਾਬੀ ਸਭਿਆਚਾਰ ਦੇ ਨਿਖੜਵੇਂ ਲੱਛਣ ਨੂੰ ਉਭਾਰਦੇ ਹਨ। ਜਿਨ੍ਹਾਂ ਦੁਆਰਾ ਪੰਜਾਬੀ ਸਭਿਆਚਾਰ ਨੂੰ ਭਾਰਤੀ ਮੂਲ ਦੇ ਬਾਕੀ ਸਭਿਆਚਾਰਾਂ ਤੋਂ ਵੱਖਰਾ ਕਰਦਾ ਹੈ।

## ਭਾਗ2-

## ਪੰਜਾਬੀ ਸਭਿਆਚਾਰਵਿਵਹਾਰਕ ਪਰਿਪੇਖ :

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਪੰਜਾਬੀ ਸਭਿਆਚਾਰ ਵਿਵਹਾਰਕ ਪਰਿਪੇਖ :ਬਾਰੇ ਜਾਣਕਾਰੀ ਦੇਣਾ ਹੈ।

ਪੰਜਾਬੀ ਸਭਿਆਚਾਰ ਕਈ ਨਸਲਾਂਭਾਸ਼ਾਈ ਪਰਿਵਾਰਾਂ ਅਤੇ ਸਭਿਆਚਾਰਾਂ ਦੇ ਅੰਸ਼ਾਂ ਤੋਂ ਬਣਿਆ ਹੈ ,। ਪੰਜਾਬੀ ਸਭਿਆਚਾਰ ਦੀ ਸਿਰਜਨਾ ਵਿਚ ਸਭ ਤੋਂ ਪਹਿਲਾਂ ਭਾਰਤੀ ਮੂਲ ਦੇ ਲੋਕਾਂ ਨੇ ਆਪਣਾ ਯੋਗਦਾਨ ਪਾਇਆ ਹੈ। ਦੂਸਰਾ ਮੱਧ ਏਸ਼ੀਆ ਤੋਂ ਬਹੁਤ ਦੇਰ ਪਹਿਲਾਂ ਕਬੀਲੇ ਵੀ ਪੰਜਾਬੀ ਸਭਿਆਚਾਰ ਦੀ ਸਿਰਜਨਾ ਕਰਦੇ ਹਨ। ਤੀਸਰਾ ਪਹਿਲੂ ਤੇਰਵੀਂ ਅਤੇ ਚੌਧਵੀਂ ਸਦੀ ਵਿਚ ਮੱਧ ਏਸ਼ੀਆਂ ਤੋਂ ਆਉਣ ਵਾਲੇ ਵੱਧ ਸਭਿਅਤ ਕਬੀਲੇ ਵੀ ਪੰਜਾਬੀ ਸਭਿਆਚਾਰ ਨੂੰ ਕਈ ਅੰਸ਼ ਪ੍ਰਦਾਨ ਕਰਦੇ ਹਨ। ਪੰਜਾਬ ਦੇ ਸਭਿਆਚਾਰ ਵਿਚ ਇਹ ਸਾਰੇ ਸਰੋਤਾਂ ਦੇ ਅੰਸ਼ ਇਕ ਲੜੀ ਵਿਚ ਸ਼ਾਮਿਲ ਹੋ ਗਏ। ਇਨ੍ਹਾਂ ਸਰੋਤਾਂ ਦਾ ਇਕਹਰੀ ਬੁਣਤ ਵਿਚ ਪਰੋਇਆ ਜਾਣਾ ਹੀ ਪੰਜਾਬੀ ਸਭਿਆਚਾਰ ਦੀ ਬੁਨਿਆਦੀ ਅਤੇ ਵਿਲੱਖਣ ਪਹਿਚਾਣ ਦੀ ਵਿਵਹਾਰਕ ਸਥਿਤੀ ਬਣਦੀ ਹੈ।

ਪੰਜਾਬੀ ਸਭਿਆਚਾਰ ਦੀਆਂ ਜਿੰਨ੍ਹੀਆਂ ਵੀ ਸੂਤਰਬੰਦ ਇਕਾਈਆਂ ਹਨਦਾ ਵਿਸ਼ਲੇਸ਼ਣ ਕਰਨ ਤੋਂ ਇਸ ਗੱਲ ਦੀ , ਵਿਵਹਾਰਕ ਪੁਸ਼ਟੀ ਹੁੰਦੀ ਹੈ ਕਿ ਇਸ ਨੇ ਕਈ ਪਰੰਪਰਾਵਾਂ ਦਾ ਪ੍ਰਭਾਵ ਕਬੂਲਿਆਂ ਹੈ। ਪੰਜਾਬ ਵਿਚ ਪਰਿਵਾਰ ਅਤੇ ਸ਼ਰੀਕੇ ਤੋਂ ਵੱਡੀ ਇਕਾਈ ਪਿੰਡ ਹੈ। ਪਿੰਡ ਦੀ ਬਣਤਰ ਅਤੇ ਪਿੰਡਾਂ ਦੇ ਨਾਂ ਇਸ ਗੱਲ ਵੱਲ ਠੋਸ ਸੰਕੇਤ ਕਰਦੇ ਹਨ ਕਿ ਪੰਜਾਬੀ ਪਿੰਡ ਕਈ ਪਰੰਪਰਾਵਾਂ ਦਾ ਸੁਮੇਲ ਹਨ। ਪੰਜਾਬ ਦੇ ਕਈ ਪਿੰਡ ਨੇ ਦਾ ਨਾਂ ਇਸ ਗੱਲ ਦਾ ਸੂਚਕ ਹਨ ਕਿ ਇਹ ਆਰੀਆਂ ਮੂਲ ਦੇ ਲੋਕਾਂ ਦੇ ਨਾਂ ਨਾਲ ਮਿਲਦੇ ਹਨ। ਪੰਜਾਬ ਵਿਚ ਅਜਿਹੇ ਪਿੰਡਾਂ ਦੀ ਗਿਣਤੀ ਬਹੁਤਾਤ ਵਿਚ ਹੈ। ਗੋਤਰ ਤੇ ਆਧਾਰ ਤੇ ਪੰਜਾਬ ਦੇ ਕਈ ਪਿੰਡਾਂ ਦੇ ਨਾਂ ਸਿਥੀਅਨ ਮੂਲ ਦੇ ਹਨ। ਇਸ ਪ੍ਰਕਾਰ ਪੰਜਾਬ ਦੇ ਕਈ ਪਿੰਡਾਂ ਦੇ ਨਾਂ ਵੱਖ- ਵੱਖ ਪਰੰਪਰਾਵਾਂ ਨਾਲ ਸੰਬੰਧਤ ਹਨ। ਪੰਜਾਬ ਦੇ ਨਗਰ ਦਰਾਵੜ ਪਰੰਪਰਾਂ ਨਾਲ ਸੰਬੰਧਤ ਹਨ।

ਪੰਜਾਬ ਦਾ ਜਾਤੀ ਸਿਸਟਮ ਬਿਲਕੁਲ ਹੀ ਵੱਖਰੀ ਕਿਸਮ ਦਾ ਹੈ। ਪੰਜਾਬ ਵਿਚ ਸਾਰੀਆਂ ਜਾਤੀਆਂ ਦੇ ਲੋਕ ਵੱਸਦੇ ਹਨ। ਇੱਥੇ ਹਿੰਦੂ ਸਮਾਜ ਦਾ ਭਿੱਟ ਦਾ ਸੰਕਲਪ ਪ੍ਰਚਲਤ ਨਹੀਂ ਹੈ। ਪੰਜਾਬ ਦੀਆਂ ਜਾਤਾਂ ਜ਼ਿਆਦਾਰ ਕੰਮ ਤੇ ਆਧਾਰਿਤ ਹਨ। ਪੰਜਾਬ ਵਿਚ ਬ੍ਰਾਹਮਣ ਦਾ ਦਰਜਾ ਖੇਤਰ ਦੇ ਅਨੁਸਾਰ ਬਦਲਦਾ ਹੈ। ਮਾਲਵੇ ਖੇਤਰ ਵਿਚ ਬ੍ਰਾਹਮਣ ਦਾ ਸਨਮਾਨ ਰੁਤਬਾ ਰੱਖਦਾ ਹੈ। ਮਾਝੇ ਖੇਤਰ ਵਿਚ ਬ੍ਰਾਹਮਣ ਦਾ ਰੁਤਬਾ ਲਾਗੀ ਦਾ ਹੈ। ਪੰਜਾਬ ਦੀ ਸਮਾਜਿਕ ਬਣਤਰ ਵਿਚ ਆਰੀਆਨਿਸ਼ਧ ਅਤੇ ਸਿਥੀਅਨ ਪਰੰਪਰਾਵਾਂ ਦਾ ਸੁਮੇਲ ਹੈ ,। ਇਹ ਪਹਿਲੂ ਪੰਜਾਬ ਦੇ ਸਮਾਜਿਕ ਵਿਵਹਾਰਕ ਪੱਖ ਨੂੰ ਪਰਪੱਕ ਕਰਦੇ ਹਨ। ਇਸ ਵਿਚ ਵਿਆਹ ਦੀਆਂ ਵਿਭਿੰਨ ਵੰਨਗੀਆਂ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ। ਪੰਜਾਬ ਵਿਚ ।ਪੁਨਰਵਿਆਹ ਦੀ ਮਨਾਹੀ ਹੈ-। ਕਰੇਵਾ ਪੰਜਾਬ ਦੇ ਜੱਟਾਂ ਵਿਚੋਂ ਵਿਆਹ ਦੀ ਵਿਸ਼ੇਸ਼ਤਾ ਹੈ। ਪੰਜਾਬ ਵਿਚ ਵਿਆਹ ਦੀਆਂ ਸਾਰੀਆਂ ਸੰਭਾਵਤ ਵੰਨਗੀਆਂ ਜਾਂ ਤਾਂ ਪ੍ਰਚੱਲਿਤ ਹਨ ਜਾਂ ਪ੍ਰਚੱਲਿਤ ਰਹੀਆਂ ਹਨ। ਪੰਜਾਬ ਵਿਚ ਵਿਆਹ ਸੰਸਥਾ ਲਈ ਨਸਲਾਂ ਅਤੇ ਸਭਿਆਚਾਰਾਂ ਦੇ ਪ੍ਰਭਾਵ ਸਦਕਾ ਹੀ ਹੈ ਕਿ ਪੰਜਾਬ ਵਿਚ ਪੁੰਨ ਦਾ ਵਿਆਹਚਾਦਰ ,ਕਰੇਵਾ ,ਵੱਟਾ ਸੱਟਾ , ਟੱਕੇ ਦਾ ਵਿਆ ,ਪਾਉਣੀਹ ਆਦਿ ਸਭ ਪ੍ਰਵਾਨ ਹਨ। ਪੰਜਾਬੀ ਸਭਿਆਚਾਰ ਵਿਆਹ ਦੇ ਮਸਲੇ ਵਿਚ ਕਿਸੇ ਕੱਟੜ ਪੰਥੀ

ਵਿਚ ਨਹੀਂ ਪਿਆ ਅਤੇ ਨਾ ਹੀ ਕਾਜ਼ੀਆਂ ਅਤੇ ਪੰਡਤਾਂ ਦੀਆਂ ਨਸੀਹਤਾਂ ਤੇ ਚਲਿਆ ਹੈ। ਇਸ ਨੇ ਆਪਣੀ ਲੋੜ ਅਨੁਸਾਰ ਵਿਆਹ ਦੀਆਂ ਸਭ ਲਾਭਦਾਇਕ ਵੰਨਗੀਆਂ ਨੂੰ ਆਪਣਾ ਰੱਖਿਆ ਹੈ।

ਪੰਜਾਬੀ ਸਭਿਆਚਾਰ ਦੇ ਵਿਵਹਾਰਕ ਪੱਖ ਦਾ ਇਕ ਪਹਿਲੂ ਪਰਿਵਾਰਕ ਸੰਸਥਾ ਦੇ ਰੂਪ ਵਿਚ ਅਮੀਰ ਹੈ। ਪੰਜਾਬ ਦੇ ਪਰਿਵਾਰਕ ਰਿਸ਼ਤਿਆਂ ਵਿਚ ਵਿਆਹ ਦੁਆਰਾ ਸਿਰਜੇ ਗਏ ਰਿਸ਼ਤੇ ਅਤੇ ਖ਼ੂਨ ਦੇ ਰਿਸ਼ਤੇ ਨਿਖੇੜੇ ਜਾ ਸਕਦੇ ਹਨ। ਵਿਆਹ ਸੰਬੰਧ ਦੁਆਰਾ ਸਿਰਜੇ ਰਿਸ਼ਤੇ ਨੂੰ ਸ਼ਕੀਰੀ ਕਿਹਾ ਜਾਂਦਾ ਹੈ। ਖ਼ੂਨ ਦੁਆਰਾ ਸੰਬੰਧਤ ਰਿਸ਼ਤੇ ਨੂੰ ਸ਼ਰੀਕ ਕਿਹਾ ਜਾਂਦਾ ਹੈ। ਸ਼ਰੀਕਾ ਆਮ ਤੌਰ ਹੁੰਦਾ ਹੈ ਤੇ ਪਿੰਡਾਂ ਵਿਚ ਹੀ'। ਸ਼ਕੀਰੀਆਂ ਦੂਸਰੇ ਪਿੰਡਾਂ ਅਤੇ ਦੂਸਰੇ ਗੋਤਾਂ ਵਿਚ ਹੁੰਦੀਆਂ ਹਨ। ਪੰਜਾਬ ਦੇ ਸਭਿਆਚਾਰ ਵਿਚ ਸਾਰੀਆਂ ਜਾਤਾਂ ਅਤੇ ਗੋਤਾਂ ਵਿਚ ਖ਼ੂਨ ਦੁਆਰਾ ਸਿਰਜੇ ਰਿਸ਼ਤੇ ਅਤੇ ਵਿਆਹ ਦੁਆਰਾ ਸਿਰਜੇ ਰਿਸ਼ਤੇ ਅੱਡਅੱਡ ਨਹੀਂ ਹਨ। ਪੰਜਾਬ ਦੀਆਂ ਕਈ ਜਾਤਾਂ ਵਿਚ ਵੱਟਾ ਸੱਟਾ ਪ੍ਰਚੱਲਿਤ ਹੈ-। ਵਿਆਹ ਦੀ ਇਹ ਪ੍ਰਥਾ ਵੱਖਰੇ ਆਚਾਰਾਂ ਦੇਵੱਖਰੇ ਸਭਿ-ਵਿਕਾਸ ਪੜ੍ਹਾਵਾਂ ਤੋਂ ਹਾਸਿਲ ਹੋਈ ਹੈ। ਪੰਜਾਬੀ ਸਭਿਆਚਾਰ ਵਿਚ ਸੰਯੁਕਤ ਪਰਿਵਾਰ ਦੀ ਪ੍ਰਥਾ ਚੱਲੀ ਆ ਰਹੀ ਹੈ। ਪੂੰਜੀਵਾਦੀ ਯੁੱਗ ਵਿਚ ਇਹ ਪ੍ਰਥਾ ਟੁੱਟ ਰਹੀ ਹੈ। ਪੰਜਾਬ ਵਿਚ ਵਿਆਹ ਦੀਆਂ ਰਸਮਾਂ ਵਿਚ ਆਰੀਆ ਅਤੇ ਆਸਟਰਿਕ ਸਰੋਤਾਂ ਦੇ ਕਾਫੀ ਅੰਸ਼ ਮਿਲਦੇ ਹਨ। ਪੰਜਾਬ ਵਿਚ ਪਰਿਵਾਰ ਅਤੇ ਵਿਆਹ ਦੀ ਪਰੰਪਰਾ ਸਭਿਆਚਾਰਾਂ ਦੀਆਂ ਵਿਭਿੰਨ ਪ੍ਰਤੀਕਿਰਿਆਵਾਂ ਤੇ ਵਿਕਾਸ ਦੇ ਪੜ੍ਹਾਵਾਂ ਦੀ ਅੰਤਰ ਪ੍ਰਕਿਰਿਆ ਦੁਆਰਾ ਵਿਕਸਿਤ ਹੋ ਕੇ ਇਸ ਦੇ ਵਿਵਹਾਰਕ ਪੱਖ ਨੂੰ ਉਜਾਗਰ ਕਰਦਾ ਹੈ।

ਪੰਜਾਬੀ ਸਭਿਆਚਾਰ ਦੇ ਵਿਵਹਾਰਕ ਪੱਖ ਦਾ ਇਕ ਪਹਿਲੂ ਇਸ ਦੇ ਪਹਿਰਾਵੇ ਨਾਲ ਵੀ ਸੰਬੰਧਤ ਹੈ। ਪੰਜਾਬੀ ਪਹਿਰਾਵੇ ਦੇ ਵੱਖਰੇ ਵੱਖਰੇ ਅੰਸ਼ ਵੀ ਸਮਾਜਿਕ ਵਿਕਾਸ ਦੀਆਂ ਵਿਭਿੰਨ ਅਵਸਥਾਵਾਂ ਵਿਚੋਂ ਪ੍ਰਾਪਤ ਹੋਏ ਹਨ। ਪੰਜਾਬ ਦੇ ਸੰਤਾਂ ਦੁਆਰਾ ਪਹਿਨਿਆ ਜਾਂਦਾ ਖੁੱਲ੍ਹੇ ਚੋਗੇ ਦਾ ਪਹਿਰਾਵਾ ਆਰੀਆ ਲੋਕਾਂ ਦੀ ਦੇਣ ਹੈ। ਪੰਜਾਬ ਦਾ ਅਜੋਕਾ ਪਹਿਰਾਵਾ ਮੁਸਲਮਾਨੀ ਅਤੇ ਅੰਗਰੇਜ਼ੀ ਸਭਿਆਚਾਰ ਦੇ ਪ੍ਰਭਾਵ ਸਦਕਾ ਪ੍ਰਚੱਲਿਤ ਹੋਇਆ ਹੈ। ਪੱਗ ਅਤੇ ਦਾੜ੍ਹੀ ਪੰਜਾਬੀ ਸਭਿਆਚਾਰ ਦੀ ਵਿਸ਼ੇਸ਼ ਪਹਿਚਾਣ ਹੈ। ਪੰਜਾਬ ਵਿਚ ਪਹਿਲਾਂ ਤੋਂ ਹੀ ਲੋਕ ਦਾੜ੍ਹੀ ਅਤੇ ਕੇਸ਼ ਰੱਖਦੇ ਸਨ। ਸਿੱਖ ਗੁਰੂਆਂ ਨੇ ਪੰਜਾਬ ਦੀ ਮੁਢਲੀ ਪਰੰਪਰਾ ਨੂੰ ਹੀ ਪ੍ਰਚੱਲਿਤ ਕੀਤਾ। ਪੈਂਟ ਕੋਟ ਅੰਗਰੇਜ਼ੀ ਸਭਿਆਚਾਰ ਦੀ ਦੇਣ ਹੈ। ਸਲਵਾਰ ਕਮੀਜ਼ ਮੁਸਲਮਾਨ ਪਰੰਪਰਾ ਦੀ ਦੇਣ ਹੈ। ਫੁਲਕਾਰੀ ਰਸਮੀ ਪਹਿਰਾਵਾ ਹੈਵੀ ਮੁ ,ਸਲਮਾਨ ਸਭਿਆਚਾਰ ਦੁਆਰਾ ਹੀ ਪ੍ਰਚੱਲਿਤ ਹੋਈ ਹੈ। ਘਰੇਲੂ ਦਸਤਕਾਰੀਚਰਖਾ ਆਦਿ ਵੀ ਮੁਸਲਮ ਸਭਿਆਚਾਰ ਦੀ ਦੇਣ ਹੈ ,। ਪੰਜਾਬੀ ਸਭਿਆਚਾਰ ਨੇ ਸੰਪਰਕ ਵਿਚ ਆਉਣ ਵਾਲੇ ਸਭਿਆਚਾਰਾਂ ਦੇ ਪਹਿਰਾਵੇ ਨੂੰ ਅਪਣਾਇਆ ਹੈ।

ਪੰਜਾਬ ਸਭਿਆਚਾਰਕ ਵਿਵਹਾਰਕ ਬਣਤਰ ਦਾ ਇਕ ਸੂਤਰ ਖਾਣ ਪੀਣ ਨਾਲ ਵੀ ਸੰਬੰਧਤ ਹੈ। ਪੰਜਾਬੀ ਖਾਣ ਪੀਣ ਵੀ ਵਿਭਿੰਨ ਸਭਿਆਚਾਰਾਂ ਦੀ ਦੇਣ ਹੈ। ਪੰਜਾਬ ਵਿਚ ਚਾਹ ਦਾ ਕਲਚਰ ਅੰਗਰੇਜ਼ੀ ਸਭਿਆਚਾਰ ਦੁਆਰਾ ਪ੍ਰਚੱਲਿਤ ਕੀਤੀ ਗਈ। ਤੰਬਾਕੂ ਪੁਰਤਗਾਲੀਆ ਦੁਆਰਾ ਪ੍ਰਸਾਰਿਆ ਗਿਆ। ਖੀਰ ਨਿਸ਼ਧ ਲੋਕਾਂ ਦੇ ਖਾਣ ਦਾ ਵਸਤ ਹੈ। ਤੰਦੂਰੀ ਰੋਟੀਹਨ। ਲੱਡੂ ਪੰਜਾਬੀ ਸਭਿਆਚਾਰ ਦੀ ਵਿਸ਼ੇਸ਼ ਉਤਪਤੀ ਹੈ ਕਬਾਬ ਆਦਿ ਮੁਸਲਮ ਸਭਿਆਚਾਰ ਦੀ ਦੇਣ ,। ਨਸ਼ੇ ਸੋਮ ਰਸ (ਸ਼ਰਾਬ)ਪੰਜਾਬ ਦੇ ਪੁਰਾਤਨ ਸ਼ੌਕੀਨਾਂ ਦਾ ਸ਼ੌਕ ਹੈ। ਇਸ ਪ੍ਰਕਾਰ ਹਲਦੀ ,ਮੂਲੀਆਂ ,ਅਦਰਕ ਧਨੀਆਂ , ਸ਼ਲਗਮਾਂ ਆਦਿ ਨਿਸ਼ਧ ਲੋਕਾਂ ਦੀ ਖਾਣ ਪੀਣ ਵਿਚੋਂ ਆਈਆਂ ਹਨ। ਪੰਜਾਬੀ ਸਭਿਆਚਾਰ ਖਾਣ ਪੀਣ ਕਈ ਪ੍ਰਚੱਲਿਤ ਸਭਿਆਚਾਰਕ ਪਰੰਪਰਾਵਾਂ ਵਿਵਹਾਰਕ ਰੂਪ ਅਖਤਿਆਰ ਕਰਦਾ ਹੈ ਚੋਂ ਗ੍ਰਹਿਣ ਕਰਦਾ ਹੋਇਆ'।

ਪੰਜਾਬੀਆਂ ਨੇ ਆਪਣੀ ਜ਼ਿੰਦਗੀ ਦੇ ਚਾਰ ਟੀਚੇ ਮਿਥ ਰੱਖੇ ਹਨ। ਇਸ ਵਿਚ ਧਨ ਦੀ ਪ੍ਰਾਪਤੀ ,ਮੌਜ ਮੇਲਾ , ਗਿਆਨ ਦੀ ਪ੍ਰਾਪਤੀ ਤੇ ਰੂਹਾਤਮਕ ਆਜ਼ਾਦੀ ਪ੍ਰਮੁੱਖ ਹਨ। ਇਸ ਦੇ ਵਿਵਹਾਰਕ ਪੱਖ ਵਿਚ ਪੰਜਾਬੀ ਸਭਿਆਚਾਰ ਭਾਰਤੀ ਮੂਲ ਦੇ ਬਾਕੀ ਸਭਿਆਚਾਰਾਂ ਨਾਲੋਂ ਅੱਗੇ ਹੈ। ਕਿਰਤ ਕਰਨੀ ਅਤੇ ਵੰਡ ਛੱਕਣਾ ਪੰਜਾਬੀਆਂ ਸਭਿਆਚਾਰ ਦਾ ਵਿਸ਼ੇਸ਼ ਖਾਸਾ ਹੈ। ਪੰਜਾਬੀ ਸਭਿਆਚਾਰ ਨੂੰ ਪ੍ਰਫੁੱਲਿਤ ਕਰਨ ਵਿਚ ਸਿੱਖ ਗੁਰੂਆਂ ਦਾ ਰੋਲ ਬਹੁਤ ਮਹੱਤਵਪੂਰਨ ਹੈ। ਪੰਜਾਬ ਸਾਹਿਤ ਸਿਰਜਨਾ ਦੇ ਖੇਤਰ ਵਿਚ ਹਮੇਸ਼ਾ ਮੋਹਰੀ ਰਿਹਾ ਹੈ। ਰਿਗਵੇਦ ਤੋਂ ਲੈ ਕੇਗੁਰੂ ਗ੍ਰੰਥ ,ਰਮਾਇਣ ,ਪੁਰਾਣ ,ਗੀਤਾ , ਸਾਹਿਬ ਆਦਿ ਦੀ ਰਚਨਾ ਪੰਜਾਬ ਦੀ ਧਰਤੀ ਉੱਤੇ ਹੋਈ ਹੈ। ਇਹ ਲਿਖਤਾਂ ਭਾਰਤ ਤੇ ਸੰਸਾਰ ਵਿਚ ਉੱਤਮ ਦਰਜ਼ਾ ਰੱਖਦੀਆਂ ਹਨ। ਇਹ ਲਿਖਤਾਂ ਪੰਜਾਬੀ ਜੀਵਨ ਦੇ ਸਭਿਆਚਾਰ ਨੂੰ ਹੀ ਪ੍ਰਤੀਬਿੰਬਤ ਕਰਦੀਆਂ ਹਨ। ਪੰਜਾਬੀ ਸਭਿਆਚਾਰ ਮਨੁੱਖ ਅਤੇ ਬ੍ਰਹਿਮੰਡ ਨੂੰ ਇਕਹਿਰੇ ਅਨੁਭਵ ਵਜੋਂ ਸਵੀਕਾਰ ਕਰਦਾ ਹੈ। ਜੜ੍ਹਤਾਅਰਧ ਚੇਤਨਾ ਮਨੁੱਖ ਦੀ , ਉਸਦੇ ਵਿਸ਼ਵਾਸ਼ ਤੇ ਧਾਰਨਾਵਾਂ ਨੂੰ ਸਿਰਜਦੇ ਹਨ ,ਅਨੁਭਵ ਜ਼ਿੰਦਗੀ ਦਾ ਭਾਗ ਬਣਦੇ ਹਨ। ਇਹ ਪੰਜਾਬੀ ਮਨੁੱਖ ਦੇ। ਪੰਜਾਬੀ ਮਨੁੱਖ ਦੀ ਆਤਮਾ ਬ੍ਰਹਿਮੰਡ ਦੀ ਧੁਨੀ ਦੇ ਨਾਲ ਇੱਕ ਸੁਰ ਹੈ। ਪੰਜਾਬੀ ਮਨੁੱਖ ਬ੍ਰਹਿਮੰਡ ਦਾ ਹੀ ਇਕ ਭਾਗ ਹੈ। ਇਸ ਤੋਂ ਭਾਵ ਹੈ ਕਿ ਸਾਰਾ ਬ੍ਰਹਿਮੰਡ ਇੱਕ ਚੇਤਨ ਹੋਂਦ ਦੇ ਰੂਪ ਵਿਚ ਉਸਦੀ ਸੰਸਾਰਕ ਚੇਤਨਾ ਦਾ ਭਾਗ ਹੈ। ਪੰਜਾਬੀ ਸਭਿਆਚਾਰ ਅਖੰਡ ਰੂਪ ਵਿਚ ਆਪਣੇ ਆਸ਼ੇਅੰਗਾਂ ਅਤੇ ਧਾਰਨਾਵਾਂ ਨੂੰ ਵਿਲੱਖਣ ਤੌਰ ਤੇ , ਸੰਚਾਰਤ ਕਰਦਾ ਹੈ। ਪੰਜਾਬੀ ਸਭਿਆਚਾਰ ਵਿਵਹਾਰਕ ਪੱਖ ਤੋਂ ਆਪਣਾ ਸਰੂਪ ਵਿਭਿੰਨ ਸਭਿਆਚਾਰਾਂ ਦੇ ਅੰਸ਼ਾ ਤੋਂ ਅਖਤਿਆਰ ਕਰਦਾ ਹੈ।

## ਪੰਜਾਬੀ ਸਭਿਆਚਾਰ: ਵਿਵਹਾਰਕ ਪਰਿਪੇਖ

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਪੰਜਾਬੀ ਸਭਿਆਚਾਰਜਾਣਕਾਰੀ ਦੇਣਾ ਹੈ ਪੰਜਾਬੀਅਤ ਬਾਰੇ :।

ਪੰਜਾਬੀ ਸਭਿਆਚਾਰ ਵੱਖਵੱਖ ਸਭਿਆਚਾ-ਰਕ ਪਰੰਪਰਾਵਾਂ ਤੋਂ ਅੰਸ਼ ਪ੍ਰਾਪਤ ਕਰਕੇ ਆਪਣੇ ਸਰੂਪ ਨੂੰ ਗ੍ਰਹਿਣ ਕਰਦਾ ਹੈ। ਪੰਜਾਬੀ ਸਭਿਆਚਾਰ ਪੁਰਾਤਨ ਇਤਿਹਾਸ ਦੀ ਯਾਤਰਾ ਤੋਂ ਲੈ ਸਿੰਧੂ ਘਾਟੀ ਦੀ ਸਭਿਅਤਾ ਤੇ ਅਜੋਕੇ ਵਿਕਾਸ ਤਕ ਲੰਬੀ ਯਾਤਰਾ ਦਾ ਸੂਚਕ ਹੈ। ਪੂਰਵਵੈਦਿਕ ਕਾਲ ਦਾ ,ਆਰੀਆ ਸਭਿਆਚਾਰ ,ਆਰੀਆਈ ਸਭਿਆਚਾਰ- ਨਿਸ਼ਦ ਕਾਲ ਦਾ ਸਭਿਆਚਾਰ ਅਤੇ ਉਸ-ਉਪ ,ਸਭਿਆਚਾਰਤੋਂ ਬਾਅਦ ਦਾ ਸਭਿਆਚਾਰਸਾਰੇ ਹੀ ਪੰਜਾਬੀ , -ਲੋਕ ,ਗੀਤਾਂ-ਲੋਕ ,ਰਿਵਾਜ਼-ਰੀਤੀ ,ਬਹਿਣੀ-ਰਹਿਣੀ ,ਵਿਸ਼ਵਾਸ਼ਾਂ ,ਸਭਿਆਚਾਰ ਹੀ ਹਨ। ਸਭ ਦੀ ਸ਼ਾਪ ਪੰਜਾਬੀ ਜੀਵਨ ਪਹਿਨਣ ਆਦਿ ਵਿਚ ਸਪੱਸ਼ਟ ਨਜ਼ਰ ਆਉਂਦੀ ਹੈ-ਖਾਣ ,ਭਾਸ਼ਾ ,ਕਥਾਵਾਂ-ਲੋਕ ,ਰਹੁ ਰੀਤਾਂ। ਆਰੀਆਂ ਦੇਵੀਵਤਿਆਂ ਦੇ ਦੇ- -ਨਾਲ ਪੂਰਵ ਆਰੀਆਈ ਧਰਮ ਦੇ ਕੁਝ ਅੰਸ਼ ਸਾਡੇ ਲੋਕ-ਨਾਲਵਿਸ਼ਵਾਸ਼ਾਂ ਵਿਚ ਮੌਜੂਦ ਹਨ। ਪੰਜਾਬੀ ਸਭਿਆਚਾਰ ਮਿਸ਼ਰਤ ਸਭਿਆਚਾਰਾਂ ਦਾ ਧਾਰਨੀ ਬਣਦਾ ਹੈਜਿਸ ਵਿਚ ਕਈ ਸਭਿਆਚਾਰਾ ਦੇ ਅੰਸ਼ ਇਸ ਦੀ ਘਾੜਤ ਵਿਚ ਆਪਣਾ , ਵਿਸ਼ੇਸ਼ ਰੋਲ ਨਿਭਾਉਂਦੇ ਹਨ।

ਪੰਜਾਬੀਅਤ ਦਾ ਇਹ ਸੰਕਲਪ ਮੂਲਰੂਪ ਵਿਚ ਭਾਰਤੀ ਉਪ ਮਹਾਂਦੀਪ ਦੇ ਉਸ ਭੂਗੋਲਿਕ ਖਿੱਤੇ ਦੀ ਸਭਿਆਚਾਰਕ ਵਿਰਾਸਤ ਦੇ ਹਵਾਲੇ ਨਾਲ ਪਰਿਭਾਸ਼ਿਤ ਹੁੰਦਾ ਹੈ ਜਿਸ ਨੂੰ ਪੰਜ ਦਰਿਆਵਾਂ ਦੀ ਧਰਤੀ ਜਾਂ ਪੰਜਾਬ ਦਾ ਸਰੂਪ ਕਈ 'ਪੰਜਾਬੀਅਤ' ਤੇ 'ਪੰਜਾਬੀ' ਆਖਿਆ ਜਾਂਦਾ ਹੈ। ਪੰਜਾਬੀ ਸਭਿਆਚਾਰ ਵਿਚ (ਆਬ-ਪੰਜ) ਸਭਿਆਚਾਰਾਂ ਦੇ ਅੰਸ਼ਾ ਚੋਂ ਨਿਖਰਦਾ ਹੈ। ਪੰਜਾਬ ਨਾਗੀਫਾਰਸੀ ਦੇ ਕਈ ਸਭਿਆਚਾਰਾਂ ਦੀ ਰਣ ,ਯੂਨਾਨੀ ,ਆਰੀਆ , ' ਅਤੇ ਨਿਵਾਸ ਭੂਮੀ ਰਿਹਾ ਹੈ ਅਤੇ ਇਸ ਦੇ ਪਹਿਲਾਂ ਨਾਂ ਵੀਵਾਹਲੀਕਆਦਿ 'ਪੰਜ ਨੰਦ' ,'ਸਿੰਧੂ-ਸਪਤ' ,'ਉਦਿਚਿ' ,' ਰਹੇ ਹਨ। ਪੰਜਾਬ ਨਾਂ ਬਹੁਤ ਦੇਰ ਬਾਅਦ ਆਉਂਦਾ ਹੈ। ਇਲਾਕਾ ਸਿੰਧ ਮਹਾਂ ਨਦ ਤੋਂ ਸਰਸਵਤੀ ਜਾਂ ਅੱਜ ਦੇ ਮਾਰਕੰਡੇ ਦਰਿਆ ਦੇ ਨੇੜੇ ਤਕ ਫੈਲਿਆ ਹੋਇਆ ਸੀਜਾਬ ਸੀ ਪਰ ਸਮੇਂ ਨਾਲ ਇਸ ਦੀਆਂ ਭੂਗੋਲਿਕ ਤੇ ਰਾਜਸੀ ਇਹੀ ਪੁਰਾਣਾ ਪੰ , ਤਬਦੀਲੀਆਂ ਹੁੰਦੀਆਂ ਰਹੀਆਂ ਹਨ। ਅੱਜ ਇਹ ਪੰਜਾਬਹਿਮਾਚਲ ਅਤੇ ਹਰਿਆਣਾ ਦੇ ,ਪੂਰਬੀ ਪੰਜਾਬ ,ਪੰਜਾਬ-ਪੱਛਮੀ , ਕੁਝ ਖੇਤਰਾਂ ਵਿਚ ਵੰਡਿਆ ਗਿਆ ਹੈ। ਜਿਸ ਪੰਜਾਬੀਅਤ ਦਾ ਸੰਕਲਪ ਅਤੇ ਅਭਿਆਸ ਵਿਚ ਪਹਿਲਾ ਚਿਤਵਿਆ ਗਿਆ ਹੈਉਸ ਦਾ ਸੰਬੰਧ ਅਖੰਡਿਤ ਪੰਜਾਬ ਨਾਲ ਹੈ ,। ਇਸ ਦਾ ਸੰਕਲਪ ਵੈਦਿਕ ਕਾਲ ਤੋਂ ਜੁੜਦਾ ਹੈ। ਵੇਦਾਂ ਅਤੇ ਉਪਨਿਸ਼ਦਾ - ਉਸ ਦਾ ਸੰਬੰਧ ਪੰਜਾਬੀਅਤ ਨਾਲ ਸਿੱਧਾ ਭਾਵੇਂ ਨਹੀਂ ,ਦੀ ਰਚਨਾ ਦਾ ਸਾਹਿਤ ਜੋ ਪੰਜਾਬ ਦੀ ਧਰਤੀ ਤੇ ਰਚਿਆ ਗਿਆ ਜੁੜਦਾ ਪਰ ਇਸ ਦੇ ਪ੍ਰਮਾਣਿਕ ਹੋਣ ਦੀ ਨੀਂਹ ਬੱਝਦੀ ਹੈ।

ਪੰਜਾਬੀਅਤ ਦਾ ਨਿਰਮਾਣ ਪੰਜਾਬ ਦੇ ਭੂਗੋਲ ਤੋਂ ਬਿਨਾਂਇਸ ਦੇ ਮੂਲ ਗ੍ਰੰਥ ਸ੍ਰੀ ਗੁਰੂ ਗ੍ਰੰਥ ,ਪੰਜਾਬੀ ਭਾਸ਼ਾ , ਸਾਹਿਬ ਦੇ ਹੋਂਦਵਿਚ ਆਉਣ ਨਾਲ ਹੀ ਹੁੰਦਾ ਹੈ। ਪੰਜਾਬੀਅਤ ਦਾ ਘਰ ਪੰਜਾਬ ਹੈ।ਉਹ ਪੰਜਾਬ ਜਿੱਥੇ ਪੰਜਾਬੀ ਭਾਸ਼ਾ , ਬੋਲੀ ਜਾਂਦੀ ਹੈ ਅਤੇ ਇਸ ਦੇ ਮੂਲ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਿੱਤੇ ਗਏ ਮਾਡਲ ਵਿਚਾਰਾਂ ਦਾ ਅਭਿਆਸ ਕੀਤਾ ਜਾਂਦਾ ਹੈ। ਅਜੋਕੇ ਦੌਰ ਵਿਚ ਪੰਜਾਬੀਅਤ ਦਾ ਸੰਕਲਪ ਹੁਣ ਨਿਰੋਲ ਖੇਤਰੀ ਪਛਾਣ ਤਕ ਸੀਮਿਤ ਨਹੀਂ ਰਿਹਾ। ਇਹ ਰਾਜਨੀਤਕ ਅਤੇ ਭੂਗੋਲਿਕ ਹੱਦਾਂਵਿਦੇਸ਼ ਵਿਚ ਫੇਲੈ ਉਸ ਵਿਸ਼ਾਲ ਪੰਜਾਬੀ -ਬੰਦੀਆਂ ਤੋਂ ਪਾਰ ਵਸਦੇ ਅਤੇ ਦੇਸ਼-

ਆਪਣੀਆਂ ਲੋਕਧਾਰਾਈ ,ਸਭਿਆਚਾਰ-ਆਪਣੇ ਸਾਹਿਤ ,ਭਾਈਚਾਰੇ ਨਾਲ ਸੰਬੰਧਤ ਹੋ ਗਿਆ ਹੈ ਜਿਸ ਨੇ ਆਪਣੀ ਭਾਸ਼ਾ ਜੀਵਨ ਦਰਸ਼ਨ ਅਤੇ ਜੀਵਨ ਸ਼ੈਲੀ ਦੇ ਹਵਾਲੇ ਨਾਲ ਆਪਣੀ ਨਿਵੇਕਲੀ ਪਛਾਣ ਸਥਾਪਿਤ ਕਰਨ ਦਾ ਆਪਣੇ ,ਰੀਤਾਂ ਉਪਰ਼ਾਲਾ ਕੀਤਾ ਹੈ। ਦੁਨੀਆਂ ਦੇ ਵੱਖਪੰਜਾਬੀਅਤ ਦੀ ਵਿਆਖਿਆ ਕਰਦੀ ਰਹਿੰਦੀ ,ਵੱਖ ਹਿੱਸਿਆਂ ਵਿਚ ਬੈਠੇ ਪੰਜਾਬੀ-ਹੈ।

ਪੰਜਾਬੀਅਤ ਮੂਲ ਰੂਪ ਵਿਚ ਪੰਜਾਬੀ ਭਾਈਚਾਰੇ ਦੀ ਨਵੇਕਲੀ ਪਛਾਣ ਦਾ ਲਖਾਇਕ ਸੰਕਲਪ ਹੈ। ਪੰਜਾਬੀ ਬੰਦੇ ਦੀ ਇਹ ਪਛਾਣ ਮੁੱਖ ਤੌਰ ਤੇ ਉਸਦੀ ਭਾਸ਼ਾਰਿਵਾਜ਼ ਅਤੇ ਉਸਦੀ ਲੋਕਧਾਰਾਈ -ਉਸ ਦੀਆਂ ਸਭਿਆਚਾਰਕ ਰੀਤਾਂ , ਵਿਰਾਸਤ ਦੇ ਮਾਧਿਅਮ ਰਾਹੀਂ ਸਥਾਪਿਤ ਹੁੰਦੀ ਹੈ। ਇਹ ਪਛਾਣ ਉਸਦੀ ਜਾਤ ਬਰਾਦਰੀਨਸਲ -ਰੰਗ ,ਕੌਮੀਅਤ-ਕੌਮ , ਸਮਾਨੰਤਰ ਤੇ ਸੁਤੰਤਰ ਪਛਾਣ ਹੈ ,ਸੰਪ੍ਰਦਾਇ ਦੇ ਹਵਾਲੇ ਨਾਲ ਸਥਾਪਿਤ ਹੋਣ ਵਾਲੀ ਪਛਾਣ ਨਾਲੋਂ ਵੱਖਰੀ-ਅਤੇ ਧਰਮ ਸਾਰੇ ਤੱਤਾਂ ਨੂੰ ਆਪਣੇ ਅੰਦਰ ਸਮੋ ਲੈਂਦੀ ਹੈ ਜੋ ਇਨ੍ਹਾਂ। ਪੰਜਾਬੀ ਬੰਦਾ ਹਿੰਦੂ ,ਸਿੱਖ ,ਮੁਸਲਮਾਨ ,ਈਸਾਈ ,ਜੈਨੀ ,ਬੋਧੀ , ਭਾਰਤੀ ਜਾਂ ਪਾਕਿਸਤਾਨੀ ਹੁੰਦਾ ਹੋਇਆ ਵੀ ਪੰਜਾਬੀ ਹੋਣ ਨਾਤੇ ਪੰਜਾਬੀ ਹੀ ਅਖਵਾਉਂਦਾ ਹੈ। ਇਸ ਪ੍ਰਕਾਰ ਪੰਜਾਬੀਅਤ ਦਾ ਇਹ ਸੰਕਲਪ ਸਮੂਹ ਪੰਜਾਬੀਆਂ ਨੂੰ ਪਰਸਪਰ ਸਾਂਝ ਦੇ ਅਜਿਹੇ ਧਰਾਤਲ ਤੇ ਲਿਆ ਖੜ੍ਹਾ ਕਰਦਾ ਹੈ ਜਿੱਥੇ ਉਨ੍ਹਾਂ ਦੇ ਹੋਰ ਦੂਸਰੇ ਪਛਾਣਅੰਦਾਜ਼ੀ ਨਹੀਂ ਕਰ-ਚਿੰਨ੍ਹ ਕਿਸੇ ਕਿਸਮ ਦੀ ਦਖਲ-ਦੇ।

ਪੰਜਾਬੀਅਤ ਦਾ ਨਿਰਮਾਣ ਕਰਨ ਵਾਲੇ ਤਿੰਨ ਹੀ ਤੱਤਸਭਿਆਚਾਰ ਅਤੇ ਲੋਕਧਾਰਾ ਆਪਣੀ ਸੁਤੰਤਰ ,ਭਾਸ਼ਾ , ਕੌਮ ਜਾਂ ਕੌਮੀਅਤ ਦੇ ਸੰਕਲਪਾਂ ਨਾਲ ਰਲਗਡ ਕਰਕੇ ਦੇਖਣਾ ,ਇਹਨਾਂ ਤੱਤਾਂ ਨੂੰ ਕਿਸੇ ਧਰਮ ਹੈਸੀਅਤ ਰੱਕਦੇ ਹਨ। ਉਚਿਤ ਨਹੀਂ ਮੰਨਿਆ ਗਿਆ। ਪੰਜਾਬੀ ਬੰਦੇ ਦੀ ਪਛਾਣ ਸਥਾਪਿਤ ਕਰਨ ਵਾਲਾ ਬੁਨਿਆਦੀ ਤੱਤ ਪੰਜਾਬੀ ਭਾਸ਼ਾ ਨੂੰ ਕੇਂਦਰੀ ਮਹੱਤਵ ਪ੍ਰਾਪਤ ਹੈ। ਭਾਸ਼ਾ ਦੇ ਸੰਗਠਨ ਵਿਚ ਢਲਣ ਤੋਂ ਪਹਿਲਾਂ ਗਿਆਨ ਦਾ ਕੋਈ ਰੂਪ ਜਾਂ ਆਕਾਰ ਨਹੀਂ ਹੁੰਦਾ। ਇਸ ਨੂੰ ਭਾਸ਼ਾ ਰਾਹੀਂ ਹੀ ਸਿਰਜਿਆ ਤੇ ਸੰਚਾਰਿਆ ਜਾ ਸਕਦਾ ਹੈ। ਭਾਸ਼ਾ ਵੀ ਕੁਦਰਤੀ ਦਾਤ ਨਹੀਂ ਹੈ। ਪਰਿਵਾਰ ਅਤੇ ਸਮਾਜ ਦੇ ਸਾਂਝੇ ਮਾਹੌਲ ਵਿਚ ਬੰਦਾ ਅਰਜਿਤ ਕਰਦਾ ਹੈ। ਪੰਜਾਬੀਅਤਪੰਜਾਬੀ ਸਭਿਆਚਾਰ ਤੇ , ਲੋਕਧਾਰਾ ਦੇ ਖਾਸੇ ਚੋਂ ਵਿਭਿੰਨ ਹਾਲਤਾ ਦੇ ਰਾਹੀਂ ਉਭਰਦੀ ਹੈ ਤੇ ਪੰਜਾਬੀ ਬੰਦੇ ਦੀ ਸ਼ਨਾਖਤ ਨੂੰ ਪਛਾਣ ਦੇਂਦੀ ਹੈ।

**ਪੰਜਾਬੀ ਸਭਿਆਚਾਰ : ਪੰਜਾਬੀਅਤ**

ਪੰਜਾਬੀ ਸਭਿਆਚਾਰ ਵਿੱਚ ਪੰਜਾਬੀਅਤ ਇਕ ਅਜਿਹਾ ਸੰਕਲਪ ਹੈ ਜਿਸਦਾ ਘੇਰਾ ਬਹੁਤ ਵਿਸ਼ਾਲ ਹੈ। ਪੰਜਾਬੀਅਤ ਦਾ ਸੰਕਲਪ, ਪੰਜਾਬੀ ਹੋਣ ਦੀ ਪਛਾਣ, ਇਸਦੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨਾਲ ਜੁੜਿਆ ਹੈ। ਇਸ ਤਰ੍ਹਾਂ ਪੰਜਾਬੀਅਤ ਦਾ ਸੰਕਲਪ, ਪੰਜਾਬ ਦੀ ਧਰਤੀ ਨਾਲ ਜੁੜੇ ਭਾਵੁਕ ਰਿਸ਼ਤੇ, ਇਸਦੀਆਂ ਰਾਜਨੀਤਿਕ ਸਥਿਤੀਆਂ ਵਿਚੋਂ ਬਣੀ ਭੂਗੋਲਿਕ ਹੋਂਦ ਅਤੇ ਸਾਹਿਤ ਤੇ ਸਭਿਆਚਾਰ ਦੀਆਂ ਮਿਸ਼ਰਤ ਸੰਵੇਦਨਾ ਭਰਪੂਰ ਤੇ ਤਨਾਅਗ੍ਰਸਤ ਸਥਿਤੀਆਂ ਵਿਚੋਂ ਉਭਰਦਾ ਹੈ। ਇਹ ਅੱਜ ਦੇ ਜ਼ਮਾਨੇ ਦੀ ਦੇਣ ਹੈ ਜੋ ਕਿ ਵਿਭਿੰਨ ਪ੍ਰਸਥਿਤੀਆਂ ਦੁਆਰਾ ਹੋਂਦ ਵਿੱਚ ਆਇਆ ਹੈ। ਪੰਜਾਬੀਅਤ ਦਾ ਸੰਕਲਪ ਪੰਜਾਬ ਦੇ ਲੋਕਾਂ ਨਾਲ ਸੰਬੰਧਿਤ ਹੈ ਇਸ ਲਈ ਪਹਿਲਾਂ ਪੰਜਾਬ ਬਾਰੇ ਜਾਣ ਲੈਣਾ ਜ਼ਰੂਰੀ ਹੈ।

**1.1 ਪੰਜਾਬ ਦਾ ਨਾਮਕਰਣ :-**

ਪੰਜਾਬ ਸ਼ਬਦ ਫ਼ਾਰਸੀ ਭਾਸ਼ਾ ਦੇ ਦੋ ਸ਼ਬਦਾਂ ਪੰਜ+ਆਬ ਤੋਂ ਮਿਲ ਕੇ ਬਣਿਆ ਹੈ। 'ਪੰਜ' ਦਾ ਅਰਥ ਹੈ ਗਿਣਤੀਮੂਲਕ ਅੰਕ ਅਤੇ 'ਆਬ' ਦਾ ਅਰਥ ਹੈ ਪਾਣੀ। ਇਸ ਲਈ ਪੰਜਾਬ ਤੋਂ ਭਾਵ ਹੈ ਪੰਜ ਪਾਣੀਆਂ ਅਰਥਾਤ ਪੰਜ ਦਰਿਆਵਾਂ ਦੀ ਧਰਤੀ। ਇਹ ਪੰਜ ਦਰਿਆ ਸਤਲੁਜ, ਬਿਆਸ, ਰਾਵੀ, ਚਨਾਬ ਤੇ ਜੇਹਲਮ ਹਨ। ਪੰਜਾਬ ਨੂੰ ਵੱਖ-ਵੱਖ

ਯੁੱਗਾਂ ਵਿੱਚ ਵੱਖ-ਵੱਖ ਨਾਵਾਂ ਨਾਲ ਜਾਣਿਆ ਜਾਂਦਾ ਸੀ। 'ਰਿਗਵੇਦ' ਆਰੀਆ ਦਾ ਪ੍ਰਾਚੀਨ ਗ੍ਰੰਥ ਹੈ ਅਤੇ ਵੈਦਿਕ ਕਾਲ ਵਿੱਚ ਇਸ ਗ੍ਰੰਥ ਵਿੱਚ ਪੰਜਾਬ ਨੂੰ 'ਸਪਤ ਸਿੰਧੂ' ਨਾਮ ਨਾਲ ਜਾਣਿਆ ਜਾਂਦਾ ਸੀ। ਜਿਸਦਾ ਅਰਥ ਸੀ ਸੱਤ ਨਦੀਆਂ ਜਾਂ ਸੱਤ ਦਰਿਆਵਾਂ ਦੀ ਧਰਤੀ। ਇਹ ਸੱਤ ਨਦੀਆਂ-ਸਿੰਧੂ, ਵਿਤਸਤਾ (ਜੇਹਲਮ), ਅਸਿਕਨੀ (ਚਨਾਬ), ਪਰੁਸ਼ਨੀ (ਰਾਵੀ), ਵਿਪਾਸ਼ਾ (ਬਿਆਸ), ਸ਼ਤੁੱਦਰੀ(ਸਤਲੁਜ), ਅਤੇ ਸਰਸਵਤੀ। ਅੱਜ ਸਰਸਵਤੀ ਨਦੀ ਅਲੋਪ ਹੋ ਚੁੱਕੀ ਹੈ। ਪੁਰਾਤਨ ਮਾਹਾਂਕਾਵਿ ਰਮਾਇਣ, ਮਾਹਾਂਭਾਰਤ ਅਤੇ ਪੁਰਾਣਾਂ ਵਿੱਚ ਪੰਜਾਬ ਨੂੰ 'ਪੰਚਨਦ' ਦੇ ਨਾਮ ਨਾਲ ਜਾਣਿਆ ਜਾਦਾ ਸੀ। ਫਿਰ ਯੂਨਾਨੀਆਂ ਨੇ ਜਦੋਂ ਪੰਜਾਬ ਉੱਤੇ ਕਬਜ਼ਾ ਕੀਤਾ ਤਾਂ ਇਹਨਾਂ ਨੇ ਪੰਜਾਬ ਨੂੰ 'ਪੈਂਟਾਪੋਟਾਮੀਆ' ਦਾ ਨਾਮ ਦਿੱਤਾ। ਇਹ ਯੂਨਾਨੀ ਭਾਸ਼ਾ ਦਾ ਸ਼ਬਦ ਹੈ। 'ਪੈਂਟਾ' ਦਾ ਅਰਥ ਹੈ 'ਪੰਜ' ਅਤੇ 'ਪੋਟਾਮੀਆ' ਦਾ ਅਰਥ ਹੈ 'ਨਦੀ' ਭਾਵ ਪੰਜ ਨਦੀਆਂ ਦੀ ਧਰਤੀ। ਜਦੋਂ 1947 ਵਿੱਚ ਭਾਰਤ-ਪਾਕਿਸਤਾਨ ਦੀ ਵੰਡ ਹੋਈ ਤਾਂ ਇਸ ਨਾਲ ਪੰਜਾਬ ਵੀ ਦੋ ਭਾਗਾਂ ਵਿੱਚ ਵੰਡਿਆ ਗਿਆ। ਇਸ ਵੰਡ ਤੋਂ ਮਗਰੋਂ ਪੰਜਾਬ ਦਾ ਜਿਹੜਾ ਭਾਗ ਪਾਕਿਸਤਾਨ ਦੇ ਹਿੱਸੇ ਆਇਆ ਉਸਨੂੰ 'ਪੱਛਮੀ ਪੰਜਾਬ' ਦਾ ਨਾਮ ਦਿੱਤਾ ਗਿਆ ਜਿਸ ਵਿੱਚ ਰਾਵੀ, ਚਨਾਬ ਤੇ ਜੇਹਲਮ ਦੇ ਇਲਾਕੇ ਸ਼ਾਮਿਲ ਹਨ। ਭਾਰਤੀ ਪੰਜਾਬ ਨੂੰ ਪੂਰਬੀ ਪੰਜਾਬ ਕਿਹਾ ਜਾਂਦਾ ਹੈ ਤੇ ਇਸ ਵਿੱਚ ਬਿਆਸ ਅਤੇ ਸਤਲੁਜ ਨਦੀ ਦੇ ਇਲਾਕੇ ਸ਼ਾਮਿਲ ਹਨ, ਪ੍ਰੰਤੂ ਦੋਹਾਂ ਦੇਸ਼ਾਂ ਦੇ ਲੋਕਾਂ ਵਿੱਚ ਇਸਦਾ ਨਾਂ ਪੰਜਾਬ ਹੀ ਹਰਮਨ ਪਿਆਰਾ ਹੈ। 1966 ਵਿੱਚ ਪੰਜਾਬ ਦੀ ਦੁਬਾਰਾ ਫਿਰ ਭਾਸ਼ਾਈ ਆਧਾਰ ਤੇ ਵੰਡ ਕੀਤੀ ਗਈ ਅਤੇ ਇਸ ਵਿੱਚ ਹਰਿਆਣਾ ਨਾਮ ਦਾ ਇਕ ਵੱਖਰਾ ਪ੍ਰਾਂਤ ਬਣਾ ਦਿੱਤਾ ਗਿਆ। 1966 ਤੋਂ ਮਗਰੋਂ ਪੰਜਾਬ ਵਿੱਚ ਕੋਈ ਵੀ ਤਬਦੀਲੀ ਨਹੀਂ ਆਈ ਹੁਣ ਪੰਜਾਬ ਵਿੱਚ ਸਿਰਫ਼ ਦੋ ਦਰਿਆ ਹੀ ਰਹਿ ਗਏ ਹਨ ਪਰ ਫਿਰ ਵੀ ਇਸਦਾ ਨਾਂ ਪੰਜਾਬ ਹੀ ਹਰਮਨ ਪਿਆਰਾ ਹੈ। ਪੰਜਾਬ ਦਾ ਆਪਣਾ ਇਕ ਇਤਿਹਾਸ ਹੈ। ਇਸਦੇ ਇਤਿਹਾਸ ਤੋਂ ਪਤਾ ਲਗਦਾ ਹੈ ਕਿ ਪੰਜਾਬ ਉੱਤੇ ਲਗਾਤਾਰ ਹਮਲੇ ਹੁੰਦੇ ਆਏ ਹਨ। ਇੱਥੇ ਲਗਭਗ ਹਰ ਨਸਲ ਦੇ ਲੋਕਾਂ ਨੇ ਹਮਲਾ ਕੀਤਾ। ਸੁਲੇਮਾਨ ਅਤੇ ਕਿਰਥਾਰ ਪਹਾੜੀਆਂ ਵਿੱਚ ਸਥਿਤ ਦੱਰੇ ਜਿਹੜੇ ਪੰਜਾਬ ਦੇ ਉੱਤਰ-ਪੱਛਮ ਵਿੱਚ ਸਥਿਤ ਹਨ, ਹਮੇਸ਼ਾ ਹੀ ਹਮਲਾਵਰਾਂ ਦੇ ਭਾਰਤ ਵਿੱਚ ਪ੍ਰਵੇਸ਼ ਕਰਨ ਲਈ ਉਹਨਾਂ ਦਾ ਪ੍ਰਵੇਸ਼ ਦੁਆਰ ਰਹੇ ਹਨ। ਹੁਣ ਤੱਕ ਇੱਥੇ ਈਰਾਨੀ, ਯੂਨਾਨੀ, ਹੂਣ, ਕੁਸ਼ਾਣ, ਤੁਰਕ, ਮੰਗੋਲ ਅਤੇ ਮੁਗ਼ਲ ਆਦਿ ਵਿਦੇਸ਼ੀ ਹਮਲਾਵਰ ਇਹਨਾਂ ਦੱਰਿਆਂ ਰਾਹੀਂ ਹੀ ਭਾਰਤ ਵਿੱਚ ਆਏ ਕਿਉਂਕਿ ਇਹ ਦੱਰੇ ਹੀ ਇਕੋ-ਇਕ ਅਜਿਹਾ ਸਾਧਨ ਸਨ ਜਿਹੜੇ ਉਹਨਾਂ ਨੂੰ ਮੱਧ ਏਸ਼ੀਆ ਤੋਂ ਸਿੱਧੇ ਪੰਜਾਬ ਦੀ ਧਰਤੀ ਤੇ ਪਹੁੰਚਾ ਦਿੰਦੇ ਸਨ। ਜਦੋਂ ਵੀ ਇਹਨਾਂ ਹਮਲਾਵਰਾਂ ਨੇ ਕਿਸੇ ਪ੍ਰਦੇਸ਼ ਤੇ ਹਮਲਾ ਕਰਨਾ ਹੁੰਦਾ ਸੀ ਤਾਂ ਇਹਨਾਂ ਨੂੰ ਸਭ ਤੋਂ ਪਹਿਲਾਂ ਪੰਜਾਬ ਵਿੱਚੋਂ ਹੀ ਲੰਘਣਾ ਪੈਂਦਾ ਸੀ। ਇਸ ਲਈ ਹਰ ਵਾਰ ਇਹਨਾਂ ਵਿਦੇਸ਼ੀ ਹਮਲਾਵਰਾਂ ਦਾ ਸਭ ਤੋਂ ਪਹਿਲਾ ਸਾਹਮਣਾ ਪੰਜਾਬ ਦੇ ਲੋਕਾਂ ਨੂੰ ਹੀ ਕਰਨਾ ਪੈਂਦਾ ਸੀ। ਇਸ ਪ੍ਰਕਾਰ ਭਾਰਤੀ ਇਤਿਹਾਸ ਦੇ ਕਈ ਮਹੱਤਵਪੂਰਨ ਯੁੱਧ ਪੰਜਾਬ ਦੇ ਮੈਦਾਨਾਂ ਵਿੱਚ ਹੀ ਲੜੇ ਗਏ ਹਨ ਜਿਹਨਾਂ ਵਿੱਚ ਸਿੰਕਦਰ ਅਤੇ ਪੋਰਸ ਦਾ ਯੁੱਧ ਹੋਇਆ, ਉਸ ਤੋਂ ਮਗਰੋਂ ਤਰਾਈਨ ਵਿੱਚ ਪ੍ਰਿਥਵੀਰਾਜ ਚੌਹਾਨ ਅਤੇ ਮੁਹੰਮਦ ਗੌਰੀ ਦਾ ਯੁੱਧ ਅਤੇ ਪਾਣੀਪਤ ਦੀਆਂ ਤਿੰਨ ਲੜਾਈਆਂ ਨੇ ਭਾਰਤ ਦੇ ਇਤਿਹਾਸ ਨੂੰ ਬਦਲ ਕੇ ਰੱਖ ਦਿੱਤਾ। ਪੰਜਾਬ ਦੀ ਧਰਤੀ ਉੱਪਰ ਲੜੇ ਗਏ ਯੁੱਧ ਅਤੇ ਇੱਥੋਂ ਦੇ ਲੋਕਾਂ ਦੁਆਰਾ ਲਗਾਤਾਰ ਹਮਲਾਵਰਾਂ ਅਤੇ ਜੰਗਾਂ ਦਾ ਸਾਹਮਣਾ ਕੀਤੇ ਜਾਣ ਕਾਰਨ ਪੰਜਾਬ ਦੇ ਲੋਕਾਂ ਦੀ ਮਾਨਸਿਕਤਾ ਸਭਿਆਚਾਰ ਅਤੇ ਸਮਾਜਿਕਤਾ ਉੱਪਰ ਪ੍ਰਭਾਵ ਪੈਂਦਾ ਹੈ।

### 1.2 ਪੰਜਾਬੀਅਤ ਦੀ ਪਰਿਭਾਸ਼ਾ

ਪੰਜਾਬੀਅਤ ਦੇ ਸੰਕਲਪਗਤ ਘੇਰੇ ਨੂੰ ਵੱਖ-ਵੱਖ ਵਿਦਵਾਨਾਂ ਦੁਆਰਾ ਪਰਿਭਾਸ਼ਤ ਕਰਨ ਦਾ ਯਤਨ ਕੀਤਾ ਗਿਆ ਹੈ। ਇਹਨਾਂ ਪਰਿਭਾਸ਼ਾਵਾਂ ਵਿਚ ਪੰਜਾਬੀਅਤ ਨੂੰ ਭਾਵਨਾਤਮਕ, ਰਾਜਨੀਤਿਕ ਅਤੇ ਮਾਨਸਿਕ ਵਰਤਾਰਿਆਂ ਨਾਲ ਸੰਬੰਧਿਤ ਕਰਕੇ ਵਿਚਾਰਿਆ ਗਿਆ ਹੈ।ਇਹ ਇਕ ਅਜਿਹਾ ਸੰਕਲਪ ਹੈ ਜਿਸ ਬਾਰੇ ਲੇਖਕ ਵੱਖ ਵੱਖ ਰਾਏ ਰੱਖਦੇ ਹਨ। ਡਾ. ਧਨਵੰਤ ਕੌਰ ਪੰਜਾਬੀਅਤ ਦੇ ਸੰਕਲਪਗਤ ਘੇਰੇ ਅਤੇ ਪਛਾਣ-ਚਿੰਨ੍ਹਾਂ ਬਾਰੇ ਲਿਖਦੇ ਹਨ ਕਿ:

I. ਪੰਜਾਬੀਅਤ ਆਪਣੇ-ਆਪ ਵਿੱਚ ਕੋਈ ਸਥਿਰ ਤੇ ਅੰਤਰ-ਮੁੱਖੀ ਵਰਤਾਰਾ ਨਹੀਂ ਸਗੋਂ ਆਰਥਿਕ, ਰਾਜਸੀ ਪਰਿਵਰਤਨ ਅਧੀਨ ਉਸਰਦੀ, ਬਦਲਦੀ ਪੰਜਾਬੀ ਮਾਨਸਿਕਤਾ ਦਾ ਅਕਸ ਹੈ।[11]

II. ਜਦੋਂ ਅਸੀਂ ਪੰਜਾਬੀਅਤ ਨੂੰ ਸੰਕਲਪਗਤ ਅਰਥਾਂ ਵਿੱਚ ਵਰਤਦੇ ਹਾਂ ਤਾਂ ਅਸੀਂ ਵਸਤਾਂ ਵੱਲ ਜਾਂ ਸੰਸਥਾਵਾਂ ਵੱਲ ਰੁਚਿਤ ਨਹੀਂ ਹੁੰਦੇ ਸਗੋਂ ਸਾਡਾ ਭਾਵ ਸ਼ਖਸੀਅਤ, ਸੁਭਾਅ ਅਤੇ ਸੋਚਧਾਰਾ ਤੋਂ ਹੁੰਦਾ ਹੈ। ਪੰਜਾਬੀਅਤ ਤੋਂ ਸਾਡਾ ਭਾਵ ਪੰਜਾਬੀ ਜੁੱਸੇ ਅਤੇ ਰੂਹ ਦੀ ਤਾਸੀਰ ਤੋਂ ਹੈ ਉਹ ਜੁੱਸਾ ਜੋ ਇੱਥੋਂ ਦੇ ਦਿਲਕਸ਼ ਪੌਣ-ਪਾਣੀ ਤੇ ਵੰਗਾਰਾਂ ਭਰਪੂਰ ਹੋਣੀਆਂ ਵਿੱਚ ਉਸਰਿਆ ਹੈ।[12]

ਇਸ ਪ੍ਰਕਾਰ ਪੰਜਾਬੀਅਤ ਨੂੰ ਆਰਥਿਕ, ਰਾਜਨੀਤਿਕ, ਮਾਨਸਿਕ ਤੇ ਸਭਿਆਚਾਰਕ ਸਥਿਤੀਆਂ ਵਿਚ ਰੱਖ ਕੇ ਵਿਚਾਰਿਆ ਜਾਂਦਾ ਹੈ। ਜਿਸ ਨਾਲ ਇਸਦੇ ਸਰੂਪ ਅਤੇ ਪਰਿਭਾਸ਼ਾ ਵਿਚ ਵੀ ਵੱਖਰਤਾ ਆਉਂਦੀ ਹੈ। ਪੰਜਾਬ ਦੀਆਂ ਰਾਜਨੀਤਿਕ ਸਥਿਤੀਆਂ ਵਿਚ ਸਮੇਂ-ਸਮੇਂ ਆਉਂਦੇ ਬਦਲਾਅ ਕਾਰਨ ਇਥੋਂ ਦੇ ਲੋਕਾਂ ਦੇ ਸੁਭਾਅ, ਮਾਨਸਿਕਤਾ ਅਤੇ ਆਪਣੀ ਪਛਾਣ ਨਾਲ ਜੁੜੇ ਕਾਰਕਾਂ ਵਿਚ ਵੀ ਬਦਲਾਅ ਆਏ ਹਨ। ਭਾਵਨਾਤਮਕ ਤੌਰ ਤੇ ਪੰਜਾਬ ਦੇ ਲੋਕ ਜਿਸ ਧਰਤੀ ਨਾਲ ਜੁੜੇ ਹੋਏ ਸਨ, ਰਾਜਨੀਤਿਕ ਕਾਰਨਾਂ ਕਰਕੇ ਉਹਨਾਂ ਨੂੰ ਉਸ ਧਰਤੀ ਨਾਲੋਂ ਵੱਖ ਹੋਣਾ ਪਿਆ। ਇਸ ਨਾਲ ਜਿੱਥੇ ਉਹਨਾਂ ਦੀਆਂ ਸੰਵੇਦਨਾਵਾਂ ਨੂੰ ਠੇਸ ਪਹੁੰਚੀ, ਇਸਦੇ ਨਾਲ ਹੀ ਮਾਨਸਿਕ ਪੱਧਰ ’ਤੇ ਤਨਾਅਗ੍ਰਸਤ ਸਥਿਤੀ ਦਾ ਵੀ ਸਾਹਮਣਾ ਕਰਨਾ ਪਿਆ। ਪੰਜਾਬ ਵਿਚ ਪਏ ਇਹਨਾਂ ਵਖਰੇਵਿਆਂ ਅਤੇ ਤਨਾਅ ਤੋਂ ਉਭਰਨ ਲਈ ਅਤੇ ਦੇਸ਼, ਵਿਦੇਸ਼ ਵਿਚ ਰਹਿੰਦੇ ਪੰਜਾਬੀਆਂ ਦੀਆਂ ਵੱਖਰਤਾਵਾਂ ਦੇ ਬਾਵਜੂਦ ਉਹਨਾਂ ਵਿਚਲੇ ਸਾਂਝੇ ਸੂਤਰਾਂ, ਗਿਆਨਾਤਮਕ ਤਲਾਸ਼ ਨੂੰ ਪੰਜਾਬੀਅਤ ਅਧੀਨ ਵਿਚਾਰਿਆ ਜਾਂਦਾ ਹੈ।

**ਪੰਜਾਬੀਅਤ : ਸੰਕਲਪਗਤ ਧਾਰਨਾਵਾਂ**

ਪੰਜਾਬ ਦਾ ਆਪਣਾ ਸਭਿਆਚਾਰ ਹੈ। ਪੰਜਾਬੀ ਸਭਿਅਤਾ ਨੂੰ ਕੁਝ ਮਹੱਤਵਪੂਰਨ ਪੜਾਵਾਂ ਵਿੱਚ ਵੰਡਿਆ ਗਿਆ ਹੈ। ਜਿਹਨਾਂ ਵਿੱਚ ਸਿੰਧੂ ਘਾਟੀ ਦੀ ਸਭਿਅਤਾ, ਆਰੀਆ ਸਭਿਅਤਾ, ਇਸਲਾਮੀ ਯੁੱਗ, ਗੁਰੂ ਸਾਹਿਬਾਨ ਦੁਆਰਾ ਦਿੱਤੇ ਸਭਿਆਚਾਰ ਅਤੇ ਅੰਗਰੇਜ਼ੀ ਦੇ ਰਾਜ ਸਮੇਂ ਦੇ ਪੜਾਅ ਮੁੱਖ ਹਨ। ਸਭਿਆਚਾਰ ਇਕ ਗਤੀਸ਼ੀਲ ਵਰਤਾਰਾ ਹੈ ਇਸ ਵਿੱਚ ਸਮੇਂ ਸਮੇਂ ਤੇ ਪਰਿਵਰਤਨ ਆਉਂਦੇ ਰਹਿੰਦੇ ਹਨ।

ਪੰਜਾਬੀ ਸਭਿਆਚਾਰ ਵਿਚ ਪੰਜਾਬੀ ਲੋਕਾਂ ਦਾ ਰਹਿਣ-ਸਹਿਣ, ਪਹਿਰਾਵਾ, ਉਹਨਾਂ ਦੇ ਖੇਤੀਕਰਨ ਦਾ ਤਰੀਕਾ, ਬੋਲਚਾਲ ਆਦਿ ਸਭ ਕੁਝ ਆ ਜਾਂਦਾ ਹੈ। ਇੱਥੋਂ ਦੇ ਲੋਕਾਂ ਵਿਚ ਏਕਤਾ ਦੀ ਭਾਵਨਾ ਹੈ ਭਾਵ ਕਿ ਉਹ ਇਕ ਜੁੱਟ ਹੋ ਕੇ ਰਹਿੰਦੇ ਹਨ। ਸਭਿਆਚਾਰ ਇਕ ਜਟਿਲ ਵਰਤਾਰਾ ਹੈ, ਇਸ ਵਿਚ ਅਲੱਗ-ਅਲੱਗ ਧਰਮਾਂ ਦੇ ਲੋਕ ਰਹਿੰਦੇ ਹਨ। ਪੰਜਾਬੀ ਭਾਸ਼ਾ ਦਾ ਆਰੰਭ 9ਵੀਂ, 10ਵੀਂ ਸਦੀ ਤੋਂ ਬਣਨਾ ਸ਼ੁਰੂ ਹੋਇਆ ਅਤੇ ਉਸ ਸਮੇਂ ਤੋਂ ਹੀ ਪੰਜਾਬੀ ਸਭਿਆਚਾਰ ਦਾ ਰੂਪ ਬਣਨਾ ਸ਼ੁਰੂ ਹੋਇਆ ਹੈ। ਪੰਜਾਬ ਦਾ ਆਰੰਭ ਸਪਤ ਸਿੰਧੂ ਤੋਂ ਹੋਇਆ ਮੰਨਿਆ ਜਾਂਦਾ ਹੈ ਜਿਸਦਾ ਭਾਵ ਹੈ ਸੱਤ ਦਰਿਆਵਾਂ ਦੀ ਧਰਤੀ। ਸਪਤ ਸਿੰਧੂ ਦੇ ਕਈ ਪ੍ਰਾਚੀਨ ਨਮੂਨੇ ਕਈ ਥਾਵਾਂ ਦੀ ਖੁਦਾਈ ਕਰਨ ਨਾਲ ਪ੍ਰਾਪਤ ਹੁੰਦੇ ਹਨ ਇਸ ਲਈ ਇਸਨੂੰ ਹੜੱਪਾ ਸਭਿਅਤਾ ਵੀ ਕਿਹਾ ਜਾਂਦਾ ਹੈ। ਪੰਜਾਬੀ ਸਭਿਆਚਾਰ ਉੱਤੇ ਮੁਸਲਮਾਨੀ ਹਮਲਿਆਂ ਦਾ ਬਹੁਤ ਪ੍ਰਭਾਵ ਪਿਆ। ਪੰਜਾਬ ਉੱਤੇ ਸਭ ਤੋਂ ਪਹਿਲਾ ਹਮਲਾ 712 ਈ. ਵਿੱਚ ਮੁਹੰਮਦ ਬਿਨ ਕਾਸਿਮ ਨੇ ਕੀਤਾ ਜਿਸਨੇ ਪੰਜਾਬੀ ਸਭਿਆਚਾਰ ਨੂੰ ਬਹੁਤ ਪ੍ਰਭਾਵਿਤ ਕੀਤਾ।

ਮੱਧ ਯੁੱਗ ਵਿਚ ਪੰਜਾਬੀ ਸਭਿਆਚਾਰ ਦੇ ਇਤਿਹਾਸ ਵਿਚ ਇਕ ਨਵਾਂ ਯੁੱਗ ਗੁਰੂ ਨਾਨਕ ਦੇਵ ਜੀ ਨਾਲ ਸ਼ੁਰੂ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਪਹਿਲੇ ਗੁਰੂ ਹੋਏ ਹਨ। ਇਹ ਸਿੱਖਾਂ ਦੇ ਲਈ ਗੁਰੂ ਅਤੇ ਮੁਸਲਮਾਨਾਂ ਦੇ ਪੀਰ ਕਹਾਏ। ਗੁਰੂ ਨਾਨਕ ਦੇਵ ਜੀ ਨੇ ਸਭ ਨੂੰ ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ ਦਾ ਆਦੇਸ਼ ਦਿੱਤਾ। ਦੱਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਬੀ ਸਭਿਆਚਾਰ ਨੂੰ ਹੋਰ ਅੱਗੇ ਵਧਾਉਣ ਲਈ ਤੇ ਪੰਜਾਬੀਆਂ ਨੂੰ ਇਕੱਠੇ ਕਰਨ ਲਈ ਖਾਲਸਾ ਪੰਥ ਦੀ ਸਥਾਪਨਾ ਕਰਕੇ ਪੰਜਾਬ ਵਿਚ ਨਵੀਂ ਪੀੜ੍ਹੀ ਦੀ ਸਿਰਜਣਾ ਕੀਤੀ। ਪੰਜਾਬੀ ਸਭਿਅਚਾਰ ਦੇ ਇਸ ਦੌਰ ਨੂੰ ਸੁਤੰਤਰ ਅਤੇ ਮੌਲਿਕ ਪਛਾਣ ਦਾ ਸੁਨਹਿਰੀ ਦੌਰ ਕਿਹਾ ਜਾ ਸਕਦਾ ਹੈ। ਵੱਖ-ਵੱਖ ਧਰਮਾਂ ਦੇ ਸੁਮੇਲ ਨੇ ਪੰਜਾਬੀਅਤ

ਵਿਚਲੀ ਧਾਰਮਿਕ ਸਾਂਝ ਦੇ ਨਕਸ਼ ਉਭਾਰੇ। ਇਸ ਸਾਂਝ ਨੇ ਪੰਜਾਬੀ ਸਭਿਆਚਾਰ ਨੂੰ ਬਹੁਤ ਪ੍ਰਭਾਵਿਤ ਕੀਤਾ। ਜਿਸ ਨਾਲ ਪੰਜਾਬੀਅਤ ਦੇ ਸੰਕਲਪ ਵਿਚ ਵਿਲੱਖਣਤਾ ਅਤੇ ਸਮਾਨਤਾ ਦੇ ਸੁਮੇਲ ਦਾ ਨਿਵੇਕਲਾ ਮੁਹਾਂਦਰਾ ਉੱਭਰਦਾ ਹੈ।

ਪੰਜਾਬੀ ਸਭਿਆਚਾਰ ਦੇ ਅਗਲੇ ਪੜਾਅ ਵਿੱਚ ਅੰਗਰੇਜ਼ਾਂ ਨੇ ਪੰਜਾਬ ਉੱਤੇ ਆਪਣਾ ਹੱਕ ਜਮਾਉਣ ਲਈ ਵਿਸ਼ੇਸ਼ ਯਤਨ ਕੀਤੇ। ਇਸ ਨਾਲ ਪੰਜਾਬੀ ਜਨ-ਸਧਾਰਨ ਦੇ ਵਿਕਾਸ ਰਾਹੀਂ ਪੂੰਜੀਵਾਦੀ, ਆਰਥਿਕ ਸਥਿਤੀ ਉੱਪਰ ਅਜਿਹਾ ਪ੍ਰਭਾਵ ਪਿਆ ਕਿ ਇਸਦੇ ਪਰਿਣਾਮ ਬਹੁਤ ਭਿਅੰਕਰ ਨਿਕਲੇ। ਜੇਕਰ ਇਨ੍ਹਾਂ ਪ੍ਰਭਾਵਾਂ ਨੂੰ ਖੋਲ੍ਹ ਕੇ ਦੇਖਿਆ ਜਾਵੇ ਤਾਂ ਬਹੁਤ ਹੀ ਦਿਲਚਸਪ ਨਤੀਜੇ ਨਿਕਲਦੇ ਹਨ। ਪੰਜਾਬੀ ਸਭਿਆਚਾਰ ਦੇ ਅਲੋਪ ਹੋਣ ਦਾ ਮੁੱਖ ਕਾਰਨ ਅੰਗਰੇਜ਼ੀ ਭਾਸ਼ਾ ਦੇ ਅਧਿਐਨ ਤੇ ਅਧਿਆਪਨ, ਉਨ੍ਹਾਂ ਵਰਗੇ ਸਕੂਲਾਂ, ਕਾਲਜਾਂ ਵਿਚ ਈਸਾਈ ਧਰਮ ਦੇ ਫੈਲਾਅ ਆਦਿ ਦੀ ਬਹੁਤ ਵੱਡੀ ਭੂਮਿਕਾ ਕਹੀ ਜਾ ਸਕਦੀ ਹੈ। ਪੰਜਾਬੀ ਸਭਿਆਚਾਰ ਨੂੰ ਖਤਮ ਕਰਨ ਲਈ ਪੰਜਾਬੀਆਂ ਨੂੰ ਇਸਾਈ ਧਰਮ ਅਪਨਾਉਣ ਲਈ ਮਜਬੂਰ ਕੀਤਾ ਗਿਆ। ਅੰਗਰੇਜ਼ਾਂ ਦੇ ਪੰਜਾਬ ਵਿਚ ਆਉਣ ਨਾਲ ਵਿਅਕਤੀਗਤ ਰੁਚੀਆਂ ਜ਼ੋਰ ਪਕੜਨ ਲੱਗੀਆਂ, ਨਵੇਂ ਕਿੱਤਿਆਂ ਦੀ ਭਾਲ ਕਰਨ ਨਾਲ ਸੰਯੁਕਤ ਪਰਿਵਾਰ ਦੀ ਥਾਂ ਇਕਹਿਰੇ ਪਰਿਵਾਰਾਂ ਦੀ ਰੁਚੀ ਪ੍ਰਬਲ ਹੋਣ ਲੱਗ ਪਈ। 1947 ਵਿੱਚ ਦੇਸ਼ ਦੇ ਅਜ਼ਾਦ ਹੋਣ ਮਗਰੋਂ ਪੰਜਾਬੀ ਸਭਿਆਚਾਰ ਅੰਦਰ ਬਹੁਤ ਪਰਿਵਰਤਨ ਦੇਖਣ ਨੂੰ ਮਿਲੇ। ਇਹਨਾਂ ਪਰਿਵਰਤਨਾਂ ਦੇ ਮੁੱਖ ਕਾਰਨ ਸ਼ਹਿਰੀਕਰਨ, ਉਦਯੋਗੀਕਰਨ, ਆਧੁਨੀਕੀਕਰਨ ਤੇ ਲੋਕਾਂ ਵਿਚ ਜਾਗ੍ਰਿਤੀ ਹੈ। ਪੰਜਾਬੀਅਤ ਦੇ ਸੰਕਲਪ ਨੂੰ ਪੰਜਾਬ ਦੇ ਇਤਿਹਾਸ, ਸਮਾਜਿਕ ਪ੍ਰਬੰਧ ਅਤੇ ਵਿਚਾਰਧਾਰਕ ਪੱਖਾਂ ਤੋਂ ਵਿਚਾਰਿਆ ਜਾਂਦਾ ਹੈ। ਇਸ ਖੋਜ-ਨਿਬੰਧ ਵਿਚ ਪੰਜਾਬੀਅਤ ਦੇ ਸਮੁੱਚੇ ਸੰਕਲਪਗਤ ਪਾਸਾਰਾਂ ਨੂੰ ਹੇਠ ਲਿਖੇ ਭਾਗਾਂ ਵਿਚ ਵੰਡਿਆ ਗਿਆ ਹੈ:

1.3.1 ਪੰਜਾਬੀਅਤ: ਸਭਿਆਚਾਰਕ ਪਰਿਪੇਖ

1.3.2 ਪੰਜਾਬੀਅਤ: ਧਾਰਮਿਕ ਪਰਿਪੇਖ

1.3.3 ਪੰਜਾਬੀਅਤ: ਗਿਆਨਮੂਲਕ ਪਰਿਪੇਖ

1.3.4 ਪੰਜਾਬੀਅਤ: ਪਰਵਾਸੀ ਪੰਜਾਬੀਆਂ ਦੇ ਪ੍ਰਸੰਗ ਵਿਚ

### 1.3.1 ਪੰਜਾਬੀਅਤ: ਸਭਿਆਚਾਰਕ ਪਰਿਪੇਖ

ਪੰਜਾਬੀਅਤ ਦਾ ਸੰਕਲਪ ਇਕ ਅਜਿਹਾ ਹੈ ਜੋ ਕਿ ਵਿਸ਼ੇਸ਼ ਪਰਸਥਿਤੀਆਂ ਦੁਆਰਾ ਹੋਂਦ ਵਿੱਚ ਆਇਆ ਹੈ। ਪੰਜਾਬੀਅਤ ਨੂੰ ਕਈ ਵਾਰ ਇਕ ਸਭਿਆਚਾਰ ਸੰਕਲਪ ਹੀ ਆਖਿਆ ਜਾਂਦਾ ਹੈ, ਪਰ ਸਭਿਆਚਾਰਕ ਸੰਕਲਪ ਕੋਈ ਅਕਾਸ਼ ਵਿੱਚ ਲਟਕਦਾ ਖਿਆਲ ਨਹੀਂ ਕਿਉਂਕਿ ਹਰ ਸਿਧਾਂਤ ਦੀ ਜੜ੍ਹ ਕਿਸੇ ਨਾ ਕਿਸੇ ਸਮਾਜਿਕ ਸੱਚ ਦੀ ਭੂਮੀ ਵਿੱਚ ਹੁੰਦੀ ਹੈ। ਇਸ ਲਈ ਸਭਿਆਚਾਰ ਵੀ ਬਾਕੀ ਵਰਤਾਰਿਆਂ ਵਾਂਗ ਇਕ ਕਠੋਰ ਵਰਤਾਰਾ ਹੈ ਤੇ ਉਹ ਵੀ ਸਮਾਜਿਕ ਅਰਥਾਤ ਸਮਾਜਿਕ ਮਨੁੱਖੀ ਵਰਤਾਰਾ।

ਪੰਜਾਬੀ ਬੇਸ਼ੱਕ ਭਾਰਤ ਦੇ ਅਲੱਗ-ਅਲੱਗ ਭਾਗਾਂ ਵਿੱਚ ਵਸੇ ਹੋਏ ਹਨ, ਪਰ ਫਿਰ ਵੀ ਪੰਜਾਬ ਦੀ ਧਰਤੀ ਦੇ ਜੰਮਪਲ ਹੋਣਾ ਹੀ ਉਹਨਾਂ ਲਈ ਪਹਿਲਾ ਪਛਾਣ-ਚਿੰਨ੍ਹ ਹੈ ਅਤੇ ਦੂਜਾ ਉਹਨਾਂ ਦੀ ਭਾਸ਼ਾ, ਸਭਿਆਚਾਰ ਤੇ ਰਹਿਤਲ ਦੇ ਵਿਸ਼ੇਸ਼ ਲੱਛਣ ਵੀ ਇਕ ਵਿਸ਼ੇਸ਼ ਪਛਾਣ ਹਨ। ਇਕ ਪੰਜਾਬੀ ਆਪਣੇ ਖੇਤਰੀ ਦਾਇਰੇ ਵਿੱਚ ਆਪਣੀ ਪਛਾਣ ਇਕ ਪੰਜਾਬੀ ਦੇ ਰੂਪ ਵਿੱਚ ਨਾ ਮਾਤਰ ਹੀ ਕਰਦਾ ਹੈ ਤੇ ਇਸਦੇ ਉਲਟ ਉਹ ਆਪਣੀ ਪਛਾਣ ਹਿੰਦੂ ਤੇ ਸਿੱਖ ਦੇ ਰੂਪ ਵਿੱਚ ਜ਼ਿਆਦਾ ਕਰਦਾ ਹੈ, ਪਰ ਪੰਜਾਬੀਅਤ ਦੀ ਭਾਵਨਾ, ਜਿਸ ਦੀਆਂ ਜੜ੍ਹਾਂ ਰਾਜਨੀਤਿਕ ਚੇਤਨਾ ਨਾਲ ਜੁੜੀਆਂ ਹਨ, ਨੇ ਅਜੇ ਤੱਕ ਪੰਜਾਬੀਆਂ ਦੀ ਚੇਤਨਾ ਵਿਚ ਵਿਚਾਰਾਤਮਕ ਪੱਧਰ ਤੇ ਸਥਾਨ ਨਹੀਂ ਬਣਾਇਆ।

ਹਰ ਇਕ ਮਨੁੱਖ ਦਾ ਆਪਣੇ ਸਭਿਆਚਾਰ ਨਾਲ ਪਿਆਰ ਹੁੰਦਾ ਹੈ ਜੋ ਕਿ ਇਕ ਵਿਲੱਖਣ ਸਭਿਆਚਾਰ ਪੈਦਾ ਕਰਦਾ ਹੈ। ਇਸ ਵਿਲੱਖਣਤਾ ਦਾ ਮੁੱਖ ਕਾਰਨ ਕੋਈ ਨਾ ਕੋਈ ਡਰ ਹੁੰਦਾ ਹੈ। ਇਹ ਡਰ ਆਪਣੇ ਰੋਜ਼ੀ-ਰੋਟੀ ਲਈ ਕਿਸੇ ਅਮੀਰ ਰਾਸ਼ਟਰ ਦੇ ਅਧੀਨ ਹੋਈ ਘੱਟ ਗਿਣਤੀ ਵਾਲੀ ਵਸੋਂ ਨੂੰ ਵੀ ਹੁੰਦਾ ਹੈ ਤੇ ਬਹੁ-ਗਿਣਤੀ ਵਾਲੀ ਵਸੋਂ ਨੂੰ ਵੀ ਹੋ ਸਕਦਾ ਹੈ।

ਪੰਜਾਬੀਅਤ ਦਾ ਸੰਕਲਪ ਉਹਨਾਂ ਪਛਾਣ-ਚਿੰਨ੍ਹਾਂ ਤੋਂ ਮਿਲਕੇ ਬਣਿਆ ਹੈ, ਜਿਸ ਨਾਲ ਪੰਜਾਬੀ ਆਪਣੇ ਆਪ ਨੂੰ ਪੰਜਾਬੀ ਹੋਣ ਵਜੋਂ ਪਛਾਣਦੇ ਹਨ। ਆਪਣੇ ਇਹਨਾਂ ਚਿੰਨ੍ਹਾਂ ਕਰਕੇ ਹੀ ਪੰਜਾਬੀ ਦੁਨੀਆਂ ਦੇ ਕਿਸੇ ਵੀ ਖਿੱਤੇ ਵਿਚ ਹੋਣ, ਪੰਜਾਬੀ ਵਜੋਂ ਆਪਣੀ ਪਛਾਣ ਸਥਾਪਿਤ ਕਰਦੇ ਹਨ। ਪੰਜਾਬੀਅਤ ਦੇ ਸੰਕਲਪ ਨੇ ਇਕ ਸੁਆਲ ਪੈਦਾ ਕੀਤਾ ਹੈ ਕਿ ਕਿਸੇ ਤਰੀਕੇ ਨਾਲ ਇਕ ਅਜਿਹਾ ਨਵਾਂ ਸਭਿਆਚਾਰ ਬਣਾਇਆ ਜਾਵੇ ਜੋ ਬੇਸ਼ੱਕ ਨਵੀਆਂ ਤਕਨੀਕਾਂ ਦਾ ਪ੍ਰਯੋਗ ਕਰੇ, ਪਰ ਇਸ ਨਾਲ ਸਾਡੀ ਸ਼ਖ਼ਸੀਅਤ ਤੇ ਪਛਾਣ ਨੂੰ ਕੋਈ ਫ਼ਰਕ ਨਾ ਪਵੇ, ਭਾਵ ਕਿ ਇਸਨੂੰ ਖਤਮ ਨਾ ਹੋਣ ਦੇਵੇ।

ਪੰਜਾਬੀਅਤ ਜੀਵਨ ਦਾ ਇਕ ਅਜਿਹਾ ਤਰੀਕਾ ਹੈ ਜੋ ਕਿ ਬਾਕੀ ਸਭਿਆਚਾਰਾਂ ਦੇ ਤਰੀਕਿਆਂ ਵਾਂਗ ਸਦੀਆਂ ਦੇ ਅਨੁਭਵ ਵਿੱਚੋਂ ਪੈਦਾ ਹੋਇਆ ਹੈ। ਵੱਖ-ਵੱਖ ਸਭਿਆਚਾਰਾਂ ਦੇ ਲੋਕ ਇਕੋ ਜਿਹੇ ਹਾਲਾਤ ਵਿੱਚ ਆਪਣੀਆਂ ਸਭਿਆਚਾਰਕ ਕੀਮਤਾਂ ਦੇ ਮੁਤਾਬਿਕ ਵਿਵਹਾਰ ਕਰਦੇ ਹਨ। ਇਸ ਤੋਂ ਹੀ ਉਹਨਾਂ ਦੇ ਸਾਂਚੇ ਦਾ ਪਤਾ ਲਗਦਾ ਹੈ। ਡਾ. ਜਸਵਿੰਦਰ ਸਿੰਘ ਅਨੁਸਾਰ:

> ਪੰਜਾਬ ਦੀ ਜ਼ਰਖੇਜ ਧਰਤੀ, ਜੀਵਨ ਅਨੁਕੂਲ ਪੌਣਪਾਣੀ ਤੇ ਹੋਰ ਸੈਆਂ ਕੁਦਰਤੀ ਨਿਆਮਤਾਂ ਸਦਕਾ ਬਹੁਤ ਪੁਰਾਣੇ ਸਮਿਆਂ ਤੋਂ ਇਸ ਖਿੱਤੇ ਵਿਖੇ ਮਨੁੱਖੀ ਸਭਿਅਤਾ ਪਨਪੀ ਹੈ। ਇਹ ਖਿੱਤਾ ਦੁਨੀਆਂ ਦੀਆਂ ਪ੍ਰਾਚੀਨਤਮ ਸਭਿਅਤਾਵਾਂ ਵਿੱਚੋਂ ਇਕ ਹੈ। ਅਜੋਕੀਆਂ ਪੁਰਾਤਤਵ ਲੱਭਤਾਂ ਨੇ ਬਹੁਤ ਸਾਰੇ ਅਜਿਹੇ ਅਕੱਟ ਪ੍ਰਮਾਣ ਲੱਭੇ ਹਨ, ਜਿਸ ਤੋਂ ਇਸ ਖਿੱਤੇ ਵਿੱਚ ਪ੍ਰਾਚੀਨ ਸਭਿਅਤਾਵਾਂ ਦੇ ਵਿਕਸਿਤ ਹੋਣ ਦੇ ਪ੍ਰਮਾਣਿਕ ਹਵਾਲੇ ਪ੍ਰਾਪਤ ਹੋਏ ਹਨ। ਸੁਹਾਂ ਨਦੀ ਸਭਿਆਚਾਰ, ਸਪਤ ਸਿੰਧੂ ਸਭਿਅਤਾ, ਆਰੀਆ ਦੀ ਆਮਦ ਤੇ ਸਰਦਾਰੀ, ਸ਼ਕ, ਹੂਨ, ਸੰਥਾਲ ਆਦਿ ਨਸਲਾਂ ਦਾ ਇਕ ਲੰਮਾ ਇਤਿਹਾਸਿਕ ਪ੍ਰਵਾਹ ਪੰਜਾਬ ਦੀ ਇਸ ਪ੍ਰਾਚੀਨ ਸਭਿਆਚਾਰਕ ਵਿਰਾਸਤ ਦਾ ਅੰਗ ਬਣਦੇ ਰਹੇ ਹਨ।[13]

ਪੰਜਾਬੀਅਤ ਵਿਚਲੇ ਵੱਖ-ਵੱਖ ਨਸਲਾਂ ਦੇ ਸੁਮੇਲ ਨੇ ਇਸ ਦੀ ਪ੍ਰਚੀਨਤਾ ਦੇ ਨਾਲ-ਨਾਲ ਇਸਦੇ ਸਿਰਜਨਾਤਮਕ ਸਭਿਆਚਾਰਕ ਪੱਖ ਨੂੰ ਉਸਾਰਨ ਵਿੱਚ ਵੱਡਾ ਹਿੱਸਾ ਪਾਇਆ ਹੈ। ਪੰਜਾਬ ਉੱਤੇ ਬਾਹਰੋਂ ਆਏ ਹਮਲਾਵਰਾਂ ਦੀ ਇਕ ਲੜੀ ਪੰਜਾਬੀਅਤ ਦੀ ਵਿਰਾਸਤ ਦੇ ਅੰਗ-ਸੰਗ ਰਹੀ ਹੈ, ਇਹਨਾਂ ਵਿੱਚੋਂ ਦੇਰੀਅਸ, ਸਿਕੰਦਰ, ਮੁਹੰਮਦ ਬਿਨ ਕਾਸਿਮ, ਮਹਿਮੂਦ ਗਜ਼ਨਵੀ, ਨਾਦਰ ਸ਼ਾਹ, ਅੰਗਰੇਜ਼ਾਂ ਸਮੇਤ ਪੰਜਾਬ ਤੇ ਭਾਰਤ ਉੱਤੇ ਹਮਲਾਵਰਾਂ ਦੀ ਵੱਡੀ ਲੜੀ ਹੈ। ਫਿਰ ਵੀ ਪੰਜਾਬੀਆਂ ਨੇ ਹਰ ਖਤਰੇ ਦਾ ਡੱਟ ਕੇ ਸਾਹਮਣਾ ਕੀਤਾ। ਪੰਜਾਬੀਅਤ ਦਾ ਖੇਤਰ ਜਿਹਲਮ, ਚਨਾਬ, ਰਾਵੀ, ਬਿਆਸ ਤੇ ਸਤਲੁਜ ਤੱਕ ਹੀ ਫੈਲਿਆ ਹੋਇਆ ਨਹੀਂ ਹੈ ਸਗੋਂ ਇਹ ਸਿੰਧ ਤੇ ਜਮੁਨਾ ਦੇ ਕਿਨਾਰਿਆਂ ਤੱਕ ਫੈਲਿਆ ਹੋਇਆ ਹੈ ਅਤੇ ਇਸ ਦੇ ਗੁਣ ਸਪਤ ਸਿੰਧੂ ਸਭਿਅਤਾ ਦੇ ਗੁਣ ਨਹੀਂ ਹਨ। ਜੇਕਰ ਪੰਜਾਬੀਅਤ ਦੇ ਗੁਣ ਸਪਤ ਸਿੰਧੂ ਸਭਿਅਤਾ ਦੇ ਗੁਣ ਹੋਣਗੇ ਤਾਂ ਹਰਿਆਣਾ ਦੇ ਜੱਟਾਂ, ਹਿਮਾਚਲ ਦੇ ਗੁੱਜਰਾਂ, ਜੰਮੂ ਦੇ ਡੋਗਰੇ ਤੇ ਸਿੰਧੀਆਂ ਨੂੰ ਇਸ ਵਿਚੋਂ ਕੱਢਿਆ ਨਹੀਂ ਜਾ ਸਕਦਾ।

ਪੰਜਾਬੀ ਲੋਕਧਾਰਾ ਵਿਚਲੇ ਵਿਭਿੰਨ ਰੰਗ, ਚਾਅ, ਹੌਂਸਲੇ, ਸੁੱਖ-ਦੁੱਖ ਅਤੇ ਕਲਪਨਾ ਦੇ ਸੰਸਾਰ ਵਿਚੋਂ ਪੰਜਾਬੀਅਤ ਦੀ ਵੱਖਰਤਾ, ਵਿਸ਼ਾਲਤਾ ਤੇ ਜ਼ਿੰਦਗੀ ਦੀ ਧੜਕਣ ਨਾਲ ਲਬਰੇਜ਼ ਮਨਾਂ ਦੇ ਨਕਸ਼ ਉਭਰਦੇ ਹਨ। ਪੰਜਾਬੀਅਤ ਦਾ ਮੱਧਕਾਲੀ ਸਰੂਪ ਪੇਂਡੂ ਰਹਿਤਲ ਵਾਲਾ ਹੀ ਰਿਹਾ ਹੈ। ਪਿੰਡਾਂ ਦਾ ਰਹਿਣ-ਸਹਿਣ ਅਤੇ ਖੇਤੀਬਾੜੀ ਅਧਾਰਿਤ ਜੀਵਨ-ਸ਼ੈਲੀ ਇਸਦੇ ਮੁੱਢਲੇ ਪਛਾਣ ਚਿੰਨ੍ਹ ਹਨ। ਵਰਤਮਾਨ ਵਿੱਚ ਪੇਂਡੂ ਜੀਵਨ ਦੀ ਇਹ ਸਰਦਾਰੀ, ਸ਼ਾਨ ਤੇ

ਸ਼ਾਨਾਮਤੀ ਸ਼ਨਾਖਤ ਨਾ ਸਿਰਫ ਬਦਲੀ ਹੈ, ਸਗੋਂ ਖਿੰਡ ਗਈ ਹੈ ਤੇ ਉਲਝ ਗਈ ਹੈ। ਗੁਰਭਗਤ ਸਿੰਘ ਨੇ ਪੰਜਾਬੀਅਤ ਸੰਬੰਧੀ ਆਪਣੇ ਵਿਚਾਰ ਪੇਸ਼ ਕੀਤੇ ਹਨ ਕਿ:

> ਪੰਜਾਬੀਅਤ ਇੱਕ ਵਿਸ਼ੇਸ਼ ਮਾਨਸਿਕਤਾ ਵੀ ਹੈ ਅਤੇ ਵਿਵਹਾਰ ਵੀ...। ਪੰਜਾਬ ਨਾਗੀ, ਆਰੀਆ, ਯੂਨਾਨੀ, ਫ਼ਾਰਸੀ ਕਈ ਸੱਭਿਆਚਾਰਾਂ ਦੀ ਰਣ ਤੇ ਨਿਵਾਸ ਭੂਮੀ ਰਿਹਾ ਹੈ ਅਤੇ ਇਸਦੇ ਨਾਂ ਵੀ ਪਹਿਲਾਂ "ਵਾਲਹੀਕ", "ਉਦੀਚਿ", "ਸਪਤ-ਸਿੰਧੂ", "ਪੰਜ-ਨਾਦ" ਆਦਿ ਰਹੇ। ਪੰਜਾਬ ਨਾਂ ਬਹੁਤ ਪਿੱਛੋਂ ਆਇਆ। ਜੋ ਇਲਾਕਾ ਸਿੰਧ ਮਹਾਂਨਦ ਤੋਂ ਸਰਸਵਤੀ ਜਾਂ ਅੱਜ ਦੇ ਮਾਰਕੰਡਾਂ ਦਰਿਆ ਦੇ ਨੇੜੇ-ਤੇੜੇ ਤੱਕ ਫੈਲਿਆ ਹੋਇਆ ਸੀ, ਇਹੀ ਪੁਰਾਣਾ ਪੰਜਾਬ ਸੀ, ਪਰ ਸਮੇਂ ਨਾਲ ਇਸ ਵਿੱਚ ਭੂਗੋਲਿਕ ਤੇ ਰਾਜਸੀ ਤਬਦੀਲੀਆਂ ਹੁੰਦੀਆਂ ਰਹੀਆਂ।[14]

ਪੰਜਾਬੀਅਤ ਦਾ ਸੰਕਲਪ ਇਕ ਅਜਿਹਾ ਸੰਕਲਪ ਹੈ, ਜਿਸ ਦੇ ਪ੍ਰਸੰਗ ਵਿੱਚ ਇਸ ਪ੍ਰਦੇਸ਼ ਦੇ ਸਭਿਆਚਾਰ ਦਾ ਪੂਰਾ ਚਿੱਤਰ ਦਿਖਾਈ ਦਿੰਦਾ ਹੈ। ਪੰਜਾਬੀਆਂ ਦੀ ਰਹਿਣੀ, ਸੋਚਣੀ, ਕਰਨੀ ਅਤੇ ਮੰਨਣੀ ਸਭ ਮਿਲ ਕੇ ਹੀ ਪੰਜਾਬੀਅਤ ਨੂੰ ਰੂਪ ਮਿਲਦਾ ਹੈ। ਪੰਜਾਬ ਦਾ ਆਪਣਾ ਇਕ ਵਿਸ਼ੇਸ਼ ਸਭਿਆਚਾਰ ਹੈ ਜਿਸ ਵਿੱਚ ਮਨੁੱਖੀ ਕੀਮਤਾਂ ਨੂੰ ਕਈ ਕੋਣਾਂ ਤੋ ਵੇਖਿਆ ਜਾਂਦਾ ਹੈ। ਇਹ ਕੋਣ ਸਮਾਜਿਕ ਕੋਣ, ਵਿਚਾਰਿਕ ਕੋਣ, ਧਾਰਮਿਕ ਕੋਣ ਤੇ ਆਰਥਿਕ ਕੋਣ ਹਨ। ਇਹਨਾਂ ਵਿੱਚੋਂ ਭਾਵੇਂ ਕਿਸੇ ਵੀ ਕੋਣ ਤੋਂ ਦੇਖੀਏ ਤਾਂ ਪਤਾ ਲਗਦਾ ਹੈ ਕਿ ਪੰਜਾਬੀਅਤ ਹਿੰਦੁਸਤਾਨੀਆਂ ਦਾ ਅਟੁੱਟ ਹਿੱਸਾ ਹੁੰਦੀ ਹੋਈ ਵੀ ਨਿਰਾਲੀ ਆਕਰਸ਼ਕ ਅਤੇ ਮਨ ਨੂੰ ਭਾਉਣ ਵਾਲੀ ਹੈ। ਟੋਏਨਬੀ ਦੇ ਅਨੁਸਾਰ:

> ਹਰ ਕਲਚਰ ਦੁਨੀਆਂ ਦੇ ਸਭਿਆਚਾਰਕ ਵਿਰਸੇ ਨੂੰ ਕੁਝ ਨਾ ਕੁਝ ਨਵੀਂ ਚੀਜ਼ ਦੇ ਕੇ ਜ਼ਿਆਦਾ ਅਮੀਰ ਬਣਾ ਸਕਦੀ ਹੈ। ਲੋਕਾਂ ਦੀ ਸ਼ਖਸੀਅਤ ਅਤੇ ਸੰਭਾਵਨਾਵਾਂ ਦੇ ਪੂਰਨ ਵਿਕਾਸ ਲਈ ਜ਼ਰੂਰੀ ਹੈ ਕਿ ਉਹਨਾਂ ਦੀ ਕਲਚਰ ਖ਼ੁਦ ਮੁਖ਼ਤਿਆਰ ਹੋਵੇ। ਉਸ ਨੂੰ ਆਪਣੀ ਟੀਚੇ ਪਰਿਭਾਸ਼ਤ ਕਰਨ ਦੀ ਅਜ਼ਾਦੀ ਹੋਵੇ। ਇਤਿਹਾਸ ਦਾ ਇਹ ਵੇਲਾ ਸਭ ਕਲਚਰਾਂ ਦੀ ਬਰਾਬਰੀ ਅਤੇ ਖ਼ੁਦ ਮੁਖ਼ਤਿਆਰੀ ਦਾ ਵੇਲਾ ਹੈ ਜਿਸ ਦੇ ਬਗ਼ੈਰ ਕਿਸੇ ਮੁਲਕ ਦੀ ਕਲਚਰਲ ਪਾਲਸੀ ਕਾਮਯਾਬ ਨਹੀਂ ਹੋ ਸਕਦੀ।[15]

ਸਮਾਜਿਕ ਕੋਣ ਪੰਜਾਬ ਦੇ ਰਹਿਣ-ਸਹਿਣ ਨਾਲ ਸੰਬੰਧਿਤ ਹੈ। ਸਮਾਜ ਦੀ ਮੂਲ ਇਕਾਈ ਪਰਿਵਾਰ ਹੈ। ਸਾਝਾਂ ਪਰਿਵਾਰ ਅਤੇ ਬਜ਼ੁਰਗਾਂ ਦੇ ਮਾਣ-ਸਤਿਕਾਰ ਨੂੰ ਸਮਾਜਿਕ ਰਹਿਣ-ਸਹਿਣ ਦੀ ਰੀੜ੍ਹ ਦੀ ਹੱਡੀ ਕਿਹਾ ਜਾਂਦਾ ਹੈ। ਸਿੱਖਿਆ ਦਾ ਸੰਕਲਪ ਸਮਾਜ ਨੂੰ ਪੰਜਾਬ ਦੁਆਰਾ ਹੀ ਦਿੱਤਾ ਗਿਆ ਹੈ। ਕਈ ਮਹਾਨ ਤੇ ਪਵਿੱਤਰ ਗ੍ਰੰਥ ਜਿਵੇਂ ਵੇਦ, ਉਪਨਿਸ਼ਦ, ਗੀਤਾ ਆਦਿ ਸਾਰੇ ਪੰਜਾਬ ਦੀ ਧਰਤੀ ਤੇ ਹੀ ਰਚੇ ਗਏ ਹਨ। ਸਿੱਖਿਆ ਪ੍ਰਾਪਤੀ ਲਈ ਇੱਥੇ ਤਕਸ਼ਿਲਾ ਜਿਹੇ ਵਿਸ਼ਵ-ਵਿਦਿਆਲੇ ਵੀ ਬਣੇ ਹਨ। ਅੱਜ ਇਸ ਸਿੱਖਿਆ ਦੀ ਗਿਣਤੀ ਉੱਚ-ਪ੍ਰਤੀਸ਼ਤ ਤੱਕ ਪਹੁੰਚ ਚੁੱਕੀ ਹੈ। ਜਾਤ ਪਾਤ, ਉੱਚ-ਨੀਚ, ਪਖੰਡਵਾਦ ਦੀ ਹੋਂਦ ਪੰਜਾਬ ਵਿੱਚ ਸਭ ਤੋਂ ਘੱਟ ਹੈ। ਪੁਰਾਤਨ ਗਿਆਨ ਪਰੰਪਰਾਵਾਂ ਭਾਰਤ ਵੱਲੋਂ ਸੰਸਾਰ ਨੂੰ ਦਿੱਤੀਆਂ ਗਈਆਂ ਹਨ। ਇਸ ਪ੍ਰਕਾਰ ਪੰਜਾਬ ਦਾ ਸਭਿਆਚਾਰਕ ਪਰਿਪੇਖ ਇੱਥੋਂ ਦੇ ਵਾਸੀਆਂ ਦੀ ਜੀਵਨ-ਜਾਚ, ਕਦਰਾਂ-ਕੀਮਤਾਂ ਅਤੇ ਸਮਾਜਿਕ ਪ੍ਰਬੰਧ ਤੇ ਰਿਸ਼ਤਾ ਨਾਤਾ ਪ੍ਰਣਾਲੀ ਦੁਆਰਾ ਸੰਚਾਲਿਤ ਹੁੰਦਾ ਹੈ ਅਤੇ ਆਪਣੀ ਵਿਲੱਖਣ ਹੋਂਦ ਦਾ ਪ੍ਰਗਟਾਵਾ ਕਰਦਾ ਹੈ।

### 1.3.2 ਪੰਜਾਬੀਅਤ: ਧਾਰਮਿਕ ਪਰਿਪੇਖ

ਪੰਜਾਬ ਉੱਤੇ ਲਗਾਤਾਰ ਹਮਲੇ ਹੁੰਦੇ ਆਏ ਹਨ ਜਿਨ੍ਹਾਂ ਦਾ ਸਾਹਮਣਾ ਪੰਜਾਬੀਆਂ ਦੇ ਨਾਲ-ਨਾਲ ਵਿਚਾਰਧਾਰਕ, ਸੰਸਕ੍ਰਿਤਕ ਤੇ ਧਾਰਮਿਕ ਪੱਖਾਂ ਨੂੰ ਵੀ ਕਰਨਾ ਪਿਆ ਹੈ। ਪੰਜਾਬ ਦੀ ਵਸੋਂ ਦੇ ਦੋ ਤਰ੍ਹਾਂ ਦੇ ਸਿਧਾਂਤਕ ਅਧਾਰ ਮੰਨੇ ਜਾਂਦੇ ਹਨ। ਜਿਹੜੇ ਸਿਧਾਂਤਕ ਅਧਾਰ ਪੰਜਾਬ ਦੀ ਗੈਰ ਮੁਸਲਿਮ ਵਸੋਂ ਦੇ ਹਨ ਉਹ ਸਿਧਾਂਤਕ ਅਧਾਰ ਇਸਲਾਮ ਦੇ ਨਹੀਂ

ਹਨ। ਸੰਸਾਰ ਵਿੱਚ ਹਿੰਦੂ ਅਤੇ ਇਸਲਾਮ ਦੋ ਸ਼ਕਤੀਸ਼ਾਲੀ ਧਰਮ ਹਨ। ਇਹਨਾਂ ਦੋਹਾਂ ਧਰਮਾਂ ਵਿੱਚ ਲਗਾਤਾਰ ਵਿਵਾਦ, ਸੰਘਰਸ਼, ਸਮਝੌਤੇ, ਮਿਲਵਰਤਨ ਅਤੇ ਇਕ ਮੁੱਠ ਹੋਣ ਦੀ ਧਾਰਾ ਚੱਲਦੀ ਰਹੀ ਹੈ।

ਇਹਨਾਂ ਵਿੱਚ ਇਸਲਾਮ ਧਰਮ ਨੂੰ ਸ਼ਾਸਕ ਧਰਮ ਕਿਹਾ ਜਾਂਦਾ ਸੀ ਅਤੇ ਇਸਦੇ ਪੈਰੋਕਾਰਾਂ ਨੂੰ ਬਹੁਤ ਸਹੂਲਤਾਂ ਪ੍ਰਾਪਤ ਸਨ। ਦੂਜੇ ਪਾਸੇ ਹਿੰਦੂ ਧਰਮ ਇਕ ਹਾਰਿਆ ਹੋਇਆ ਧਰਮ ਸੀ। ਇਸਦੇ ਪੈਰੋਕਾਰਾਂ ਨੂੰ ਕੋਈ ਵੀ ਸਹੂਲਤ ਪ੍ਰਾਪਤ ਨਹੀਂ ਸੀ ਅਤੇ ਇਹਨਾਂ ਉੱਤੇ ਬਹੁਤ ਸਾਰੀਆਂ ਪਾਬੰਧੀਆਂ ਲਾਗੂ ਕੀਤੀਆਂ ਗਈਆਂ ਸਨ। ਇੱਥੇ ਸਭ ਤੋਂ ਵੱਧ ਵਿਚਾਰਨਯੋਗ ਗੱਲ ਇਹ ਹੈ ਕਿ ਇਸਲਾਮ ਦੀ ਆਕਰਮਣਕਾਰੀ ਰੁਚੀ ਨੇ ਸਥਾਨਕ ਧਰਮੀਆਂ ਨੂੰ ਇਕ ਤਾਂ ਰਾਜਨੀਤਿਕ ਤੌਰ ਤੇ ਗੁਲਾਮ ਬਣਾਇਆ ਤੇ ਦੂਜਾ ਉਹਨਾਂ ਨੂੰ ਬੁਜ਼ਦਿਲਾਂ ਦੀ ਜ਼ਿੰਦਗੀ ਜਿਊਣ ਲਈ ਮਜਬੂਰ ਕਰ ਦਿੱਤਾ। ਇਸ ਨਾਲ ਰਾਜਨੀਤਿਕ, ਧਾਰਮਿਕ ਤੇ ਸਭਿਆਚਾਰਕ ਵਿਵਾਦ ਤਾਂ ਵਧੇ, ਪਰ ਪੰਜਾਬੀਅਤ ਨੂੰ ਇਕ ਪਛਾਣ ਮਿਲਣੀ ਆਰੰਭ ਹੋ ਗਈ:

> ਇੱਥੋਂ ਦੀ ਪੰਜਾਬੀਅਤ ਧਰਮਾਂ ਦੀ ਤੇ ਸਭਿਆਚਾਰਾ ਦੀ ਵੰਡ ਦੀ ਕੈਦ ਵਿੱਚ ਨਹੀਂ ਰਹਿੰਦੀ। ਜਿਹੜੀ ਸਥਿਤੀ ਧਾਰਮਿਕ ਅਤੇ ਰਾਜਨੀਤਿਕ ਪੱਖੋਂ ਬਹੁਤ ਅਨਇਛਕ ਸੀ, ਉਹੀ ਸਥਿਤੀ ਪੰਜਾਬੀਅਤ ਨੂੰ ਪਛਾਣ ਦੇਣ ਦੇ ਵਿਚ ਸਹਿਯੋਗੀ ਹੋਈ। ਇਸੇ ਕਰਕੇ ਗੁਰੂ ਨਾਨਕ ਜੀ ਨੇ ਇਸਲਾਮ ਦੀ ਆਕ੍ਰਮਣਕਾਰੀ ਰੁਚੀ ਅਰਥਾਤ ਹਿੰਦੂ ਧਰਮ ਦੀ ਦੁਰਬਲਤਾ ਵਿਚੋਂ ਪੈਦਾ ਹੋਏ ਦੰਭ ਨੂੰ ਨਾ ਮਨਜੂਰ ਕੀਤਾ। ਉਹਨਾਂ ਨੇ ਇਕ ਬਦਲ ਪੇਸ਼ ਕੀਤਾ ਜੋ ਸਾਂਝੇ ਪੰਜਾਬ ਦੇ ਸਾਂਝੇ ਸਭਿਆਚਾਰ ਤੇ ਸਾਂਝੇਪਨ ਦਾ ਮਾਲਕ ਹੋਏਗਾ। ਸਾਂਝਾਪਨ ਅਤੇ ਪੰਜਾਬੀਅਤ ਇਥੇ ਆ ਕੇ ਸਮਾਨਾਰਾਥਕ ਹੋ ਜਾਂਦੇ ਹਨ। ਇਹੀ ਪੰਜਾਬੀਅਤ ਦੀ ਸਭ ਤੋਂ ਵੱਡੀ ਪਛਾਣ ਹੈ।[6]

ਗੁਰੂ ਸਾਹਿਬਾਨ ਨੇ ਵੀ ਪੰਜਾਬੀਅਤ ਦੀ ਪਛਾਣ ਨੂੰ ਸਪੱਸ਼ਟ ਕੀਤਾ ਹੈ। ਗੁਰੂ ਸਾਹਿਬਾਨ ਦੇ ਸਿਧਾਂਤਕ ਆਧਾਰਾਂ ਅਤੇ ਭਾਰਤ ਦੇ ਸਿਧਾਂਤਕ ਆਧਾਰਾਂ ਵਿਚ ਸੁਮੇਲਤਾ ਹੈ, ਪਰ ਇਸ ਸੁਮੇਲਤਾ ਦੇ ਬਾਵਜੂਦ ਵੀ ਗੁਰੂ ਸਾਹਿਬ ਨੇ ਇਸ ਨਾਲ ਸਮਝੌਤਾ ਨਹੀਂ ਕੀਤਾ। ਸਿਧਾਂਤਕ ਪ੍ਰਾਪਤੀਆਂ ਦੇ ਪੱਖੋਂ ਭਾਰਤੀ ਸੰਸਕ੍ਰਿਤੀ ਦੇ ਇੰਨਾ ਮਹਾਨ ਹੋਣ ਦੇ ਬਾਵਜੂਦ ਵੀ ਇਸਦਾ ਦੁਖਾਂਤ ਬਹੁਤ ਵੱਡਾ ਹੈ। ਸਿਧਾਂਤਕ ਪੱਖੋਂ ਤਾਂ ਇਹ ਬਹੁਤ ਮਹਾਨ ਹੈ, ਪਰ ਇਸਦੇ ਉਲਟ ਅਮਲ ਦੀ ਦੁਨੀਆਂ ਵਿੱਚ ਬਹੁਤ ਅਰਥਹੀਣ ਹੈ। ਗੁਰੂ ਸਾਹਿਬਾਨ ਇਸ ਪਾੜੇ ਨੂੰ ਹੀ ਖਤਮ ਕਰਨਾ ਚਾਹੁੰਦੇ ਹਨ ਇਸ ਲਈ ਉਹਨਾਂ ਨੇ ਰੱਬ ਨਾਲੋਂ ਵੀ ਜ਼ਿਆਦਾ ਮੱਹਤਤਾ ਅਮਲ ਨੂੰ ਦਿੱਤੀ ਹੈ। ਉਹਨਾਂ ਨੇ ਸਮਾਜ ਵਿਚਲੇ ਪੱਖ-ਪਾਤ ਤੇ ਉੱਚ-ਨੀਚ ਦੇ ਭੇਦ-ਭਾਵ ਨੂੰ ਮਿਟਾਇਆ ਅਤੇ ਉਹਨਾਂ ਸੰਸਥਾਵਾਂ ਦੀ ਨੀਂਹ ਰੱਖੀ ਜਿਹੜੀਆਂ ਸਭਿਆਚਾਰ ਦੇ ਸੰਕਲਪ ਦੀਆਂ ਪ੍ਰਤੀਬਿੰਬ ਬਣਦੀਆਂ ਹਨ। ਇਸ ਤੋਂ ਇਕ ਗੱਲ ਸਿੱਧ ਹੁੰਦੀ ਹੈ ਕਿ ਪੰਜਾਬ ਅਤੇ ਪੰਜਾਬੀਅਤ ਦੀ ਪਛਾਣ ਗੁਰੂ ਨਾਨਕ ਦੇਵ ਜੀ ਦੇ ਘਰ ਨਾਲ ਜੁੜੀ ਹੋਈ ਹੈ। ਗੁਰੂ ਸਾਹਿਬਾਨ ਦੁਆਰਾ ਸੰਸਕ੍ਰਿਤੀ ਭਾਵ ਪੰਜਾਬੀਅਤ ਦੀ ਕੀਤੀ ਪੁਨਰ ਸੰਰਚਨਾ ਦਾ ਮੁੱਢ ਭਾਰਤੀ ਸੰਸਕ੍ਰਿਤੀ ਦੇ ਵਿਚੋਂ ਹੀ ਲਿਆ ਹੈ। ਇਸ ਪੁਨਰ ਸਿਰਜਿਤ ਸੰਰਚਨਾ ਨੂੰ ਹੀ ਪੰਜਾਬੀਅਤ ਕਿਹਾ ਜਾਂਦਾ ਹੈ। ਪੁਰਾਤਨ ਭਾਰਤੀ ਸੰਸਕ੍ਰਿਤੀ ਵਿੱਚ ਜੋ ਕੁਝ ਵੀ ਬਹੁਤ ਵਧੀਆ ਹੈ, ਉਸਨੂੰ ਗੁਰੂ ਸਾਹਿਬਾਨ ਨੇ ਪੁਨਰ-ਸੰਰਚਨਾ ਦਿੱਤੀ ਅਤੇ ਇਹੀ ਅਸਲ ਵਿੱਚ ਪੰਜਾਬੀਅਤ ਹੈ। ਡਾ: ਕਰਨਜੀਤ ਪੰਜਾਬੀਅਤ ਬਾਰੇ ਆਪਣੇ ਵਿਚਾਰ ਦਿੰਦੇ ਹਨ ਕਿ:

> ਸਿਧਾਂਤ ਦੀ ਦ੍ਰਿਸ਼ਟੀ ਤੋਂ ਪੰਜਾਬੀਅਤ ਦਾ ਧਰਮ ਨਾਲ ਕੋਈ ਸੰਬੰਧ ਨਹੀਂ। ਕੋਈ ਪੰਜਾਬੀ ਸਿੱਖ ਹੋ ਸਕਦਾ ਹੈ, ਕੋਈ ਹਿੰਦੂ ਹੋ ਸਕਦਾ ਹੈ, ਮੁਸਲਮਾਨ ਹੋ ਸਕਦਾ ਹੈ, ਈਸਾਈ ਹੋ ਸਕਦਾ ਹੈ।... ਕੋਈ ਇਕ ਧਰਮ ਪੰਜਾਬੀਅਤ ਦਾ ਪਛਾਣ ਚਿੰਨ੍ਹ ਨਹੀਂ। ਮਕੱਈ ਦੀ ਰੋਟੀ ਤੇ ਤਰਦੇ ਫਿਰਦੇ ਮੱਖਣ ਵਾਲਾ ਸਰੋਂ ਦਾ ਸਾਗ, ਸ਼ਮਲੇ ਵਾਲੀ ਪੱਗ, ਧੂਹਵਾਂ ਚਾਦਰਾ ਤੇ ਸਲਵਾਰ ਕਮੀਜ਼ ਜਾਂ ਭੰਗੜਾ ਤੇ ਗਿੱਧਾ ਹੀ ਪੰਜਾਬੀਅਤ ਤੇ ਪਛਾਣ-ਚਿੰਨ੍ਹ ਨਹੀਂ। ਇਹਨਾਂ ਸਭਨਾਂ ਚੀਜਾਂ ਦਾ ਪੰਜਾਬੀਅਤ ਨਾਲ ਗਹਿਰਾ ਰਿਸ਼ਤਾ ਜ਼ਰੂਰ ਹੈ, ਪਰ ਪੰਜਾਬੀਅਤ ਇਸ ਤੋਂ

> ਵੀ ਕਿਤੇ ਵਡੇਰੀ ਪਛਾਣ ਦਾ ਨਾਂ ਹੈ। ਪੰਜਾਬੀ ਭਾਸ਼ਾ, ਪੰਜਾਬੀ ਸਾਹਿਤ, ਪੰਜਾਬੀ ਸਭਿਆਚਾਰ ਤੇ ਰਹਿਤਲ ਅਤੇ ਪੰਜਾਬ ਦੀ ਧਰਤੀ ਨਾਲ ਮੋਹ ਦੇ ਰਿਸ਼ਤੇ ਦਾ ਨਾਂ ਹੀ ਪੰਜਾਬੀਅਤ ਹੈ।'[7]"

ਭਾਵ ਕਿ ਜੇਕਰ ਸਿਧਾਂਤ ਦੇ ਅਧਾਰ ਤੇ ਪੰਜਾਬੀਅਤ ਨੂੰ ਦੇਖਿਆ ਜਾਵੇ ਤਾਂ ਧਰਮ ਨਾਲ ਇਸਦਾ ਕੋਈ ਸੰਬੰਧ ਨਹੀਂ ਹੈ। ਇਹ ਹਿੰਦੂ, ਮੁਸਲਿਮ, ਸਿੱਖ, ਈਸਾਈ ਕਿਸੇ ਵੀ ਧਰਮ ਨਾਲ ਸੰਬੰਧਿਤ ਹੋ ਸਕਦੀ ਹੈ। ਇਸ ਲਈ ਕਿਸੇ ਇਕ ਧਰਮ ਨੂੰ ਹੀ ਪੰਜਾਬੀਅਤ ਦਾ ਪਛਾਣ-ਚਿੰਨ੍ਹ ਨਹੀਂ ਸਮਝਿਆ ਜਾ ਸਕਦਾ। ਪੰਜਾਬੀਅਤ ਦੇ ਪਛਾਣ-ਚਿੰਨ੍ਹ ਵੱਖ-ਵੱਖ ਹਨ, ਜੋ ਕਿ ਇਸ ਦੇ ਸਰੂਪ ਨੂੰ ਨਿਖਾਰਨ ਲਈ ਮਹੱਤਵਪੂਰਨ ਹਨ। ਪਰ ਪੰਜਾਬੀਅਤ ਦਾ ਸੰਕਲਪਕ ਦਾ ਘੇਰਾ ਇਹਨਾਂ ਤੋਂ ਵਿਸਤ੍ਰਿਤ ਹੈ।

ਕੌਮੀ ਜਜ਼ਬੇ ਨੂੰ ਜਿੱਥੇ ਧਾਰਮਿਕ ਤੇ ਸੰਪ੍ਰਦਾਇਕ ਪ੍ਰਭਾਵ ਨੇ ਜੜ੍ਹ ਨਹੀਂ ਫੜਨ ਦਿੱਤੀ ਉੱਥੇ ਇਹਨਾਂ ਕਾਰਨਾਂ ਕਰਕੇ ਪੰਜਾਬੀ ਬੋਲੀ ਦੇ ਸੰਬੰਧ ਵਿੱਚ ਬਹੁਤ ਭਾਰੀ ਨੁਕਸਾਨ ਸਹਿਣਾ ਪਿਆ ਪੰਜਾਬੀ ਦੇ ਮੱਧਕਾਲ ਦੇ ਸਾਹਿਤ ਨੂੰ ਦੇਖਣ ਤੇ ਇਹ ਗੱਲ ਬਿਲਕੁਲ ਸਾਫ਼ ਹੋ ਜਾਂਦੀ ਹੈ ਕਿ ਲਗਭਗ ਸਾਰੇ ਧਰਮਾਂ ਤੇ ਵਿਚਾਰਾਂ ਦੇ ਚਿੰਤਕਾਂ ਤੇ ਲੇਖਕਾਂ ਨੇ ਪੰਜਾਬੀ ਨੂੰ ਆਪਣੇ ਭਾਵਾਂ ਤੇ ਵਿਚਾਰਾਂ ਦੇ ਪ੍ਰਗਟਾਵੇ ਦਾ ਮਾਧਿਅਮ ਬਣਾਇਆ ਹੈ। ਕਾਂਸ਼ੀ ਤੇ ਵਾਰਾਨਸੀ ਆਦਿ ਵਿਦਿਅਕ ਅਦਾਰਿਆਂ ਤੋਂ ਵਿੱਦਿਆ ਪ੍ਰਾਪਤ ਕਰਨ ਵਾਲੇ ਚਿੰਤਕਾਂ ਅਤੇ ਲੇਖਕਾਂ ਨੇ ਪੰਜਾਬੀ ਨੂੰ ਬ੍ਰਜ ਤੇ ਸੰਸਕ੍ਰਿਤ ਸ਼ੈਲੀ ਦੇ ਇੰਨਾ ਨੇੜੇ ਲਿਆਂਦਾ ਕਿ ਪੰਜਾਬੀ ਦਾ ਆਪਣਾ ਮੂੰਹ-ਮੁਹਾਂਦਰਾ ਹੀ ਗੁੰਮ ਹੋ ਗਿਆ।

ਪੰਜਾਬੀਅਤ ਦੀ ਪਛਾਣ ਸਥਾਪਿਤ ਕਰਨ ਲਈ ਦੋ ਗੱਲਾਂ ਵਿਸ਼ੇਸ਼ ਮੱਹਤਵ ਰੱਖਦੀਆਂ ਹਨ ਜਿਹਨਾਂ ਵਿੱਚ ਪਹਿਲੀ ਗੱਲ ਇਹ ਹੈ ਕਿ ਪੰਜਾਬ ਵਿੱਚ ਪਤਨ ਤੇ ਵਿਨਾਸ਼ ਦੀਆਂ ਸ਼ਕਤੀਆਂ ਨੂੰ ਖਤਮ ਕਰਨ ਲਈ ਧਰਮ-ਨਿਰਪੇਖ ਤੇ ਅਗਾਂਹਵਧੂ ਲਹਿਰ ਖੜ੍ਹੀ ਕੀਤੀ ਜਾਵੇ। ਦੂਜੀ ਇਹ ਹੈ ਕਿ ਸਭਿਆਚਾਰ ਤੇ ਮਾਨਵੀ ਵਿਰਸੇ ਦੀ ਸਾਰੀ ਸ਼ਕਤੀ ਲਹਿਰ ਦੀ ਚੜ੍ਹਤ ਦੇ ਪੱਖ ਵਿੱਚ ਵਰਤੀ ਜਾਵੇ। ਜਿਸ ਪ੍ਰਕਾਰ ਗੁਰੂ ਨਾਨਕ ਦੇਵ ਜੀ ਨੇ ਹਿੰਦੂ ਧਰਮ ਤੇ ਇਸਲਾਮ ਧਰਮ ਨੂੰ ਮਿਲਾਉਣ ਲਈ ਉਹਨਾਂ ਦੋਹਾਂ ਵਿਚਕਾਰ ਇਕ ਪੁਲ ਬਣਾਇਆ ਸੀ। ਉਸੇ ਤਰ੍ਹਾਂ ਹੀ ਇਹ ਲੋਕ ਵੱਖ-ਵੱਖ ਧਰਮਾਂ ਅਤੇ ਸਭਿਆਚਾਰਾਂ ਲਈ ਪੁਲ ਬਣਾਉਂਦੇ ਤੇ ਭੀੜੇ ਰਸਤਿਆਂ ਨੂੰ ਖੁੱਲ੍ਹਾ ਕਰਦੇ ਹਨ ਤਾਂ ਜੋ ਇਹਨਾਂ ਨੂੰ ਇਕ ਦੂਜੇ ਦੇ ਨੇੜੇ ਲਿਆਂਦਾ ਜਾ ਸਕੇ।ਪੰਜਾਬੀਅਤ ਦੀ ਵਿਰਾਸਤ ਦਾ ਇਕ ਹੋਰ ਪਾਸਾਰ ਇਸਦੀ ਲੰਮੇਰੇ ਤੇ ਵਿਕੋਲਿਤਰੇ ਇਤਿਹਾਸਕ ਉਤਰਾਵਾਂ ਚੜ੍ਹਾਵਾਂ ਵਿੱਚੋਂ ਉਪਜੀ ਬਹੁਪਧਰੀ ਵਿਰਾਸਤ ਦਾ ਨਾਂ ਹੈ। ਰਿਗਵੇਦ ਸਮੇਤ ਪਹਿਲੇ ਤਿੰਨ ਗ੍ਰੰਥ ਵੀ ਇਸੇ ਧਰਤੀ ਤੇ ਰਚੇ ਗਏ ਹਨ। ਇਸ ਖਿੱਤੇ ਦੇ ਲੋਕਾਂ ਤੇ ਬੁੱਧ ਧਰਮ ਦਾ ਵੀ ਚੋਖਾ ਪ੍ਰਭਾਵ ਪਿਆ ਹੈ। ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਸਿਰਜਣਾ ਰਾਹੀਂ ਇੱਥੇ ਵੱਡੀ ਧਾਰਮਿਕ – ਸਭਿਆਚਾਰਕ ਤਬਦੀਲੀ ਲਿਆਂਦੀ।

ਇੱਥੇ ਦੁੱਖ ਵਾਲੀ ਗੱਲ ਇਹ ਹੈ ਕਿ ਵੱਖ-ਵੱਖ ਹਕੂਮਤਾਂ ਨੇ ਆਪਣੀਆਂ ਲੋੜਾਂ ਦੀ ਪੂਰਤੀ ਲਈ ਧਰਮਾਂ ਦੀ ਬੇਦਰਦੀ ਤੇ ਜਾਲਮਾਨਾ ਢੰਗ ਨਾਲ ਦੁਰਵਰਤੋਂ ਕੀਤੀ ਹੈ। ਧਰਮਾਂ ਨੂੰ ਬਦਲ ਕੇ ਮਨਮਰਜ਼ੀ ਦੇ ਅਰਥ ਤੇ ਪ੍ਰਸੰਗ ਸਿਰਜੇ ਹਨ। ਲੋਟੂ ਸਿਆਸਤ ਅਤੇ ਸ਼ੈਤਾਨ ਫ਼ਿਰਕਾਪ੍ਰਸਤੀ ਦੀ ਖ਼ੂਨੀ ਖੇਡ ਪੰਜਾਬੀਅਤ ਦੀ ਮੂਲ ਤਾਸੀਰ ਦੇ ਮੂਲੋਂ ਉਲਟ ਹੈ।

ਪੰਜਾਬੀਅਤ ਨਾਲ ਲੋਕ-ਤੱਤ ਦੀ ਦ੍ਰਿਸ਼ਟੀ ਤੋਂ ਸੰਗੀਤ ਅਤੇ ਪ੍ਰਕਾਸ਼ ਦਾ ਗੂੜ੍ਹਾ ਸੰਬੰਧ ਹੈ। ਕਿਸੇ ਵੀ ਪ੍ਰਕਾਰ ਦੀ ਖੁਸ਼ੀ ਚਾਹੇ ਉਹ ਘਰ ਵਿੱਚ ਹੋਵੇ, ਗੁਰਪੁਰਬ ਹੋਵੇ, ਈਦ, ਕ੍ਰਿਸਮਸ ਜਾਂ ਕੋਈ ਵੀ ਤਿਉਹਾਰ ਹੋਵੇ ਇਹ ਲੋਕ ਉਸਦਾ ਆਗਮਨ ਰੌਸ਼ਨੀ ਨਾਲ ਹੀ ਕਰਦੇ ਹਨ। ਜਿਵੇਂ ਪੰਜਾਬ ਦੀ ਰਹਿਣੀ ਸਮਾਜਿਕ ਕੋਣ ਨਾਲ ਸੰਬੰਧਿਤ ਹੈ। ਉਸੇ ਤਰ੍ਹਾਂ ਹੀ ਸੋਚਣੀ ਪੰਜਾਬੀ ਦੇ ਵਿਚਾਰਿਕ ਦ੍ਰਿਸ਼ਟੀਕੋਣ ਨੂੰ ਪੇਸ਼ ਕਰਦੀ ਹੈ। ਸ਼੍ਰੀਮਦ ਭਗਵਦਗੀਤਾ ਦਾ ਉਪਦੇਸ਼ ਸ਼੍ਰੀ ਕ੍ਰਿਸ਼ਨ ਜੀ ਨੇ ਇਸ ਧਰਤੀ ਤੇ ਹੀ ਦਿੱਤਾ ਸੀ, ਜਿਸਦਾ ਮੂਲ ਸਵਰ 'ਕਰਮਯੋਗ' ਹੈ ਜੋ ਕਿ ਪੰਜਾਬੀਅਤ ਦਾ ਅਟੁੱਟ ਹਿੱਸਾ ਹੈ। ਅੱਜ ਜਿਹੜੀ ਵਿਚਾਰ ਧਾਰਾ ਨੂੰ ਹੋਂਦਵਾਦ ਮੰਨਿਆ ਗਿਆ ਹੈ, ਉਸ ਵਿੱਚ ਜਿਹੜਾ ਮਨੁੱਖ ਆਪਣੀ ਹੋਂਦ ਦਾ ਪ੍ਰਗਟਾਵਾ ਸੰਘਰਸ਼ ਕਰਦਾ ਹੋਇਆ ਕਰਦਾ ਹੈ। ਉਹ ਮਨੁੱਖ ਹੀ ਅਸਲ ਵਿੱਚ ਹੋਂਦ ਵਿਚ ਹੁੰਦਾ ਹੈ। ਜਿਹੜੇ ਮਨੁੱਖ ਸੰਘਰਸ਼ਹੀਨ ਹੁੰਦੇ ਹਨ

ਉਹਨਾਂ ਦੀ ਹੋਂਦ ਤਾਂ ਜ਼ਰੂਰ ਹੁੰਦੀ ਹੈ, ਪਰ ਉਹ ਹੋਂਦਵਾਨ ਨਹੀਂ ਹੁੰਦੇ। ਇਸ ਸੱਚਾਈ ਨੂੰ ਪੰਜਾਬੀ ਸੋਚ ਚੰਗੀ ਤਰ੍ਹਾਂ ਪਰਖਦੀ ਅਤੇ ਸਮਝਦੀ ਹੈ। ਇਸ ਕਰਕੇ ਕਰਮਸ਼ੀਲ ਜੀਵਨ ਪੰਜਾਬੀ ਦੀ ਵਿਸ਼ੇਸ਼ਤਾ ਹੈ।

ਧਰਤੀ ਅਤੇ ਧੰਨ ਦੋਵੇਂ ਹੀ ਕਰਨੀ ਖੇਤਰ ਦੇ ਮੂਲ ਅੰਗ ਹਨ। ਪੈਦਾਵਾਰ ਵਿੱਚ ਤਾਂ ਹੀ ਵਾਧਾ ਹੋ ਸਕਦਾ ਹੈ ਜੇਕਰ ਧਰਤੀ ਅਤੇ ਧੰਨ ਉੱਤੇ ਉੱਦਮ ਕੀਤਾ ਜਾਵੇ। ਦੂਜੇ ਸ਼ਬਦਾਂ ਵਿੱਚ ਪੰਜਾਬੀਅਤ ਦਾ ਹੀ ਵਿਹਾਰਿਕ ਨਾਮ ਉੱਦਮ ਹੈ। ਹਰ ਪੰਜਾਬੀ ਜਾਣਦਾ ਹੈ ਕਿ ਜੇਕਰ ਧਰਤੀ ਅਤੇ ਧੰਨ ਤੋਂ ਵਧੀਆ ਪੈਦਾਵਾਰ ਲੈਣੀ ਹੈ ਤਾਂ ਮਿਹਨਤ ਤੇ ਉੱਦਮ ਸਦਕਾ ਹੀ ਪ੍ਰਾਪਤ ਹੋ ਸਕਦੀ ਹੈ। ਇਸ ਲਈ ਪੰਜਾਬੀ ਦੀ ਕਰਨੀ ਉੱਦਮ ਪ੍ਰਧਾਨ ਹੈ। ਉੱਦਮ ਜਾਂ ਮਿਹਨਤ ਨਾਲ ਧੰਨ ਪੈਦਾ ਕਰਨਾ, ਧਰਤੀ ਨੂੰ ਸ਼ਿੰਗਾਰਨਾ ਅਤੇ ਆਰਥਿਕ ਪੱਧਰ ਤੋਂ ਪੰਜਾਬੀ ਆਪਣੇ ਦੇਸ਼ ਨੂੰ ਸਿਖਰਾਂ ਤੇ ਪਹੁੰਚਾਉਣਾ ਚਾਹੁੰਦੇ ਹਨ। ਇਹ ਹੀ ਉਹਨਾਂ ਦੀ ਪੰਜਾਬੀਅਤ ਹੈ। ਪੰਜਾਬੀਅਤ ਦੀ ਇਕ ਆਸਥਾਮੂਲਕ ਕੀਮਤ ਨਾਮ ਜਪਣਾ ਹੈ। ਜਿਸਦਾ ਭਾਵ ਇਹ ਹੈ ਕਿ ਆਪਣੇ-ਆਪਣੇ ਧਰਮ ਦੇ ਨਜ਼ਰੀਏ ਦੇ ਅਨੁਸਾਰ ਪ੍ਰਮਾਤਮਾ ਨੂੰ ਯਾਦ ਕੀਤਾ ਜਾਵੇ। ਪੰਜਾਬ ਵਿੱਚ ਅਲੱਗ-ਅਲੱਗ ਧਰਮਾਂ ਦੇ ਲੋਕ ਰਹਿੰਦੇ ਹਨ ਤੇ ਆਪਣੇ-ਆਪਣੇ ਧਰਮ ਦੇ ਅਨੁਸਾਰ ਪ੍ਰਭੂ ਦੀ ਪੂਜਾ ਕਰਦੇ ਹਨ। ਪੰਜਾਬੀਅਤ ਨੇ ਸੂਖ਼ਮ ਜੀਵਨ-ਜੁਗਤੀਆਂ ਜਾਂ ਕੀਮਤਾਂ ਨੂੰ ਵੀ ਇਹਨਾਂ ਤਿੰਨ ਕਦਰਾਂ-ਕੀਮਤਾਂ ਭਾਵ ਕ੍ਰਿਤ ਕਰਨਾ, ਵੰਡ ਛਕਣਾ, ਨਾਮ ਜਪਣਾ ਨਾਲ ਜੋੜਿਆ ਹੈ ਜੋ ਕਿ ਜੀਵਨ ਵਿੱਚ ਜਾਗ੍ਰਤੀ ਪੈਦਾ ਕਰਦੀਆਂ ਹਨ ਅਤੇ ਪੰਜਾਬੀਅਤ ਨੂੰ ਵਧੇਰੇ ਤਾਕਤ ਦਿੰਦੀਆਂ ਹਨ।

ਇਸਦੇ ਨਾਲ ਭਾਵਵਾਚੀ ਸੰਗਿਆਵਾਂ ਨੂੰ ਵੀ ਜੋੜਿਆ ਗਿਆ ਹੈ। ਜਿਵੇਂ ਕਿ 'ਸਤਿ' ਨੂੰ ਕਿਰਤ ਦੇ ਨਾਲ, 'ਸੰਤੋਖ' ਨੂੰ ਵੰਡ ਛਕਣ ਦੇ ਨਾਲ ਅਤੇ 'ਗਿਆਨ' ਨੂੰ ਨਾਮ ਜਪਣ ਦੇ ਨਾਲ ਜੋੜਿਆ ਗਿਆ ਹੈ। ਇਹਨਾਂ ਦੇ ਗੁਣ ਪੰਜਾਬੀ ਸਭਿਆਚਾਰ ਦੇ ਮਾਨਤਾ ਪੱਖ ਨੂੰ ਦਰਸਾਉਣ ਵਾਲੇ ਸਾਂਝੇ ਧਰਮ ਹਨ। ਉਹ ਸੰਤੋਖੀ ਮਨੁੱਖ ਜਿਹੜਾ ਸਤਿ ਦੇ ਮਾਰਗ ਤੇ ਚੱਲਦਾ ਹੈ ਉਸਨੂੰ ਹੀ ਸੱਚਾ ਗਿਆਨ ਪ੍ਰਾਪਤ ਹੁੰਦਾ ਹੈ ਅਤੇ ਉਸਦੀ ਰਹਿਣੀ, ਬਹਿਣੀ, ਕਰਨੀ ਤੇ ਸੋਚਣੀ ਵੀ ਪਵਿੱਤਰ ਹੋ ਜਾਂਦੀ ਹੈ।

ਜਦੋਂ ਤੋਂ ਪੰਜਾਬ ਹੋਂਦ ਵਿਚ ਆਇਆ ਹੈ ਉਦੋਂ ਤੋਂ ਹੀ ਪੰਜਾਬੀਅਤ ਵੀ ਹੋਂਦ ਵਿਚ ਆਈ, ਪਰ ਪੰਜਾਬੀਅਤ ਦਾ ਸੰਕਲਪ ਅਜੋਕੇ ਸਮੇਂ ਦੀ ਦੇਣ ਹੈ। ਇਸ ਨੂੰ ਸੰਕਲਪ ਦੇ ਰੂਪ ਵਿਚ ਅਜੋਕੇ ਸਮੇਂ ਵਿਚ ਹੀ ਵਿਚਾਰਿਆ ਗਿਆ ਹੈ। ਗੁਰਬਾਣੀ ਅਤੇ ਭਗਵਦ ਗੀਤਾ ਨੇ ਇਸਨੂੰ ਦਿਸ਼ਾ ਦਿੱਤੀ ਹੈ। ਵਰਤਮਾਨ ਪੰਜਾਬੀਅਤ ਦੇ ਗੁਣ ਪ੍ਰਾਣ ਬਣ ਕੇ ਸਾਡੀ ਜ਼ਿੰਦਗੀ ਦਾ ਅਧਾਰ ਬਣ ਗਏ ਹਨ। ਸਾਡਾ ਇਹ ਫ਼ਰਜ਼ ਬਣਦਾ ਹੈ ਕਿ ਅਸੀਂ ਪੰਜਾਬੀਅਤ ਦੀ ਮਾਨ-ਮਰਿਆਦਾ ਨੂੰ ਬਣਾਈ ਰੱਖੀਏ ਅਤੇ ਇਸਦੇ ਮਹਾਨ ਇਤਿਹਾਸ ਨੂੰ ਅੱਗੇ ਵਧਾਈਏ। ਪੰਜਾਬੀਅਤ ਦੇ ਮਹਾਨ ਗੁਣ ਜਿਵੇਂ ਸਹਿਨਸ਼ੀਲਤਾ, ਪ੍ਰੇਮ, ਤਿਆਗ, ਬਲਿਦਾਨ, ਪਰਉਪਕਾਰ ਅਤੇ ਭਾਈਚਾਰੇ ਆਦਿ ਨੂੰ ਪੰਜਾਬੀਆਂ ਦੇ ਦਿਲਾਂ ਵਿੱਚ ਬਿਠਾ ਦਈਏ। ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ, ਉਸ ਵਿੱਚ ਜੋ ਰਿਸ਼ੀ-ਮੁਨੀ, ਗੁਰੂ, ਸੰਤ-ਮਹਾਤਮਾ ਹੋਏ ਉਹਨਾਂ ਨੇ ਆਪਣੀ ਸੋਚ ਮੁਤਾਬਿਕ ਪੰਜਾਬੀਅਤ ਵਿੱਚ ਪਰਿਵਰਤਨ ਲਿਆਂਦੇ ਅਤੇ ਇਸਦੇ ਨਵੇਂ ਪਹਿਲੂ ਉਜਾਗਰ ਕੀਤੇ।

### 1.3.3 ਪੰਜਾਬੀਅਤ: ਗਿਆਨਮੂਲਕ ਪਰਿਪੇਖ

ਪੰਜਾਬੀਅਤ ਦਾ ਆਧਾਰ ਸਿਰਫ਼ ਧਰਮ ਜਾਂ ਨਸਲ ਨਹੀਂ ਸਗੋਂ ਇਹ ਲੋਕਾਂ ਦੀ ਜਜ਼ਬਾਤੀ ਜ਼ਿੰਦਗੀ, ਸੋਚਣ, ਸਮਝਣ, ਅਤੇ ਅਮਲ ਦੇ ਉਹ ਨਮੂਨੇ ਹਨ ਜਿਹੜੇ ਉਨ੍ਹਾਂ ਦੀ ਬੋਲੀ, ਦਰਸ਼ਨ, ਸਾਹਿਤ ਪਰੰਪਰਾ ਤੇ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਰਾਹੀਂ ਪ੍ਰਗਟ ਹੁੰਦੇ ਹਨ। ਇਹ ਇਕ ਅਹਿਸਾਸ ਪੰਜਾਬੀਅਤ ਨੂੰ ਅਰਥ ਪੂਰਨ ਬਣਾਉਂਦਾ ਹੈ ਕਿ ਵਿਸ਼ੇਸ਼ ਸਾਹਿਤ ਤੇ ਕਲਾ ਵਿਰਸਾ ਹੈ। ਪ੍ਰੋ: ਪੂਰਨ ਸਿੰਘ ਨੇ ਵੀ ਪੰਜਾਬੀਅਤ ਬਾਰੇ ਕੁਝ ਵਿਚਾਰ ਪੇਸ਼ ਕੀਤੇ ਹਨ। ਉਹਨਾਂ ਅਨੁਸਾਰ:

ਪੰਜਾਬ ਨਾ ਹਿੰਦੂ ਨਾ ਮੁਸਲਮਾਨ

ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ 'ਤੇ

ਇਹਨਾਂ ਪੰਗਤੀਆਂ ਵਿਚ ਉਸੇ ਸੰਦੇਸ਼ ਦੀ ਧੁਨੀ ਗੂੰਜਦੀ ਪ੍ਰਤੀਤ ਹੁੰਦੀ ਹੈ, ਜਿਹੜਾ ਗੁਰੂ ਨਾਨਕ ਦੇਵ ਦੇ ਵੇਈਂ ਵਿੱਚ ਟੁੱਭੀ ਲਾਉਣ ਤੋਂ ਮਗਰੋਂ ਨਾ ਕੋਈ ਹਿੰਦੂ ਨਾ ਮੁਸਲਮਾਨ ਆਖ ਕੇ ਦਿੱਤਾ ਸੀ। ਇਸ ਸੁਨੇਹੇ ਵਿੱਚੋਂ ਸਰਵ-ਵਿਆਪਕ ਮਾਨਵੀ ਕਲਿਆਣ ਪ੍ਰਤੀ ਚਿੰਤਾਂ ਤੇ ਚਿੰਤਨ ਦੀ ਝਲਕ ਪ੍ਰਤੱਖ ਹੁੰਦੀ ਹੈ। ਇਹ ਪੰਜਾਬੀਅਤ ਦੀ ਆਤਮਾ ਦੀ ਪੁਕਾਰ ਹੈ। ਇਹੋ ਪੰਜਾਬੀਅਤ ਦੀ ਸਭ ਤੋਂ ਵੱਡੀ ਪਛਾਣ ਹੈ।[18]

ਪੰਜਾਬੀ ਕਵਿਤਾ ਦੇ ਵਿੱਚ ਵੀ ਪੰਜਾਬੀਅਤ ਦੇਖੀ ਜਾ ਸਕਦੀ ਹੈ। ਕਵਿਤਾ ਦੀ ਦੀਰਘ ਪ੍ਰੰਪਰਾ ਲਗਭਗ 1200 ਵਰ੍ਹਿਆਂ ਤੀਕ ਫੈਲੀ ਹੋਈ ਹੈ। ਬਾਬਾ ਫ਼ਰੀਦ ਜੀ ਤੋਂ ਲੈ ਕੇ ਆਧੁਨਿਕ ਕਾਲ ਤੱਕ ਜਿੰਨੀਆਂ ਵੀ ਕਵਿਤਾਵਾਂ ਲਿਖੀਆਂ ਗਈਆਂ ਹਨ ਉਹਨਾਂ ਦੀਆਂ ਵੱਖ-ਵੱਖ ਪ੍ਰਵਿਰਤੀਆਂ ਹਨ ਤੇ ਇਹ ਪ੍ਰਵਿਰਤੀਆਂ ਪੰਜਾਬੀ ਕਾਵਿ-ਸਭਿਆਚਾਰ ਦੇ ਭਰਵੇਂ ਦ੍ਰਿਸ਼ ਨੂੰ ਪੇਸ਼ ਕਰਦੀਆਂ ਹਨ ਪਰ ਮੁੱਖ ਮੁੱਦਾ ਇਹ ਹੈ ਕਿ ਪੰਜਾਬੀਅਤ ਤੇ ਪੰਜਾਬੀ ਕਾਵਿ ਦੇ ਇਸ ਸਹਿਜ ਸੰਬੰਧ ਨੂੰ ਸ਼ਾਸਤਰੀ ਦ੍ਰਿਸ਼ਟੀ ਤੋਂ ਚੇਤੰਨ ਪੱਧਰ ਉੱਪਰ ਗ੍ਰਹਿਣ ਕੀਤਾ ਜਾਵੇ।

ਡਾ. ਤਰਲੋਕ ਸਿੰਘ ਪੰਜਾਬੀਅਤ ਬਾਰੇ ਦੱਸਦੇ ਹਨ ਕਿ ਪੰਜਾਬੀਅਤ ਦੀ ਸੰਰਚਨਾ ਵੱਲ ਜੇਕਰ ਧਿਆਨ ਦਿੱਤਾ ਜਾਵੇ ਤਾਂ ਵੀ ਇਹ ਸੂਚਨਾ ਵਿਵਹਾਰ ਤੋਂ ਜ਼ਿਆਦਾ ਚਿੰਤਨ ਦੀ ਹੀ ਮਿਲਦੀ ਹੈ। ਇਸਦਾ ਕਾਰਨ ਇਹ ਹੈ ਕਿ ਇਹ ਇਕ ਸੰਗਿਆਵਾਚਕ ਸ਼ਬਦ ਹੈ ਤੇ ਆਪਣੀ ਬਿਰਤੀ ਭਾਵ ਵੀ ਹੈ ਤੇ ਗਿਆਨਵਾਚੀ ਵੀ ਹੈ। ਜਦੋਂ ਪੰਜਾਬੀ ਦੀ ਗੱਲ ਚੱਲਦੀ ਹੈ ਤਾਂ ਇਹ ਸ਼ਬਦ ਦੋ ਚੀਜ਼ਾਂ ਲਈ ਵਰਤਿਆ ਜਾਂਦਾ ਹੈ, ਪਹਿਲਾ ਪੰਜਾਬੀ ਭਾਸ਼ਾ ਲਈ ਤੇ ਦੂਜਾ ਪੰਜਾਬ ਦੇ ਲੋਕਾਂ ਲਈ। ਇਸ ਤਰ੍ਹਾਂ ਪੰਜਾਬੀਅਤ ਇਕ ਸੂਤ੍ਰਿਤ ਤੇ ਅਨੁਸ਼ਾਸ਼ਿਤ ਸੰਕਲਪ ਹੈ ਜੋ ਇਹਨਾਂ ਦੋਹਾਂ ਸਮੇਤ ਵੱਖਰੇ ਖੇਤਰਾਂ ਵਿਚ ਕੰਮ ਕਰਦੀਆਂ ਜਟਿਲਤਾਵਾਂ ਨੂੰ ਉਲੰਘ ਕੇ ਪ੍ਰਾਪਤ ਕੀਤਾ ਗਿਆ ਹੈ। ਪੰਜਾਬ ਤੇ ਪੰਜਾਬੀ ਦੀ ਪ੍ਰੰਪਰਾ ਪਹਿਲਾ ਤੋਂ ਸਾਡੇ ਸਾਹਮਣੇ ਮੌਜੂਦ ਹੋਣ ਕਾਰਨ ਇਸਨੂੰ ਮਿੱਥ ਕੇ ਜਦੋਂ ਪੰਜਾਬੀਅਤ ਨੂੰ ਨਿਤਾਰਨਾ ਸਾਡੀ ਸਮੱਸਿਆ ਬਣੀ ਤਾਂ ਸਾਡਾ ਸਿੱਧਾ ਵਾਹ-ਵਾਸਤਾ ਪੰਜਾਬੀ ਸਭਿਆਚਾਰ ਦੀਆਂ ਪ੍ਰਵਿਰਤੀਆਂ ਨਾਲ ਪੈਂਦਾ ਹੈ। ਇਹ ਪ੍ਰਵਿਰਤੀਆਂ ਉਹ ਹਨ ਜਿਹੜੀਆਂ ਪੰਜਾਬ ਦੀਆਂ ਸੰਭਾਵਨਾਵਾਂ ਨੂੰ ਗਿਆਨਸ਼ਾਸਤਰੀ ਪੱਧਰ ਉੱਤੇ ਖੋਲ੍ਹਣ ਦਾ ਯਤਨ ਕਰਦੀਆਂ ਹਨ। ਇਹ ਸੰਭਾਵਨਾਵਾਂ ਇਤਿਹਾਸ ਦੇ ਵੱਖ-ਵੱਖ ਸੰਦਰਭਾਂ ਵਿਚ 12ਵੀਂ ਸਦੀ ਤੋਂ ਲੈ ਕੇ 20ਵੀਂ ਸਦੀ ਤੱਕ ਵੱਖ-ਵੱਖ ਕਿਸਮ ਦੇ ਦਬਾਵਾਂ ਅਧੀਨ ਉਘੜਦੀਆਂ ਰਹੀਆਂ ਹਨ। ਇਹਨਾਂ ਦਾ ਜਾਇਜ਼ਾ ਲੈ ਕੇ ਅਸੀਂ ਪੰਜਾਬ ਦੀ ਗਿਆਨ ਸ਼ਾਸਤਰੀ ਦੇਣ ਨੂੰ ਗਿਆਨ ਸ਼ਾਸਤਰ ਦੇ ਨਕਸ਼ੇ ਉੱਤੇ ਲਿਆ ਸਕਦੇ ਹਾਂ।ਜਦੋਂ ਅਸੀਂ ਪੰਜਾਬੀਅਤ ਦੇ ਸੰਕਲਪ ਨੂੰ ਇਸ ਦ੍ਰਿਸ਼ਟੀ ਤੋਂ ਧਾਰ ਕੇ ਪੰਜਾਬੀ ਕਾਵਿ ਦੀ ਪੁਨਰਫੇਰੀ ਕਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਇਸ ਵਿਚ ਪੰਜਾਬੀਅਤ ਦਾ ਨਿਰਮਾਣ ਆਰੰਭ ਤੋਂ ਹੀ ਸਮੂਹਿਕ ਭਾਈਚਾਰਕ ਕੋਟੀਆਂ ਤੋਂ ਸ਼ੁਰੂ ਹੋ ਕੇ ਅਮੂਰਤ ਪ੍ਰਬੰਧਾਂ ਦੀ ਯਾਤਰਾ ਕਰਦਾ ਹੈ।

ਪੰਜਾਬ ਦੇ ਪਹਿਲੇ ਕਵੀ ਹੋਣ ਦਾ ਮਾਣ ਬਾਬਾ ਫ਼ਰੀਦ ਜੀ ਨੂੰ ਪ੍ਰਾਪਤ ਹੈ, ਉਹਨਾਂ ਦੀ ਕਵਿਤਾ ਦਾ ਨਿਖੜਵਾਂ ਅਤੇ ਪ੍ਰਧਾਨ ਸੁਰ ਜਗਿਆਸਾਪੂਰਕ ਹੈ। ਫ਼ਰੀਦ ਜੀ ਜਗਿਆਸਾ ਦੇ ਮਾਰਗ ਨੂੰ ਬੁਨਿਆਦੀ ਤੌਰ ਉੱਤੇ ਤਿੱਖਾ ਕਰਨ ਵਾਲੇ ਕਵੀ ਹਨ। ਜਗਿਆਸਾ ਪ੍ਰਤੀ ਚੇਤੰਨਤਾ ਦੇਣਾ ਅਤੇ ਇਸਦਾ ਰਾਹ ਖੋਲ੍ਹਣਾ ਦੋਵੇਂ ਹੀ ਨਿਰਮਾਣ ਕਾਰਜ ਹਨ। ਇਹਨਾਂ ਦੋਵਾਂ ਕਾਰਜਾਂ ਰਾਹੀਂ ਹੀ ਆਦਰਸ਼ ਇਨਸਾਨ ਬਣਾਉਣ ਦੀ ਸੰਭਾਵਨਾ ਉਤਪੰਨ ਹੁੰਦੀ ਹੈ। ਇਹਨਾਂ ਉਦੇਸ਼ਾਂ ਪ੍ਰਤੀ ਫ਼ਰੀਦ ਜੀ ਅਤਿਅੰਤ ਚੇਤੰਨ ਕਵੀ ਹਨ। ਫ਼ਰੀਦ ਜੀ ਦੇ ਅਨੁਸਾਰ ਮਨੁੱਖ ਨੂੰ ਆਦਰਸ਼ ਇਨਸਾਨ ਬਣਨ ਲਈ ਨਿਸ਼ਕ੍ਰਿਆ ਪ੍ਰਤੀ ਉੱਤਰ ਦਾ ਧਾਰਨੀ ਬਣਨਾ ਪਵੇਗਾ। ਫ਼ਰੀਦ ਜੀ ਨੇ ਜਿਹੜੀ ਨਿਸ਼ਕ੍ਰਿਆ ਦੱਸੀ ਹੈ। ਉਸਦੀਆਂ ਉਦਾਹਰਨਾਂ ਹੇਠ ਲਿਖੀਆਂ ਹਨ:

(ੳ) ਫ਼ਰੀਦਾ ਬੁਰੇ ਦਾ ਭਲਾ ਕਰਿ, ਗੁਸਾ ਮਨਿ ਨਾ ਹੰਢਾਇ॥
ਦੇਹੀ ਰੋਗੁ ਨਾ ਲਗਈ, ਪਲੇ ਸਭ ਕਿਛੁ ਪਾਇ॥(78) :1 (1381)-19
(ਅ) ਫ਼ਰੀਦਾ ਜੋ ਤੈ ਮਾਰਨਿ ਮੁਕੀਆਂ, ਤਿੰਨਾ ਨਾ ਮਾਣੈ ਘੁੰਮਿ॥

ਆਪ ਨਤੇ ਘਰਿ ਜਾਈਐ, ਪੈਰ ਤਿਨਾ ਦੇ ਚੁੰਮਿ॥ 7:1(1378)-5

ਫ਼ਰੀਦ ਜੀ ਆਪਣੀ ਕਵਿਤਾ ਵਿੱਚ ਜਾਗਿਆਸਾ ਦੀ ਭਾਵਨਾ ਨੂੰ ਤੇਜ਼ ਕਰਦੇ ਹਨ। ਇਹਨਾਂ ਦੀ ਸਾਰੀ ਕਵਿਤਾ ਵਿੱਚ ਅਹਿੰਸਾਭਾਵੀ ਤੇ ਨਿਸ਼ਕ੍ਰਿਆ ਪ੍ਰਤੀ ਉੱਤਰ ਦੀ ਪ੍ਰਵਿਰਤੀ ਲਗਾਤਾਰ ਚੱਲਦੀ ਰਹਿੰਦੀ ਹੈ। ਇਹਨਾਂ ਦੀ ਕਵਿਤਾ ਦਾ ਅਧਾਰ ਪੰਜਾਬੀ ਭਾਈਚਾਰੇ ਦਾ ਸੰਚਾਲਨ ਕਰਨ ਵਾਲਾ ਰਿਸ਼ਤੇਦਾਰੀ ਪ੍ਰਬੰਧ ਹੈ। ਡਾ. ਤਰਲੋਕ ਸਿੰਘ ਕੰਵਰ ਅਨੁਸਾਰ:

> ਫ਼ਰੀਦ-ਬਾਣੀ ਦੇ ਸਮੁੱਚੇ ਚਿੰਤਨ ਅਤੇ ਸੰਗਠਨ ਦੁਆਰਾ ਪੰਜਾਬੀਅਤ ਦਾ ਇਕ ਅਜਿਹਾ ਅਯਾਮ ਖੋਲ੍ਹਦਾ ਹੈ ਜੋ ਸਮੂਰਤ ਨੂੰ ਅਮੂਰਤ ਵਿਚ ਪਰਵਿਸ਼ਟ ਵੀ ਕਰਦਾ ਹੈ ਤੇ ਵਾਸਤਵਿਕਤਾ ਨੂੰ ਉਸਦੇ ਵਸਤੂ ਸਥਲ ਤੋਂ ਚੁਕ ਕੇ ਪ੍ਰਤੀਕਾਤਮਕ ਰੂਪਾਂਤਰਣ ਵਿਚ ਪਾ ਦੇਂਦਾ ਹੈ।[9]

ਰਾਜ ਦੀ ਸੰਸਥਾ ਪੰਜਾਬੀਅਤ ਦੇ ਵਿਕਾਸ ਲਈ ਧਰਮ ਦੀ ਸੰਸਥਾ ਨਾਲੋਂ ਵਿਧੇਰਾ ਹਿੱਸਾ ਪਾਉਂਦੀ ਹੈ। ਪਰਿਭਾਸ਼ਾ ਹੀ ਪੰਜਾਬੀਅਤ ਦੀ ਸਭ ਤੋਂ ਵੱਡੀ ਸਮੱਸਿਆ ਹੈ ਕਿਉਂਕਿ ਪੰਜਾਬੀ ਕੌਮੀਅਤ ਬੇਸ਼ੱਕ ਪੁਰਾਣੀ ਹੈ, ਪਰ ਪੁਰਾਣੀ ਹੁੰਦੇ ਹੋਏ ਵੀ ਇਹ ਕਈ ਅਰਥਾਂ ਵਿੱਚ ਨਵੀਂ ਹੈ। ਜਿਵੇਂ ਕਿ ਹਿੰਦੁਸਤਾਨੀਆਂ ਦੇ ਮਜ਼ਹਬ, ਰੰਗ ਰੂਪ ਅਤੇ ਅਕਾਰ ਦਾ ਖਾਸ ਸਾਂਚਾ ਨਹੀਂ ਉਸੇ ਤਰ੍ਹਾਂ ਹੀ ਪੰਜਾਬੀਅਤ ਨੂੰ ਵੀ ਕਿਸੇ ਖਾਸ ਮਜ਼ਹਬ ਜਾਂ ਨਸਲ ਨਾਲ ਨਹੀਂ ਬੰਨ੍ਹਿਆ ਜਾ ਸਕਦਾ। ਡਾ. ਜਸਵਿੰਦਰ ਸਿੰਘ ਦੇ ਅਨੁਸਾਰ:

> 'ਪੰਜਾਬੀਅਤ' ਸ਼ਾਬਦਿਕ ਪੱਧਰ ਤੇ ਚਾਰ ਜੁਜ਼ਾਂ ਦਾ ਸੁਮੇਲ ਹੈ। ਪੰਜਾਬ ਪੰਜ (ਗਿਣਤੀਮੂਲਕ ਅੰਕ) ਅਤੇ ਆਬ (ਪਾਣੀ ਤੇ ਵਡੇਰੇ ਅਰਥਾਂ ਵਿਚ ਦਰਿਆਵਾਂ ਦਾ ਪ੍ਰਤੀਕ) ਤੋਂ ਬਣਿਆ ਸਮਾਸ ਹੈ, ਜਿਹੜਾ ਇਕ ਵਿਸ਼ੇਸ਼ ਭੂਗੋਲਿਕ ਖਿੱਤੇ ਦਾ ਸੂਚਕ ਹੈ। ਪੰਜਾਬ ਤੋਂ 'ਈ' ਪਿਛੇਤਰ ਲਗਾ ਕੇ ਇਹ ਖ਼ਾਸ ਨਾਂਵ ਵਾਚਕ ਸ਼ਬਦ 'ਪੰਜਾਬੀ ਵਿਸ਼ੇਸ਼ਣ, ਜੋ ਪੰਜਾਬੀ ਸਭਿਆਚਾਰਕ ਸਮੂਹ ਅਤੇ ਪੰਜਾਬੀ ਭਾਸ਼ਾ ਦੀ ਸ਼ਨਾਖਤ ਦਾ ਸੂਚਕ ਹੈ। ਪੰਜਾਬੀਅਤ ਇਕ ਭਾਵ-ਵਾਚਕ ਨਾਂਵ ਹੈ, ਜਿਹੜਾ ਪੰਜਾਬੀ ਸ਼ਬਦ ਦੇ ਪਿੱਛੇ 'ਅਤ' ਪਿਛੇਤਰ ਲਗਾ ਕੇ ਬਣਾਇਆ ਗਿਆ ਹੈ। ਪੰਜਾਬੀਅਤ ਦੇ ਸਰਲ ਅਰਥਾਂ ਵਿੱਚ ਪੰਜਾਬ ਦੀ ਭੂਗੋਲਿਕ ਖਿੱਤੇ ਦੀ ਸਮੁੱਚੀ ਸ਼ਨਾਖਤ ਤੇ ਉਹ ਸਾਰੇ ਨਿਖੜਵੇਂ ਵਿਸ਼ੇਸ਼ਣੀ ਤੱਤ, ਲੱਛਣ ਮੌਜੂਦ ਹਨ ਜੋ ਇਸਨੂੰ ਮਨੁੱਖੀ ਸਭਿਆਚਾਰਾਂ ਦੇ ਸਮੂਹ ਵਿੱਚ ਇਕ ਨਿਵੇਕਲੀ ਪਛਾਣ ਬਖਸ਼ਦੇ ਹਨ। ਪੰਜ ਦਰਿਆਵਾਂ ਦੀ ਧਰਤੀ ਦੇ ਇਸ ਸਭਿਆਚਾਰ ਦੀ ਸੱਚੀ-ਸੁੱਚੀ ਜਿਊਂਦੀ ਅਤੇ ਵੰਨ-ਸੁਵੰਨੇ ਨਿਆਰੇਪਣ ਵਾਲੀ ਮਾਨਵੀ ਸ਼ਖਸੀਅਤ ਦਾ ਨਾਂ ਹੀ ਪੰਜਾਬੀਅਤ ਹੈ।[10]

ਕਈ ਹਜ਼ਾਰਾਂ ਸਾਲਾਂ ਤੋਂ ਇਹ ਪੰਜਾਬੀਅਤ ਇਸ ਭੂਗੋਲਿਕ ਖਿੱਤੇ ਦੀ ਜ਼ਰਖੇਜ਼ ਭੂਮੀ ਵਿੱਚ ਪ੍ਰਫੁੱਲਿਤ ਹੁੰਦੀ ਆ ਰਹੀ ਹੈ ਅਤੇ ਦਰਿਆਵਾਂ ਦੀ ਵਹਿੰਦੀ ਧਾਰਾ ਵਾਂਗ ਇਹ ਸਾਡੇ ਸਮਕਾਲ ਤੱਕ ਪਹੁੰਚੀ ਹੈ। ਪੰਜਾਬ ਸਤਲੁਜ, ਬਿਆਸ, ਰਾਵੀ, ਚਨਾਬ ਅਤੇ ਜੇਹਲਮ ਇਹਨਾਂ ਪੰਜ ਦਰਿਆਵਾਂ ਦੀ ਧਰਤੀ ਹੈ ਤੇ ਇਹ ਅਸਲ ਪੰਜਾਬ ਹੀ ਪੰਜਾਬੀਅਤ ਦੇ ਪ੍ਰਸੰਗ ਵਿਚ ਇਸਦੀ ਸਿਰਜਣ ਭੌਂਇ ਹੈ। ਇਹ ਏਸ਼ੀਆ ਉਪਮਾਹਾਂਦੀਪ ਵਿੱਚ ਭਾਰਤੀ ਖਿੱਤੇ ਦੇ ਇਕ ਭੂ-ਖੰਡ, ਜਿਸਨੂੰ ਉੱਤਰੀ ਭਾਰਤ ਦਾ ਮੈਦਾਨ ਕਿਹਾ ਜਾਂਦਾ ਹੈ, ਵਿੱਚ ਸਥਿਤ ਹੈ।

ਪੰਜਾਬ ਅੱਜ ਦੇ ਸਮੇਂ ਵਿੱਚ ਪੱਛਮੀ ਪੰਜਾਬ, ਪੂਰਬੀ ਪੰਜਾਬ, ਹਿਮਾਚਲ ਅਤੇ ਹਰਿਆਣਾ ਦੇ ਕੁਝ ਖੇਤਰਾਂ ਵਿੱਚ ਵੰਡਿਆ ਹੋਇਆ ਹੈ। ਜਿਸ ਪੰਜਾਬੀਅਤ ਦਾ ਸੰਬੰਧ ਅਖੰਡਿਤ ਪੰਜਾਬ ਨਾਲ ਹੈ, ਉਸ ਪੰਜਾਬੀਅਤ ਨੂੰ ਸੰਕਲਪ ਅਤੇ ਅਭਿਆਸ ਵਿੱਚ ਪਹਿਲਾਂ ਪੇਸ਼ ਕੀਤਾ ਗਿਆ ਹੈ। ਵੈਦਿਕ ਸਾਹਿਤ ਨਾਲ ਹੀ ਇਸ ਸੰਕਲਪ ਦਾ ਆਰੰਭ ਹੋ ਜਾਂਦਾ ਹੈ। ਵੇਦਾਂ ਅਤੇ ਉਪਨਿਸ਼ਦਾਂ ਦਾ ਸਾਹਿਤ ਜੋ ਉਸ ਵੇਲੇ ਦੇ ਪੰਜਾਬ ਦੀ ਧਰਤੀ ਉੱਤੇ ਰਚਿਆ ਗਿਆ ਹੈ, ਮੋਟੇ ਤੌਰ ਤੇ ਬ੍ਰਹਿਮੰਡ

ਦੀ ਵਚਿੱਤਰਤਾ, ਇਸਦੇ ਅੰਤਰ ਸੰਬੰਧ ਅਤੇ ਮਨੁੱਖ ਦੇ ਇਸ ਵਿਚ ਗਿਆਨਵਾਨ ਹੋ ਕੇ ਸਥਾਨ ਬਣਾਉਣ ਦੀ ਵਕਾਲਤ ਕਰਦਾ ਹੈ:

> ਪੰਜਾਬੀਅਤ ਦਾ ਨਿਰਮਾਣ ਪੰਜਾਬ ਦੇ ਭੂਗੋਲ ਤੋਂ ਬਿਨਾਂ, ਪੰਜਾਬੀ ਭਾਸ਼ਾ ਅਤੇ ਇਸਦੇ ਮੂਲ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੋਂਦ ਵਿੱਚ ਆਉਣ ਨਾਲ ਹੀ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਨੇ ਜੋ ਕੋਰ ਪੰਜਾਬੀਅਤ ਸਿਰਜੀ ਹੈ, ਵਿਚਿੱਤਰਤਾ ਅਤੇ ਉਸਤੋਂ ਉਪਜਣ ਵਾਲਾ ਵਿਸਮਾਦ ਆਨੰਦ ਤੱਕ ਪਹੁੰਚਣ ਵਾਲਾ ਆਸ਼ਚਰਯ ਉਸਦਾ ਅਹਿਮ ਹਿੱਸਾ ਹੈ।[11]

ਪੰਜਾਬੀ ਦਾ ਅਧਾਰ ਸਿਰਫ਼ ਧਰਮ ਜਾਂ ਨਸਲ ਨੂੰ ਹੀ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਪੰਜਾਬੀ ਦਾ ਅਧਾਰ ਸੰਕੀਰਨ ਨਹੀਂ ਸਗੋਂ ਵਿਆਪਕਤਾ ਦਾ ਧਾਰਨੀ ਹੈ। ਇਸ ਵਿਚ ਲੋਕਾਂ ਦੀਆਂ ਭਾਵਨਾਵਾਂ, ਸੋਚ, ਜ਼ਿੰਦਗੀ ਨੂੰ ਦੇਖਣ ਦਾ ਨਜ਼ਰੀਆ ਆਦਿ ਪਹਿਲੂ ਸ਼ਾਮਿਲ ਹੁੰਦੇ ਹਨ। ਜਿਹਨਾਂ ਦਾ ਪ੍ਰਗਟਾਵਾ ਆਮ ਬੋਲ-ਚਾਲ ਦੀ ਭਾਸ਼ਾ, ਸਾਹਿਤ, ਜੀਵਨ ਅਤੇ ਵਿਸ਼ਵ ਪ੍ਰਤੀ ਦ੍ਰਿਸ਼ਟੀਕੋਣ ਦੁਆਰਾ ਹੁੰਦਾ ਹੈ। ਇਸ ਵਿੱਚ ਪੰਜਾਬੀਆਂ ਦੇ ਸਾਂਝੇ ਅਨੁਭਵ ਅਤੇ ਪੁਰਾਣੀਆਂ ਇਤਿਹਾਸਕ ਯਾਦਾਂ ਅਹਿਮ ਸਥਾਨ ਰੱਖਦੀਆਂ ਹਨ। ਗੁਰਭਗਤ ਸਿੰਘ ਦੇ ਕਹਿਣ ਅਨੁਸਾਰ ਇਹਨਾਂ ਤੋਂ ਇਲਾਵਾ ਪੰਜਾਬੀਆਂ ਦਾ ਇਹ ਇਕ ਅਹਿਸਾਸ ਕਿ ਕਲਾ ਤੇ ਸਾਹਿਤ ਸਾਡਾ ਵਿਰਸਾ ਹੈ, ਜੋ ਕੌਮੀਅਤ ਨੂੰ ਅਰਥ ਪੂਰਣ ਬਣਾਉਂਦਾ ਹੈ।

### 1.3.4 ਪੰਜਾਬੀਅਤ : ਪਰਵਾਸੀ ਪੰਜਾਬੀਆਂ ਦੇ ਪ੍ਰਸੰਗ ਵਿੱਚ

ਲਗਭਗ ਆਧੁਨਿਕ ਯੁੱਗ ਤੋਂ ਪੰਜਾਬੀਆਂ ਦਾ ਪਰਵਾਸ ਧਾਰਨ ਕਰਨ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ। ਇਸ ਸਿਲਸਿਲੇ ਦੇ ਸ਼ੁਰੂ ਹੋਣ ਦਾ ਕੋਈ ਇਕ ਕਾਰਨ ਨਹੀਂ, ਸਗੋਂ ਬਹੁਤ ਸਾਰੇ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਕਾਰਨ ਪਿੱਠ-ਭੂਮੀ ਦੇ ਰੂਪ ਵਿੱਚ ਕਾਰਜ ਕਰੇ ਰਹੇ ਹਨ। ਪਰਵਾਸ ਧਾਰਨ ਕਰਨ ਦਾ ਸਭ ਤੋਂ ਵੱਡਾ ਕਾਰਨ ਆਰਥਿਕ ਕਾਰਨ ਹੀ ਨਜ਼ਰ ਆ ਰਿਹਾ ਹੈ ਤੇ ਬਾਕੀ ਸਾਰੇ ਕਾਰਨ ਭਾਵ ਰਾਜਨੀਤਿਕ ਕਾਰਨ ਅਤੇ ਸਮਾਜਿਕ ਕਾਰਨ ਇਸਤੋਂ ਮਗਰੋਂ ਆਉਂਦੇ ਹਨ। ਪੰਜਾਬ ਦੇ ਲੋਕਾਂ ਵਿੱਚ ਪਰਵਾਸ ਧਾਰਨ ਕਰਨ ਦਾ ਸਭ ਤੋਂ ਵੱਧ ਰੁਝਾਨ ਆਪਣੀ ਰੋਜ਼ੀ-ਰੋਟੀ, ਕਰਜ਼ੇ ਨੂੰ ਉਤਾਰਨ ਅਤੇ ਘਰ ਦੀ ਆਰਥਿਕਤਾ ਨੂੰ ਸੁਧਾਰਨ ਦੇ ਰੂਪ ਵਿਚ ਸ਼ੁਰੂ ਹੋਇਆ ਹੈ। ਇਹ ਗੱਲ ਦੇਖਣ ਵਿੱਚ ਆਉਂਦੀ ਹੈ ਕਿ ਜਿਹੜੇ ਲੋਕ ਪਰਵਾਸ ਧਾਰਨ ਕਰਦੇ ਹਨ ਉਹਨਾਂ ਵਿੱਚੋਂ ਅੱਧੇ ਨਾਲੋਂ ਜ਼ਿਆਦਾ ਲੋਕ ਪਰਵਾਸੀ ਸਭਿਆਚਾਰ ਨੂੰ ਆਪਣਾ ਰਹੇ ਹਨ ਤੇ ਆਪਣੇ ਸਭਿਆਚਾਰ ਨੂੰ ਭੁੱਲਦੇ ਜਾ ਰਹੇ ਹਨ। ਇਸਦਾ ਮੁੱਖ ਕਾਰਨ ਕਿਸੇ ਜਗ੍ਹਾ ਦਾ ਵਾਤਾਵਰਨ ਹੈ ਕਿਉਂਕਿ ਮਨੁੱਖ ਜਿੱਥੇ ਵੀ ਰਹਿੰਦਾ ਹੈ ਉਸ ਉੱਤੇ ਉੱਥੋਂ ਦੇ ਵਾਤਾਵਰਨ ਦਾ ਪ੍ਰਭਾਵ ਪੈਣਾ ਲਾਜ਼ਮੀ ਹੈ। ਇਹੀ ਕਾਰਨ ਹੈ ਕਿ ਪੰਜਾਬੀ ਵਿਦੇਸ਼ੀ ਸਭਿਆਚਾਰ ਵੱਲ ਆਕਰਸ਼ਿਤ ਹੁੰਦੇ ਜਾਂਦੇ ਹਨ ਤੇ ਆਪਣੇ ਸਭਿਆਚਾਰ ਨੂੰ ਭੁੱਲਦੇ ਜਾ ਰਹੇ ਹਨ। ਜਿਸ ਕਾਰਨ ਉਹਨਾਂ ਵਿੱਚੋਂ ਪੰਜਾਬੀਅਤ ਦਾ ਭਾਵ ਖ਼ਤਮ ਹੁੰਦਾ ਜਾ ਰਿਹਾ ਹੈ ਤੇ ਹੌਲੀ-ਹੌਲੀ ਉਹ ਪੰਜਾਬੀਅਤ ਨੂੰ ਭੁੱਲ ਦੇ ਜਾ ਰਹੇ ਹਨ।

### ਹਵਾਲੇ


1. ਡਾ. ਧਨਵੰਤ ਕੌਰ, '**ਪੰਜਾਬੀਅਤ : ਸੰਕਲਪ ਤੇ ਸਰੂਪ**', ਪੰਨਾ 2.
2. **ਉਹੀ**, ਪੰਨਾ 5.
3. ਡਾ. ਧਨਵੰਤ ਕੌਰ, **ਸਭਿਆਚਾਰ ਪਤ੍ਰਿਕਾ** ਪੰਜਾਬੀ ਲੋਕ ਵਿਰਸਾ ਵਿਸ਼ੇਸ਼ ਅੰਕ, ਅੰਕ-3, ਪੰਨਾ 2.
4. ਗੁਰਭਗਤ ਸਿੰਘ, **ਵਿਸ਼ਵ ਚਿੰਤਨ ਅਤੇ ਪੰਜਾਬੀ ਸਾਹਿਤ**, ਪੰਨਾ 143.
5. ਵਿਜੈ ਚੌਹਾਨ, **ਪੰਜਾਬੀ ਅਤੇ ਪੰਜਾਬੀਅਤ**, ਪੰਨਾ 36.
6. ਡਾ. ਧਨਵੰਤ ਕੌਰ, **ਪੰਜਾਬੀਅਤ : ਸੰਕਲਪ ਤੇ ਸਰੂਪ**, ਪੰਨਾ 21.
7. **ਉਹੀ**, ਪੰਨਾ 28.

8. **ਉਹੀ**, ਪੰਨਾ 30.
9. **ਉਹੀ**, ਪੰਨਾ 62.
10. ਡਾ. ਧਨਵੰਤ ਕੌਰ, **ਸਭਿਆਚਾਰ ਪਤ੍ਰਿਕਾ** ਪੰਜਾਬੀ ਲੋਕ ਵਿਰਸਾ ਵਿਸ਼ੇਸ਼ ਅੰਕ, ਪੰਨਾ 1.
11. ਗੁਰਭਗਤ ਸਿੰਘ, **ਵਿਸ਼ਵ ਚਿੰਤਨ ਅਤੇ ਪੰਜਾਬੀ ਸਾਹਿਤ**, ਪੰਨਾ 144.

# ਪੰਜਾਬੀ ਸਭਿਆਚਾਰ ਅਤੇ ਕਬੀਲੇ (ਵਿਸ਼ਵੀਕਰਨ ਅਤੇ ਪੰਜਾਬੀ ਸਭਿਆਚਾਰ)

**ਭਾਗ ਅ**

**ਪੰਜਾਬੀ ਸਭਿਆਚਾਰ ਅਤੇ ਕਬੀਲੇ**

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਪੰਜਾਬੀ ਸਭਿਆਚਾਰ ਅਤੇ ਕਬੀਲੇ ਬਾਰੇ ਜਾਣਕਾਰੀ ਦੇਣਾ ਹੈ।

ਪੰਜਾਬ ਦਾ ਇਤਿਹਾਸ ਆਰੀਆ ਜਾਤੀ ਤੋਂ ਆਰੰਭ ਹੁੰਦਾ ਹੈ। ਮੁਢਲੇ ਆਰੀਆ ਲੋਕਾਂ ਵਿਚ ਵਰਨਵੰਡ ਏਨੀ - ਸਖਤ ਨਹੀਂ ਸੀ। ਉਹ ਲੋਕ ਪਹਿਲਾਂ ਇਥੋਂ ਦੇ ਵਸਨੀਕਾਂ ਨਾਲ ਵਿਆਹ ਕਰ ਲੈਂਦੇ ਸਨ। ਆਰੀਆ ਸਮਾਜ ਦੇ ਮੁੱਢਲੇ ਸਾਹਿਤ ਰਿਗਵੇਦ ਵਿਚ ਉਸ ਸਮੇਂ ਦੇ ਸਮਾਜ ਦੇ ਕੇਵਲ ਤਿੰਨ ਵਰਨਾਂ ਦਾ ਵਰਣਨ ਮਿਲਦਾ ਹੈਜਿੰਨ੍ਹਾਂ ਦੇ ਤਿੰਨ ਵਰਗ , ਕਸ਼ੱਤਰੀ ਅਤੇ ਵੈਸ਼ ,ਬ੍ਰਾਹਮਣ ,ਸਨ। ਪਹਿਲੇ ਦੋਵੇਂ ਵਰਗ ਵੀ ਪਰੋਹਤ ਅਤੇ ਯੋਧੇ ਸਰਦਾਰ ਹੁੰਦੇ ਸਨ। ਤੀਜੇ ਵਰਗ ਵਿਚ ਬਾਕੀ ਦੇ ਸਾਰੇ ਆਮ ਲੋਕਾਂ ਦਾ ਸਮੂਹ ਸ਼ਾਮਿਲ ਹੁੰਦਾ ਸੀ। ਇਸ ਤੋਂ ਦੀਆਂ ਰਚਨਾਵਾਂ ਵਿਚ ਖਾਸ ਕਰਕੇ ਰਿਗਵੇਦ ਦੇ ਦੱਸਵੇਂ ਮੰਡਲ ਦੇ ਵਿਚ ਚਾਰ ਵਰਨਾ ਦ ਭਾਗ 'ਪਰੁਸ਼ ਸ਼ੁਕਤ'ਾ ਪਹਿਲੀ ਵਾਰ ਉਲੇਖ ਹੋਇਆ। ਇਹ ਚਾਰ ਵਰਨ ਸਨ - ਵੈਸ਼ ਤੇ ਸ਼ੂਦਰ ,ਰਾਜਨਯ ,ਬ੍ਰਾਹਮਣ। ਇਨ੍ਹਾਂ ਚਾਰ ਵਰਨਾਂ ਨੂੰ ਸਰੀਰ ਦੇ ਅੰਗਾਂ ਮੂੰਹਪੱਟ ਤੇ ਪੈਰ ਤੋਂ ਉਪਜੇ ,ਬਾਹਾਂ , ਮੰਨਿਆਂ ਗਿਆ। ਪੰਜਾਬ ਵਿਚ ਮਿਲਦੀ ਜਾਤੀ ਵਿਵਸਥਾ ਇਨ੍ਹਾਂ ਚਾਰ ਵਰਨਾਂ ਦਾ ਹੀ ਵਿਸਥਾਰ ਰੂਪ ਹੈ।

ਪੰਜਾਬ ਦੀ ਜ਼ਿਆਦਾਤਰ ਆਬਾਦੀ ਪਿੰਡਾਂ ਵਿਚ ਵਾਸ ਕਰਦੀ ਹੈ ਤੇ ਏਨਾਂ ਦਾ ਮੁੱਖ ਧੰਦਾ ਖੇਤੀਬਾੜੀਕਾਸ਼ਤਕਾਰੀ ਦਾ ਧੰਦਾ ਹੈ/। ਜਿਹੜੇ ਲੋਕ ਕਾਸ਼ਤਕਾਰੀ ਨਹੀਂ ਕਰਦੇ ਉਹ ਵੀ ਸਿੱਧੇ ਜਾਂ ਅਸਿੱਧੇ ਤੌਰ ਤੇ ਕਾਸ਼ਤਕਾਰਾਂ ਉਪਰ ਹੀ ਨਿਰਭਰ ਕਰਦੇ ਹਨ। ਇਸ ਪ੍ਰਕਾਰ ਪੰਜਾਬ ਵਿਚ ਜਾਤੀ ਪ੍ਰਣਾਲੀ ਨਾਲੋਂ ਲਾਗੀ ਅਤੇ ਕਿਰਸਾਣ ਦੋ ਪ੍ਰਮੁੱਖ ਸ਼੍ਰੇਣੀਆਂ ਦਾ ਵਧੇਰੇ ਬੋਲ ਬਾਲਾ ਰਿਹਾ ਹੈ। ਬ੍ਰਾਹਮਣ ਨੂੰ ਜਨਮਮਰਨ ਅਤੇ ਵਿਆਹ ਸ਼ਾਦੀ ਸਮੇਂ ਪਰੋਹਤ ਦਾ , ਦਰਜ਼ਾ ਦਿੱਤਾ ਜਾਂਦਾ ਰਿਹਾ ਹੈ ਪਰ ਇਹ ਦਰਜ਼ਾ ਲਾਗੀ ਵੰਨਗੀ ਵਿਚ ਹੀ ਆਉਂਦਾ ਹੈ।

ਪੰਜਾਬ ਅੰਦਰ ਕਈ ਕਿਸਮ ਦੀਆਂ ਜਾਤਾਂ ਗੋਤਾਂ ਦਾ ਵਾਸਾ ਹੈ। ਜਿਸ ਵਿਚ ਪ੍ਰਮੁੱਖ ਰੂਪ ਨਾਲ ਕਾਸ਼ਤਕਾਰ ਜਾਤਾਂ , ਹਰੀਜਨ ਜਾਤਾਂ ਆਦਿ ਕਾਰੀਗਰ ਕਲਾਕਾਰ ਜਾਂ ਹੁਨਰ ਮੰਦ ਜਾਤਾਂ ,ਪੇਸ਼ੇਵਾਰ ਜਾਤਾਂਸ਼ਾਮਿਲ ਹਨ। ਇਨ੍ਹਾਂ ਵਰਗਾਂ ਦੀਆਂ ਅੱਗੋਂ ਕਈ ਉਪਜਾਤੀਆਂ ਹਨ-। ਇਸ ਲਈ ਪੰਜਾਬੀ ਸਭਿਆਚਾਰ ਵਿਚ ਕੋਈ ਵੀ ਜਾਤੀ ਜਾਂ ਕਬੀਲਾ ਇਸ ਤਰ੍ਹਾ ਦਾ ਨਹੀਂ ਜਿਸ ਨੂੰ ਨਿਰੋਲ ਪੰਜਾਬੀ ਰੂਪ ਵਿਚ ਸਮਝਿਆ ਜਾ ਸਕੇ। ਪੰਜਾਬ ਵਿਚ ਪ੍ਰਵੇਸ਼ ਕਰਨ ਵਾਲੇ ਕਈ ਹਮਲਾਵਰ ਜਦੋਂ ਵਿਆਹ ਕਰਵਾ ਕੇ ਇਥੋਂ ਦੇ ਪੱਕੀ ਵਸਨੀਕ ਦੇ ਤੌਰ ਤੇ ਰਹਿਣ ਲੱਗੇ ਤਾਂ'ਇਨ੍ਹਾਂ ਲੋਕਾਂ ਦੇ ਰੀਤੀ ਰਿਵਾਜ਼ ,ਵਿਸ਼ਵਾਸ਼ , ਤੇ ਰਵਾਇਤਾਂ ਲਗਾਤਾਰ ਪੱਕੀਆਂ ਹੁੰਦੀਆਂ ਗਈਆਂ ਜੋ ਪੰਜਾਬੀ ਸਭਿਆਚਾਰ ਦਾ ਅੰਗ ਬਣ ਗਈਆਂ ,ਰਸਮਾਂ। ਇਸ ਪ੍ਰਕਾਰ ਇਨ੍ਹਾਂ ਦੀਆਂ ਸਭਿਆਚਾਰਕ ਰੂੜ੍ਹੀਆਂ ਨੇ ਵੀ ਪੰਜਾਬੀ ਲੋਕਾਂ ਉਪਰ ਕਾਫੀ ਪ੍ਰਭਾਵ ਪਾਇਆ।

ਪੰਜਾਬੀ ਸਮਾਜ ਵਿਚ ਰਹਿਣ ਵਾਲੇ ਲੋਕਾਂ ਵਿਚ ਬਹੁਤ ਸਾਰੀ ਗਿਣਤੀ ਅਜਿਹੇ ਲੋਕਾਂ ਦੀ ਹੈਜਿਨ੍ਹਾਂ ਬਾਰੇ ਥਾਂ , ਟਿਕਾਣੇ ਦਾ ਪੱਕਾ ਪਤਾ ਨਹੀਂ। ਇਨ੍ਹਾਂ ਨੂੰ ਖਾਨਾਬਦੋਸ਼ਵੱਖ ਕਬੀਲਿਆਂ ਦੇ -ਝੁੱਗੀਆਂ ਵਾਲੇ ਜਾਂ ਇਨ੍ਹਾਂ ਦੇ ਵੱਖ ,ਟੱਪਰੀਵਾਸ , ਨਾਵਾਂ ਨਾਲ ਜਾਣਿਆ ਜਾਂਦਾ ਹੈ। ਜਿਵੇਂ ਸਿਕਲੀਗਰ ,ਗਲਿਹਾਰੇ ,ਕੀਕਣ ,ਠੁਮਰੇ ,ਰਾਏ ਸਿੱਖ ,ਬੌਰੀਏ ,ਢਹੇ ,ਸਾਂਹਸੀ , ਮਾ ,ਗਗੜੇ ,ਬਰੜ ,ਗੰਧੀਲੇ ,ਬਦੀਏ ,ਬੱਦੋਰਵਾੜੀ ਬਾਜ਼ੀਗਰਗਾਡੀ ਲੋਹਾਰ ਆਦਿ ਹਨ ,ਓਡ ,। ਵਿਦਵਾਨਾਂ ਇਨ੍ਹਾਂ

ਕਬੀਲਿਆਂ ਨੂੰ ਪੰਜਾਬ ਦੀ ਮੂਲ ਜਾਤੀ ਦਰਾਵੜ ਦੀ ਬਚੀ ਅੰਸ਼ ਮੰਨਦੇ ਹਨ। ਇਨ੍ਹਾਂ ਕਬੀਲਿਆਂ ਨੂੰ ਅੰਗਰੇਜ਼ ਹਕੂਮਤ ਨੇ ਅਮਨ ਸ਼ਾਤੀ ਲਈ ਖਤਰਾ ਸਮਝ ਕੇ ਵਿਚ ਸ਼ਾਮਿਲ ਕਰ ਦਿੱਤਾ ਗਿਆ 'ਜਰਾਇਮ ਪੇਸ਼ਾ ਐਕਟ'। ਇਨ੍ਹਾਂ ਦਾ ਜੀਵਨ ਪਰੰਪਰਾਗਤ ਜੀਵਨ ਨਾਲੋਂ ਟੁੱਟ ਗਿਆ। ਪੰਜਾਬ ਦੇ ਕਬੀਲਿਆਂ ਸੰਬੰਧੀ ਕੋਈ ਬਹੁਤੀ ਜਾਣਕਾਰੀ ਹਾਸਿਲ ਨਹੀਂ ਕਿ ਇਹ ਵੱਖਵੱਖ ਕਬੀਲਿਆਂ ਦੇ ਡੇਰੇ ਪੰਜਾਬ ਵਿਚ ਫਿਰਦੇ ਸਨ ਤਾਂ ਉਨ੍ਹਾਂ ਦਾ ਪੰਜਾਬ ਨਾਲ ਨਾਤਾ ਕਿਹੋ ਜਿਹਾ ਸੀ-। ਇਥੇ ਇਹ ਜ਼ਿਕਰ ਕਰਨਾ ਬਣਦਾ ਹੈ ਕਿ ਕੁਝ ਕਬੀਲੇ ਅਜਿਹੇ ਵੀ ਸਨ ਜੋ ਹਿੰਦੁਸਤਾਨ ਦੇ ਦੂਜੇ ਪ੍ਰਾਤਾਂ ਤੋਂ ਪੰਜਾਬ ਵਿਚ ਕੁਝ ਸਮੇਂ ਲਈ ਆਉਂਦੇ ਸਨ ਤੇ ਫਿਰ ਉਹ ਵਾਪਿਸ ਉਸ ਪ੍ਰਾਤ ਮੁੜ ਜਾਂਦੇ ਸਨ। ਕਈ ਵਾਰ ਉਨ੍ਹਾਂ ਦੇ ਕਿੱਤੇ ਅਤੇ ਹਾਲਾਤ ਵੀ ਅਜਿਹਾ ਕਰਨ ਵਿਚ ਮਜ਼ਬੂਰ ਕਰਦੇ ਸਨ। ਇਨ੍ਹਾਂ ਕਈ ਕਬੀਲਿਆਂ ਦਾ ਨਿਰਬਾਹ ਸ਼ਿਕਾਰ ਤੇ ਸੀ'।

ਇਨ੍ਹਾਂ ਕਬੀਲਿਆਂ ਦਾ ਧਰਮਦਿਨ ਤਿਉਹਾਰ ਰਸਮ ਰਿਵਾਜ਼ ,ਭਾਸ਼ਾ ,ਰਹਿਣ ਸਹਿਣ ,ਵਿਹਾਰ-ਕਾਰ ,ਵਿਸ਼ਵਾਸ਼ , ਅਤੇ ਨਿਆਂ ਸੰਬੰਧੀ ਕਾਨੂੰਨ ਆਦਿਪੰਜਾਬ ਦੇ ਲੋਕਾਂ ਨਾਲੋ ਕਾਫੀ ਭਿੰਨਤਾ ਰੱਖਦੇ ਹਨ। ਇਥੋਂ ਤਕ ਕਿ ਪੱਖੀਵਾਸ ਕਬੀਲੇ ਆਪਸ ਵਿਚ ਵੀ ਬਹੁਤ ਸਾਰਾ ਸਭਿਆਚਾਰਕ ਵੱਖਰੇਵਾਂ ਰੱਖਦੇ ਹਨ। ਧਾਰਮਿਕ ਮਨੌਤਾਂ ,ਇਨਸਾਫ ਦੀਆਂ ਅਦਾਲਤਾਂ , ਜਾਂਦੀ ਹੈ ਅਤੇ ਸ਼ੌਕ ਕਾਰਨ ਇਨ੍ਹਾਂ ਵਿਚਲੀ ਸਾਂਝ ਵੀ ਸਪੱਸ਼ਟ ਹੋ ,ਸ਼ਿਕਾਰ ਦੇ ਢੰਗ। ਇਨ੍ਹਾਂ ਪੱਖੀਵਾਸ ਕਬੀਲਿਆਂ ਦੀ ਆਪਣੀ ਇਕ ਵਿਸ਼ੇਸ਼ ਸਭਿਆਚਾਰਕ ਪਰੰਪਰਾ ਹੈ। ਇਹ ਸਦੀਆਂ ਤੋਂ ਪੰਜਾਬ ਦੀ ਧਰਤੀ ਉੱਪਰ ਡੇਰਿਆਂ ਤੇ ਝੁੰਡਾਂ ਦੇ ਰੂਪ ਵਿਚ ਵਿਚਰਦੇ ਰਹੇ ਹਨ। ਇਨ੍ਹਾਂ ਦੀ ਆਪਣੀ ਨਿਵੇਕਲੀ ਸੰਸਕ੍ਰਿਤੀ ਹੈਸੰਸਕ੍ਰਿਤੀ ਦਾ ਨਾਂ -ਜਿਸ ਨੂੰ ਪੱਖੀਵਾਸਾਂ ਦੀ ਲੋਕ , ਦਿੱਤਾ ਜਾ ਸਕਦਾ ਹੈ। ਇਨ੍ਹਾਂ ਕਬੀਲਿਆਂ ਅਤੇ ਫਿਰਕਿਆਂ ਦੇ ਸਭਿਆਚਰਕ ਅੰਸ਼ ਵੀ ਪੰਜਾਬੀ ਸਭਿਆਚਾਰ ਦਾ ਅਨਿੱਖਵਾ ਅੰਗ ਬਣ ਗਏ ਹਨ।

**ਕਬੀਲੇ ਦਾ ਅਰਥ :**

ਅਰਬੀ ਫਾਰਸੀ ਵਿਚੋਂ ਉਤਪੰਨ ਪੰਜਾਬੀ ਸ਼ਬਦਾਵਲੀ ਦੇ ਅੰਤਰਗਤ ਕਬੀਲਾ ਪਦ ਦੇ ਸ਼ਾਬਦਿਕ ਅਰਥ ਇੱਕ ਦਾਦੇ ਦੀ - ਔਲਾਦ,ਖ਼ਾਨਦਾਨ, ਕੁਨਬਾ ਅਤੇ ਟੱਬਰ ਨਾਲ ਸੰਬੰਧਿਤ ਦੱਸੇ ਗਏ ਹਨ।ਕਬੀਲਾ ਅੰਗਰੇਜ਼ੀ ਸ਼ਬਦ ਟਰਾਇਬ ਦਾ " ਪੰਜਾਬੀ ਅਨੁਵਾਦ ਹੈ। ਟਰਾਇਬ ਸ਼ਬਦ ਲਾਤੀਨੀ ਭਾਸ਼ਾ ਦੇਸ਼ਬਦ ਟਰਾਇਬੁਸ ਤੋਂ ਨਿਕਲਿਆ ਹੈ ਜਿਸ ਦਾ ਅਰਥ ਇੱਕ ਤਿਹਾਈ।

"ਟਰਾਇਬ ਸ਼ਬਦ ਦੇ ਅੰਤਰਗਤ ਉਹਨਾਂ ਆਦਿਵਾਸੀ ਲੋਕਾਂ ਨੂੰ ਵੀ ਸ਼ਾਮਿਲ ਕਰ ਲਿਆ ਜਾਂਦਾ ਹੈ ਜੋ ਦੱਖਣੀ ਅਮਰੀਕਾ, ਅਫਰੀਕਾ, ਏਸ਼ੀਆ ਆਸਟਰੇਲੀਆ ਅਤੇ ਦੱਖਣੀ ਅੰਧ ਮਹਾਂਸਾਗਰ ਦੇ ਪੱਛੜੇ ਇਲਾਕਿਆਂ ਵਿੱਚ ਰਹਿੰਦੇ ਸਨ। ਯੂਰਪੀਅਨ ਬਸਤੀਵਾਦ ਦੇ ਪਾਸਾਰ ਤੋਂ ਪਹਿਲਾਂ ਉਤੱਰੀ ਅਮਰੀਕਾ ਦੇ ਲੋਕ ਵੀ ਕਬੀਲਾ ਜੀਵਨ ਢੰਗ ਦੇ ਕਾਫ਼ੀ ਨੇੜੇ ਰਹੇ ਹਨ।"[2]

**ਕਬੀਲਾ ਸੱਭਿਆਚਾਰ ਦੀ ਪਰਿਭਾਸ਼ਾ :**

"ਡਾ-:"ਦਰਿਆ ਅਨੁਸਾਰ. "ਕਬੀਲੇ ਦਾ ਇੱਕ ਸਾਂਝਾ ਇਲਾਕਾ, ਸਾਂਝੀ ਉਪਭਾਸ਼ਾ, ਸ਼ਾਸਨ ਤੇ ਨਿਆਂ ਪ੍ਰਬੰਧ ਹੁੰਦਾ ਹੈ ਅਤੇ - ਇਸ ਵਿੱਚ ਅੰਤਰਰਾਜੀ ਵਿਆਹ, ਸਾਂਝੀਆਂ ਰੀਤਾਂ ਰਸਮਾਂ-, ਸਾਂਝੇ ਕਾਰਜ, ਸਾਂਝਾ ਵਿਰਸਾ ਅਤੇ ਮਨਾਹੀਆਂ ਦੀ ਸਖ਼ਤੀ ਨਾਲ਼ ਪਾਲਣਾ ਵਰਗੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ।"

**ਕਬੀਲਾ ਸੱਭਿਆਚਾਰ ਦੀਆਂ ਵਿਸ਼ੇਸ਼ਤਾਵਾਂ ਅਤੇ ਲੱਛਣ**:

(1) ਸਮਾਜਿਕ ਸੰਗਠਨ।

(2) ਰਾਜਨੀਤਕ ਚੇਤਨਾ।

(3) ਰੋਜੀ ਰੋਟੀ ਲਈ ਕੁਦਰਤ ਤੇ ਨਿਰਭਰਤਾ।

(4) ਅਨਪੜ੍ਹਤਾ।

(5) ਸਧਾਰਨ ਕੁਦਰਤੀ ਜੀਵਨ।

(6) ਕਬੀਲੇ ਦਾ ਇੱਕ ਸਾਂਝਾ ਇਲਾਕਾ ਹੁੰਦਾ ਹੈ।

(7) ਕਬੀਲਾ ਉਹ ਸਮੂਹ ਹੈ, ਜੋ ਸਾਂਝੀ ਉਪਭਾਸ਼ਾ ਬੋਲਦਾ ਹੋਵੇ ਅਤੇ ਇੱਕ ਸਾਂਝੇ ਇਲਾਕੇ ਵਿੱਚ ਵਸਦਾ ਹੋਵੇ।

(8) ਕਬੀਲਾ ਸੰਗਠਤਾ ਪ੍ਰਤੀ ਵਚਨਬੱਧ ਹੈ।

(9) ਕਬੀਲਾ ਲੋਕ ਚਕਿਤਸਾ ਪ੍ਰਤਿ ਨਿਸ਼ਠਾ-

(10) ਹਰ ਕਬੀਲੇ ਦੇ ਆਪਣੇ ਆਪਣੇ ਰਸਮੋ ਰਿਵਾਜ ਹੁੰਦੇ ਹਨ।[3]

ਪੰਜਾਬ ਦਾ ਕਬੀਲਾਈ ਸੱਭਿਆਚਾਰ

ਪੰਜਾਬੀ ਸੱਭਿਆਚਾਰ ਵਿੱਚ ਅਨੇਕਾਂ ਜਾਤੀਆਂ, ਧਰਮਾਂ, ਨਸਲਾਂ, ਅਤੇ ਕਬੀਲਿਆਂ ਦਾ ਮਿਸ਼ਰਣ ਮਿਲਦਾ ਹੈ। ਜਿਵੇਂ ਜਿਵੇਂ - ਤਿਵੇਂ ਜਾਤਾਂ ਤੇ ਕਬੀਲੇ ਸੱਭਿਆਚਾਰ ਦੇ ਖ਼ਮੀਰ- ਸੱਭਿਆਚਾਰ ਵਿਕਾਸ ਕਰਦਾ ਹੈ ਤਿਵੇਂਵਿੱਚ ਇਕਮਿਕ ਹੁੰਦੇ ਗਏ। - ਪੰਜਾਬ ਵਿੱਚ ਬੁਹਤ ਸਾਰੇ ਕਬੀਲੇ ਵੱਸਦੇ ਆ ਰਹੇ ਹਨ, ਜਿਨ੍ਹਾਂ ਨੂੰ ਪੰਜਾਬੀ ਸੱਭਿਆਚਾਰ ਨਾਲ ਅੰਤਰ ਕਿਰਿਆ ਵਿੱਚ ਬਹੁਤ ਕੁਝ ਆਪਣੇ ਅੰਦਰ ਸਮੋ ਲਿਆ ਅਤੇ ਬਹੁਤ ਕੁਝ ਪੰਜਾਬੀ ਸੱਭਿਆਚਾਰ ਨੂੰ ਵੀ ਦਿੱਤਾ ਹੈ।[4]

ਪੰਜਾਬੀ ਸੱਭਿਆਚਾਰ ਵਿੱਚ ਵੱਸ ਰਹੇ ਕਬੀਲੇ :-

ਜਿਵੇਂ ਕਿ ਸਾਂਸੀ, ਬਾਜ਼ੀਗਰ, ਬੋਰੀਆਂ, ਨਾਥ, ਗਾਡੀ ਲੁਹਾਰ, ਢੇਹ, ਕੀਕਨ ਅਤੇ ਮਦਾਰੀ, ਸ਼ਿਕਲੀਗਰ ਆਦਿ ਪ੍ਰਮੁੱਖ ਹਨ। ਸਾਂਸੀ ਕਬੀਲੇ ਦੇ ਲੋਕ ਪੰਜਾਬ ਵਿੱਚ ਵੱਡੀ ਗਿਣਤੀ ਵਿੱਚ ਵੱਸ ਰਹੇ ਹਨ। ਇਹਨਾਂ ਦੀ ਵਧੇਰੇ ਆਬਾਦੀ ਅੰਮ੍ਰਿਤਸਰ, ਗੁਰਦਾਸਪੁਰ, ਜਲੰਧਰ, ਫਿਰੋਜ਼ਪੁਰ ਅਤੇ ਮੋਗਾ ਆਦਿ ਜ਼ਿਲ੍ਹਿਆਂ ਵਿੱਚ ਹੈ। ਮਹਾਰਾਜਾ ਰਣਜੀਤ ਸਿੰਘ ਕਾਲ ਵਿੱਚ ਇਸ ਕਬੀਲੇ ਦੇ ਸਥਾਈ ਤੋਰ ਤੇ ਪਿੰਡਾਂ ਨਾਲ ਬੱਝ ਕੇ ਬੈਠਣ ਦੇ ਸੰਕੇਤ ਮਿਲਦੇ ਹਨ।ਇਸ ਕਬੀਲੇ ਦਾ ਮੁੱਖ ਧੰਦਾ ਭੇਡਾਂ ਬੱਕਰੀਆਂ ਚਾਰਨਾ ਸੀ।

ਜੇਕਰ ਵਰਤਮਾਨ ਸਮੇਂ ਪੰਜਾਬ ਦੇ ਕਬੀਲਿਆਂ ਦੀ ਸਥਿਤੀ ਦਾ ਜਾਇਜ਼ਾ ਲਿਆ ਜਾਵੇ ਤਾਂ ਇਹ ਕਬੀਲੇ ਵਿਭਿੰਨਪ੍ਰਕਾਰ -ਦੀਆਂ ਪਰਿਸਥਤੀਆਂ ਵਿੱਚ ਵਿਚਰਦੇ ਨਜ਼ਰ ਆਉਂਦੇ ਹਨ।ਇਹਨਾਂ ਦੀ ਵਰਤਮਾਨ ਸਥਿਤੀ ਦੇ ਤਿੰਨ ਪ੍ਰਮੁੱਖ ਵਰਗ ਬਣਦੇ ਹਨ-:

ਘੁਮੰਤਰੂ

ਸਥਾਈ

ਅਰਧ ਘੁੰਮਤਰੂ[4]

**ਕਬੀਲਾ ਸੰਗਠਨ**

ਭਾਰਤ ਵਿੱਚ ਸ਼ੈਕੜੇ ਕਬੀਲੇ ਹਨ ਸਾਧਾਰਨਤਾ ਇਹਨਾਂ ਦੀ ਗਿਣਤੀ ਕਰਨੀ ਕਠਿਨ ਹੈ ਪਹਿਰਾਵਾ, ਰਹਿਤਲ, ਰਸਮਾਂ -ਰੀਤਾਂ, ਵਿਵਸਾਇਕ, ਮਾਤਾਵਾਂ ਅਤੇ ਭਾਸ਼ਾ ਦੀ ਵੱਖਰਤਾ ਵਜੋਂ ਇਹ ਇੱਕ ਦੂਜੇ ਨਾਲੋ ਰੂਪਾਂ (ਟੈਬੂਜ) ਮਨਾਹੀਆ(ਟੋਂਟਮ) ਵੰਨਗੀਆਂ ਹੇਠ  ਵਿੱਚ ਭਿੰਨ ਹਨ। ਇਹ ਭਿੰਨਤਾ ਹੀ ਇਹਨਾਂ ਦੀ ਪਛਾਣ ਅਤੇ ਸਭਿਆਚਾਰ ਹੈ। ਇਹਨਾਂ ਦੀਆਂ ਕੁਝ ਕੁ ਲਿਖੀਆਂ ਹਨ ਜਿਵੇਂ ਆਦਿਵਾਸੀ, ਟਪਰੀਵਾਸ, ਅਰਧ ਵਸੇਬੇ ਵਾਲੇ, ਅਪਰਾਧੀ ਕਬੀਲੇ, ਅਨੁਸੂਚਿਤ ਜਨਜਾਤੀਆਂ -ਆਦਿ।[5]

**ਕਬੀਲਾ :-**

ਕਬੀਲਾ ਗੋਤ ਸਬੰਧਾਂ ਉਪਰ ਅਧਾਰਿਤ ਹੁੰਦਾ ਸੀ ਇਹ ਖੇਤਰ ਐਭਾਸ਼ਾ ਅਤੇ ਸੰਸਕ੍ਰਿਤੀ ਦੀ ਦ੍ਰਿਸ਼ਟੀ ਤੋਂ ਕਬੀਲਿਆਂ ਦੀ ਵੱਖਰਤਾ ਨਿਰਧਾਰਤ ਕਰਨਾ ਹੈ। ਕਬੀਲੇ ਦਾ ਮੈਂਬਰ ਹੋਣ ਦੀ ਸੂਰਤ ਵਿੱਚ ਹੀ ਵਿਅਕਤੀ ਸਮੂਹਿਕ ਸੰਮਤੀ ਦਾ ਸਹਿਭਾਗੀ ਹੰਦਾ ਸੀ ਕਬੀਲੇ ਦਾ ਆਪਣਾ ਨਿਆਂ ਪ੍ਰਬੰਧ ਹੰਦਾ ਹੈ।[6]

**ਕਬੀਲੇ ਦਾ ਪਹਿਰਾਵਾ**:

ਪ੍ਰਚੀਨ ਸਮਿਆਂ ਤੋ ਕਬੀਲੇ ਦਾ ਮੁਢਲਾ ਪਹਿਰਾਵਾ ਮਾਰਵਾੜੀ ਸੀ ਮਰਦ ਚੋਲਾ ਪਾਉਂਦੇ, ਵਲਦਾਰ ਪੱਗ ਬੰਨ੍ਹ ਦੇ ਸਿਰ ਤੇ ਕੋਪਰ ਨੰਗਾ ਰਖਿਆ ਜਾਂਦਾ ਸੀ, ਪੈਰੀਂ ਧੌੜੀ ਦੀ ਪਿਥਲੀ ਜੁੱਤੀ ਪਾਉਂਦੇ ਜੋ ਪੈਰ ਦੇ ਛੱਪਰ ਨੂੰ ਢੱਕ ਕੇ ਰੱਖਦੇ ਹਨ।[7]

**ਕਬੀਲਾ ਚਿੰਨ੍ਹ :-**

ਸਾਰੇ ਕਬੀਲਿਆਂ ਵਿੱਚ ਹਰ ਇਲਾਕੇ, ਕਬੀਲੇ ਅਤੇ ਪਿਡਾਂ ਦੇ ਆਪਣੇ ਆਪਣੇ ਚਿੰਨ੍ਹ ਹੁੰਦੇ ਹਨ। ਪਰ ਪੜ੍ਹੇ (ਅਜੇ ਵੀ ਹਨ) ਹੋਏ ਅਤੇ ਜਾਗਰਤੀ ਵਿੱਚ ਧਿਆਨ ਰੱਖਣ ਵਾਲੇ ਪੇਂਡੂ ਵੀ ਹੁਣ ਇਸ ਚਿੰਨ੍ਹ ਨੂੰ ਬਹੁਤੀ ਮਹੱਤਤਾ ਨਹੀਂ ਦਿੰਦਾ, ਹਰ ਕਬੀਲੇ ਨੇ ਆਪੋ ਆਪਣੇ ਚਿੰਨ੍ਹ ਉਕਰ ਲਿਆ ਇਹ ਚਿੰਨ੍ਹ ਜਿੰਨੇ ਕਬੀਲੇ ਉਤਨੀਆ ਹੀ ਕਿਸਮਾਂ ਦੇ ਹਨ, ਸਭ ਨਾਲੋਂ ਜਿਆਦਾ ਮਹੀਨ ਅਤੇ ਜਿਆਦਾ ਗਿਣਤੀ ਦੇ ਉਤਰੀ ਨਾਈਜੀਰੀ ਲੋਕਾਂ ਦੇ ਸਨ ਅਤੇ ਸਭ ਤੋਂ ਘੱਟ ਈਬੋ ਦੇ ਲੋਕਾਂ ਦੀ ਹੈ ਕਬੀਲਾ ਚਿੰਨ੍ਹ ਖੂਬਸੂਰਤੀ ਦਾ ਚਿੰੰਨ੍ਹ ਵੀ ਸਮਝਿਆ ਜਾਂਦਾ ਹੈ।[8]

**ਇਚੀ**:

ਈਬੋ ਕੁੜੀ ਪਤੀ ਦੇ ਘਰ ਉਹਨਾਂ ਚਿਰ ਨਹੀਂ ਜਾਂ ਸਕਦੀ ਜਦ ਕਿ ਉਹਦੇ ਕਬੀਲੇ ਦੇ ਚਿਨ੍ਹ ਮੂੰਹ, ਠੋਡੀ, ਪਿੱਠ ਤੇ ਉਕਰੇ ਨਹੀਂ ਜਾਂਦੇ। ਪਰ ਹਰ ਹਲਾਤ ਵਿੱਚ ਉਹਦੇ ਚਿਹਰੇ ਤੇ ਕਬੀਲਾ ਚਿਨ੍ਹ ਦੀ ਖਣਾਈ ਕਰਨੀ ਲਾਜਮੀ ਹੈ।[9]

**ਬਦਲਦਾ ਕਬੀਲਾਈ ਸਭਿਆਚਾਰ :**

ਇਸ ਬਦਲਦੇ ਪਰਿਪੇਖ ਚ ਕਬੀਲਾਈ ਸਭਿਆਚਾਰ ਵੀ ਪ੍ਰਮੁੱਖ ਸਭਿਆਚਾਰ ਨਾਲ ਇੱਕ ਸੁਰ ਹੋ ਰਿਹਾ ਹੈ। ਭਾਰਤੀ ਰਾਜਾ ਖਾਸ ਕਰਕੇ ਆਸਾਮ,ਆਂਧਰਾ ਪ੍ਰਦੇਸ਼ ਦੇ ਸੰਘਣੇ ਜੰਗਲਾਂ ਅਤੇ ਦੂਰ ਵਿਦੇਸ਼ ਚ ਆਸਟਰੇਲੀਆ ਦੀ ਧਰਤੀ ਉੱਤੇ ਕਬੀਲਿਆਂ ਦੀ ਹੋਂਦ ਅਜੇ ਵੀ ਕਾਇਮ ਹੈ, ਸਦੀਆਂ ਪਹਿਲਾਂ ਰਾਜਸਥਾਨ ਦੇ ਮਾਰਵਾੜ ਇਲਾਕੇ ਵਿੱਚ ਵਸਦਾ ਸਾਂਸੀ ਕਬੀਲਾ ਕੁਝ ਮਜਬੂਰੀਆਂ ਵਸੋਂ ਘਰ ਬੇਘਰ ਹੋ ਤੁਰਿਆ।-

1ਭੋਗਿਲਕ ਹਲਾਤਾਂ ਕਾਰਨਾਂ ਅਕਾਲ ਪੈ ਜਾਣ ਤੇ

2 ਮੁਸਲਮਾਨੀ ਹਮਲੇ ਕਾਰਨ।

3 ਸਮਾਜਿਕ ਪਰਿਵਰਤਨ ਨੇ ਇਸ ਕਬੀਲੇ ਨੂੰ ਅਗਾਂਹ ਵਧ ਕੇ ਪੰਜਾਬੀ ਸਭਿਆਚਾਰ ਚ ਘੁਲਣ ਮਿਲਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਇਸ ਕਬੀਲੇ ਦੇ ਬਹੁਤ ਸਾਰੇ ਲੋਕ ਪੜ੍ਹ ਲਿਖ ਕੇ ਉਚੀਆਂ ਪਦਵੀਆਂ ਹਾਸਲ ਕਰ ਚੁੱਕੇ ਹਨ।[10]

**ਬੋਰੀਆ ਕਬੀਲਾ :**

ਬੋਰੀਆ ਕਬੀਲਾ ਪੰਜਾਬ ਦੇ ਭੂਖੇਤਰ ਵਿੱਚ ਕਾਫੀ ਲੰਮੇ ਸਮੇਂ ਤੋ ਭਰਵੀਂ ਵਸੋਂ ਵਿਚਰ - ਰਿਹਾ ਹੈ। ਜਨਸਮੂਹ ਆਪਣੇ - ਆਪ ਨੂੰ ਰਾਜਪੂਤ ਕਸ਼ੱਤਰੀ ਮੰਨਦਾ ਹੈ ਜਿਨ੍ਹਾਂ ਪੁਰਖਿਆਂ ਦਾ ਰਾਜ ਕਿਸੇ ਸਮੇਂ ਰਾਜਸਥਾਨ ਦੇ ਖੇਤਰ ਵਿੱਚ ਰਿਹਾ ਹੈ। ਪ੍ਰਮੁੱਖ ਪੰਜ ਗੋਤ ਮਸ਼ੂਹਰ ਹਨ ਚੋਹਾਨ, ਪਰਮਾਰ, ਸੋਲੰਕੀ, ਭੱਟੀ ਹਨ।

ਕਬੀਲਿਆਂ ਵਿੱਚ ਰੀਤੀ ਰਿਵਾਜਾਂ ਦੀ ਪ੍ਰਕਿਰਤੀ ਬਾਹਰੀ ਸਮਾਜਾਂ ਨਾਲੋਂ ਇਸ ਲਈ ਵੀ ਭਿੰਨ ਹੈ ਕਿਉਂਕਿ-ਕਬੀਲਾ ਰੀਤੀ ਰਿਵਾਜ ਆਪਣੇ ਪਿਛੋਕੜ ਵਿੱਚ ਧਾਰਮਿਕ ਸੁੱਚਤਾ ਦਾ ਬਲ ਲੈ ਕੇ ਵਿਚਰਦੇ ਹਨ ਅਤੇ ਖੁੱਲਾ ਤੋ ਵੱਧ ਮਨਾਹੀਆ ਨੂੰ - ਵਧੇਰੇ ਮਹੱਤਤਾ ਦਿੰਦੇ ਹਨ।[11]

ਵਿਸ਼ਵੀਕਰਨ ਅਤੇ ਪੰਜਾਬੀ ਸਭਿਆਚਾਰ ਉਤੇ ਨਜ਼ਰਮਾਨੀ ਕਰਿਦਆ ਕਈ ਤੱਥ ਉਭਰ ਕੇ ਸਾਹਮਣੇ ਆਉਂਦੇ ਹਨ ਜਦੋਂ ਗੀਤਕਾਰੀ ਨੂੰ ਗਾਇਨ ਨਾਲ ਸੰਬੰਧਿਤ ਕਰਦੇ ਹਾਂ ਤਾਂ ਇਸ ਤੱਥ ਦਾ ਅਹਿਸਾਸ ਹੁੰਦਾ ਹੈ, ਕਿ ਇਸ ਦਾ ਆਰੰਭ ਮੋਖਿਕ ਪਰੰਪਰਾ ਵਿੱਚੋਂ ਹੋਇਆ ਇਸ ਉਪਰੰਤ ਮਧੱਕਾਲੀਨ ਯੁੱਗ ਵਿੱਚ ਕਬੀਲਿਆਂ ਰਾਹੀ ਉਸਾਰਿਆ ਸਮਾਜ ਪਹਿਲਾਂ ਸਮਾਜਿਕ ਵਿਧੀ ਵਿਧਾਨ ਵਾਲਾ ਸੰਗਠਨ ਬਣਦਾ ਹੈ, ਪੰਜਾਬੀ ਸਮਾਜ ਅੰਦਰ ਇਸ ਕਬੀਲਾ ਸੰਗਠਨ ਦੀ ਲਗਭਗ 30 ਕਬੀਲਿਆਂ ਵਜੋਂ ਨਿਸ਼ਾਨ ਕੀਤੀ ਗਈ ਹੈ ਕਬੀਲਾਈ ਸਭਿਆਚਾਰ ਵਿੱਚ ਗੀਤਕਾਰੀ ਅਤੇ ਗਾਇਨ ਲੋਕਪਾਗਈ ਵਿਸ਼ਵਾਸ ਵਾਲਾ ਰੂਪ ਪ੍ਰਬੰਧ ਹੈ।[12]

**ਕਬੀਲਾਈ ਸੱਭਿਆਚਾਰ ਔਰਤ ਦੀ ਸਥਿਤੀ ਦੇ ਵਿਭਿੰਨ ਪ੍ਰਤੀਮਾਨ-:**

ਕਬੀਲਾਈ ਸੱਭਿਆਚਾਰ ਵਿੱਚ ਔਰਤ ਦੀ ਹੋਂਦ ਅਤੇ ਅਸਤਿਤਵ ਨਾਲ ਜੁੜੇ ਹੋਏ ਵਿਭਿੰਨ ਪ੍ਰਤੀਮਾਨਾਂ ਅਤੇ ਮਸਲਿਆਂ ਦਾ ਅਧਿਐਨ ਕਰਨਾ ਹੈ। ਸਮਾਜ ਵਿੱਚ ਸਮੇਂ ਸਮੇਂ ਚੱਲੀਆਂ ਸਮਾਜ ਸੁਧਾਰਕ ਲਹਿਰਾਂ ਵਿਚਾਰਧਾਰਾਵਾਂ ਅਤੇ ਵਿਸ਼ਵ ਪੱਧਰ ਉੱਪਰ ਵਾਪਰੇ ਕਾਤੀਕਾਰੀ ਪਰਿਵਰਤਨਾਂ ਕਰਕੇ ਔਰਤ ਪ੍ਰਤੀ ਸਮਾਜਿਕ ਦ੍ਰਿਸ਼ਟੀ ਵਿੱਚ ਵੀ ਪਰਿਵਰਤਨ ਵਾਪਰਿਆ ਹੈ। ਕਬੀਲਾਈ ਸੱਭਿਆਚਾਰ ਵਿੱਚ ਔਰਤ ਦੀ ਸਥਿਤੀ ਦੇ ਪ੍ਰਤੀਮਾਨ ਮੁੱਖ ਸਮਾਜ ਨਾਲੋਂ ਵੱਖਰੀ ਤਰ੍ਹਾਂ ਦੇ ਹਨ।ਇਸ ਵੱਖਰਤਾ ਨੂੰ ਕਬੀਲਿਆਂ ਦੇ ਜੀਵਨ ਵਿਹਾਰ ਰਿਸ਼ਤੇਦਾਰੀ ਅਤੇ ਸਮਾਜਿਕ ਪ੍ਰਬੰਧ ਦੇ ਅਧਿਐਨ ਤੋਂ ਦੇਖਿਆ ਜਾ ਸਕਦਾ ਹੈ। ਕਬੀਲਾਈ ਸੱਭਿਆਚਾਰ ਵਿੱਚ ਔਰਤ ਦੀ ਸਥਿਤੀ ਓਨੀ ਦਮਨ ਵਾਲੀ ਨਹੀਂ, ਜਿੰਨੀ ਕਿ ਮੁੱਖ ਸਮਾਜ ਵਿੱਚ ਹੈ। ਇਸਦਾ ਪ੍ਰਮੁੱਖ ਕਾਰਨ ਕਬੀਲਿਆਂ ਦੇ ਖ਼ਾਨਾਬਦੋਸ਼ ਜੀਵਨ ਜਿਊਣ ਦੇ ਢੰਗ ਤਰੀਕਿਆਂ ਵਿੱਚੋਂ ਤਲਾਸ਼ਿਆ ਜਾ ਸਕਦਾ ਹੈ।

ਖ਼ਾਨਾਬਦੋਸ਼ ਜੀਵਨ ਜਿਊਣ ਕਰਕੇ ਕਬੀਲਾਈ ਸੱਭਿਆਚਾਰ ਵਿੱਚ ਔਰਤ ਉੱਪਰ ਮਰਦ ਸਮਾਜ ਦੀ ਨਿਰਭਰਤਾ ਵੀ ਵਧੇਰੇ ਹੈ, ਕਿਉਂਕਿ ਔਰਤ ਰੋਜ਼ੀ ਰੋਟੀ ਕਮਾਉਣ ਦੇ ਕਬੀਲਾਈ ਢੰਗ ਤਰੀਕਿਆਂ ਵਿੱਚ ਬਰਾਬਰ ਦੀ ਭਾਗੀਦਾਰੀ ਬਣਦੀ - ਹੈ। ਕਬੀਲਾਈ ਔਰਤ ਕਬੀਲੇ ਨਾਲ ਜੁੜੇ ਕਿੱਤੇ ਅਤੇ ਕਾਰੋਬਾਰ ਨਾਲ ਜੁੜੀ ਹੋਣ ਕਰਕੇ ਪਰਿਵਾਰ ਵਿੱਚ ਆਪਣੀ ਬਰਾਬਰਤਾ ਵਾਲੀ ਹੋਂਦ ਦਾ ਅਹਿਸਾਸ ਕਰਦੀ ਹੈ। ਬਹੁਤ ਸਾਰੇ ਕਬੀਲਿਆਂ ਵਿੱਚ ਕਬੀਲੇ ਦੇ ਕਿੱਤਿਆਂ ਅਤੇ ਕਾਰੋਬਾਰ ਵਿੱਚ ਔਰਤ ਆਪਣੀ ਗੋਣ ਜਾਂ ਬਰਾਬਰੀ ਵਾਲੀ ਭੂਮਿਕਾ ਹੀ ਨਹੀਂ ਨਿਭਾਉਂਦੀ, ਸਗੋਂ ਪ੍ਰਮੁੱਖ ਭੂਮਿਕਾ ਵੀ ਨਿਭਾਉਂਦੀ ਹੈ। ਪੰਜਾਬ ਵਿੱਚ ਵੱਸਦੇ ਕਬੀਲਿਆਂ ਕੀਕਨ,ਬੌਰੀਆ,ਮਦਾਰੀ, ਢੇਹ,ਮਹਾਤਮ ਅਤੇ ਗਾਡੀਲੁਹਾਰ ਆਦਿ ਤੋਂ ਨਿੱਜੀ ਤੋਰ ਤੇ - ਪ੍ਰਾਪਤ ਅੰਕੜਿਆਂ ਅਨੁਸਾਰ ਔਰਤਾਂ ਦੀ ਗਿਣਤੀ ਮਰਦਾਂ ਨਾਲੋਂਕਿਤੇ ਵੱਧ ਹੈ।[13]

**ਭਾਗ ਅ**

**ਵਿਸ਼ਵੀਕਰਨ ਤੇ ਪੰਜਾਬੀ ਸਭਿਆਚਾਰ**

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਵਿਸ਼ਵੀਕਰਨ ਤੇ ਪੰਜਾਬੀ ਸਭਿਆਚਾਰਬਾਰੇ ਜਾਣਕਾਰੀ ਦੇਣਾ ਹੈ :।

ਵਿਸ਼ਵੀਕਰਨ ਦੀ ਬੁਨਿਆਦ ਖੁੱਲ੍ਹੀ ਮੰਡੀ ਹੈ। ਵਿਸ਼ਵੀਕਰਨ ਦਾ ਵਰਤਾਰਾ ਤੋਂ ਆਪਣੀ ਹੋਂਦ ਨੂੰ ਪੱਕੀ ਪੈਰੀ 1990 ਕਰਦਾ ਹੈ। ਇਹ ਇਕ ਅਜਿਹੀ ਵਿਚਾਰਧਾਰਾ ਹੈ ਜੋ ਪੂੰਜੀਵਾਦੀ ਸਿਸਟਮ ਨੂੰ ਉਭਾਰਨ ਅਤੇ ਪਾਸਾਰਨ ਵਿਚ ਅਪਣੀ ਭੂਮਿਕਾ ਨੂੰ ਉਜਾਗਰ ਕਰਦਾ ਹੈ। ਵਿਸ਼ਵੀਕਰਨ ਦਾ ਸੰਬੰਧ ਭੌਤਿਕ ਪਦਾਰਥ ਨਾਲ ਨਹੀਂ ਸਗੋਂ ਜੀਵਨ ਸਥਿਤੀ ਅਤੇ ਮਨੋਸਥਿਤੀ ਨਾਲ ਹੈ।

ਵਿਸ਼ਵੀਕਰਨ ਦਾ ਸਰੋਤ ਪੂੰਜੀਵਾਦ ਹੈਜਿਸ ਨੇ ਮੰਡੀ ਦੇ ਵਿਸਤਾਰ ਰਾਹੀਂ ਕਾਇਮ ਰਹਿਣਾ ਹੈ ,। ਇਸ ਦੇ ਕੇਂਦਰ ਵਿਚ ਖੁੱਲ੍ਹਾ ਵਪਾਰ ਦਾ ਸੰਕਲਪ ਹੈ। ਕੁਝ ਚਿੰਤਕ ਇਸ ਨੂੰ ਗੈਰਜ਼ਰੂਰੀ ਸਾਮਰਾਜ ਕਹਿੰਦੇ ਹਨ ਜੋ ਪੱਛਮੀ ਮੁਲਕਾਂ ਵੱ-ਲੋਂ ਵਪਾਰ ਦੇ ਨਾਂ ਉੱਤੇ ਹੋਂਦ ਵਿਚ ਆਇਆ ਹੈ। ਵਿਕਸਿਤ ਦੇਸ਼ਾਂ ਦੀਆਂ ਲੋੜਾਂ ਅਤੇ ਖੁੱਲ੍ਹੀ ਮੰਡੀ ਦੇ ਵਿਕਾਸ ਨੇ ਤੀਜੀ ਦੁਨੀਆਂ ਦੇ ਦੇਸ਼ਾ ਵਿਚ ਆਪਣੀ ਮੰਡੀ ਵਿਕਸਿਤ ਕਰ ਲਈ ਹੈ। ਪੱਛਮੀ ਕਾਰਪੋਰੇਟ ਸੰਸਾਰ ਦੇ ਅਵਿਕਸਿਤ ਮੁਲਕਾਂ ਵਿਚ ਮੌਜੂਦਗੀ ਨਾਲ ਇਨ੍ਹਾਂ ਦੇ ਹਿੱਤਾਂ ਦੇ ਅਨੁਸਾਰ ਨੀਤੀਆਂ ਘੜੀਆਂ ਜਾ ਰਹੀਆਂ ਹਨ। ਖਪਤਕਾਰੀ ਦੇ ਵਿਰਾਟ ਪੱਧਰ ਉੱਤੇ ਫੈਲਾਅ ਨਾਲ ਮਨੁੱਖ ਨੂੰ ਸਹੂਲਤਾਂ ਨਾਲ ਮਿਡਲ ਕਲਾਸ ਦੀ ਸਮਾਜਿਕ ਅਤੇ ਸਭਿਆਚਾਰਕ ਜਿੰਦਗੀ ਵਿਚ ਤਬਦੀਲੀ ਨੂੰ ਪੈਦਾ ਕੀਤਾ ਹੈ। ਵਿਸ਼ਵੀਕਰਨ ਤਕਨਾਲੋਜੀ ਦੇ ਵਿਕਾਸ ਨੇ ਵਿਸ਼ਵ ਨੂੰ ਇਕ ਪਿੰਡ ਵਿਚ ਬਦਲ ਦਿੱਤਾ ਹੈ। ਵਿਸ਼ਵ ਸਭਿਅਤਾ ਦੀ ਸਿਰਜਨ ਦੀ ਪ੍ਰਕਿਰਿਆ ਸ਼ੁਰੂ ਹੋਈ ਹੈ। ਵਿਸ਼ਵ ਭਰ ਦੇ ਵਿਭਿੰਨ ਸਭਿਆਚਾਰ ਇੱਕ ਦੂਜੇ ਦੇ ਨੇੜੇ ਆ ਰਹੇ ਹਨ। ਇਸ ਪ੍ਰਕਿਰਿਆ ਵਿਚ ਪਰਵਾਸ ਨੂੰ ਵੱਡਾ ਹੁੰਗਾਰਾ ਮਿਲਿਆ ਹੈ।

ਇਸ ਵਿਸ਼ਵੀਕਰਨ ਦੀ ਅਦਾਨ ਪ੍ਰਦਾਨ ਦੀ ਪ੍ਰਕਿਰਿਆ ਵਿਚ ਪੰਜਾਬ ਦੇ ਬਹੁਤ ਸਾਰੇ ਲੋਕ ਪੱਛਮੀਂ ਦੇਸ਼ਾਂ ਵਿਚ ਪਰਵਾਸ ਕਰ ਗਏ ਹਨ। ਨਵੇਂ ਸਭਿਆਚਾਰ ਵਿਚ ਰਹਿਣ ਨਾਲ ਉਨ੍ਹਾਂ ਦੀਆਂ ਸੰਵੇਦਨਾਵਾਂ ਅਤੇ ਸੂਹਜ ਵਿਚ ਮਹੱਤਵਪੂਰਨ ਪਰਿਵਰਤਨ ਆਇਆ ਹੈ। ਦੂਸਰੇ ਪਾਸੇ ਉਹ ਪੰਜਾਬ ਦੇ ਆਪਣੇ ਮੂਲ ਸਭਿਆਚਾਰ ਨਾਲ ਵੀ ਜੁੜੇ ਹੋਏ ਹਨ। ਇਸ ਧਰੁਵੀਂ ਹੋਂਦ ਨੇ ਨਵੀਆਂ ਲੋੜਾਂ ਨੂੰ ਜਨਮ ਦਿੱਤਾ ਹੈ। ਪੱਛਮੀ ਪ੍ਰਭਾਵ ਦੇ ਅਧੀਨ ਪੰਜਾਬੀ ਲੋਕਧਾਰਾ ਦੀਆਂ ਵਿਭਿੰਨ ਵੰਨਗੀਆਂ ਅਤੇ ਸਭਿਆਚਾਰਕ ਅੰਗਾਂ ਵਿਚ ਕਈ ਪਰਿਵਰਤਨ ਵਾਪਰੇ ਹਨ।

ਨਵੀਂ ਤਕਨਾਲੋਜੀ ਦੇ ਵਿਕਾਸ ਨਾਲ ਪੰਜਾਬੀ ਸਭਿਆਚਾਰ ਦੇ ਕਈ ਸਭਿਆਚਾਰਕ ਅੰਗ ਜਿਵੇਂ ਗੀਤ ,ਸੰਗੀਤ-ਫਿਲਮਾਂ ਆਦਿ ਦਾ ਮੁਹਾਂਦਰਾ ਬਦਲ ਗਿਆ ਹੈ। ਲੋਕ ਨਾਚਾਂ ਨੂੰ ਪੱਛਮੀ ਦੇਸ਼ਾ ਦੇ ਨਾਚ ਨਾਲ ਮਿਲਵਾਂ ਰੂਪ ਸਿਰਜਿਆ ਗਿਆ ਹੈ। ਪੱਛਮੀ ਦੇਸ਼ਾ ਦੇ ਪ੍ਰਭਾਵ ਸਦਕਾ ਪੰਜਾਬੀ ਖਾਣ ,ਪੀਣ ਅਤੇ ਪਰਿਰਾਵੇ ਨੇ ਵੀ ਕਈ ਰੰਗ ਬਦਲੇ ਹਨ। ਚਾਹ-ਪੀਣ ਦੀਆਂ -ਤਿਆਰ ਬਰ ਤਿਆਰ ਖਾਣਿਆਂ ਨੇ ਸਾਡੀਆਂ ਖਾਣ ਕੋਕਾ ਕੋਲਾ ਸਾਡੇ ਖਾਣ ਪੀਣ ਦਾ ਅੰਗ ਬਣ ਗਏ ਹਨ। ਵਸਤਾਂ ਵਿਚ ਵੱਡੀ ਤਬਦੀਲੀ ਲਿਆਂਦੀ ਹੈ। ਪੰਜਾਬ ਦੇ ਰਿਸ਼ਤੇ ਨਾਤੇ ਸਭਿਆਚਾਰ ਵਿਚ ਤਬਦੀਲ 'ਅੰਕਲ' ਤੇ 'ਆਂਟੀ' ਹੋ ਗਏ ਹਨ। ਇਹ ਸ਼ਬਦ ਚਾਚੀਫੁੱਫੜ ਆਦਿ ਲਈ ਆਮ ਵਰਤੇ ਜਾਣ ਲੱਗ ,ਤਾਏ ਮਾਮੇ .ਮਾਸੀ ਤੇ ਚਾਚੇ ,ਤਾਈ ਮਾਮੀ , ਪੈ ਗਏ ਹਨ। ਲੋਕ ਕਲਾਕਾਰ ਅਤੇ ਲੋਕ ਕਲਾਵਾਂ ਬਣਾਉਣ ਵਾਲੇ ਪਏ ਹਨ। ਸ਼ਰੀਕਾ ਅਤੇ ਸ਼ਕੀਰੀ ਦੇ ਰਿਸ਼ਤੇ ਫਿੱਕੇ ਲੋਕ ਸੰਗੀਤ ਅਤੇ ,ਕਲਾਕਾਰ ਗਰੀਬੀ ਕਾਰਨ ਆਪਣਾ ਕਿੱਤਾ ਤਿਆਗ ਰਹੇ ਹਨ। ਇਨ੍ਹਾਂ ਦੀ ਥਾਂ ਲੱਚਰ ਸਾਹਿਤ ਪਹਿਰਾਵਾ ਲੈਰਿਹਾ ਹੈ। ਨਵੀਂ ਆਰਥਿਕਤਾ ਨੇ ਸਮਾਜਿਕ ਅਤੇ ਪਰਿਵਾਰਕ ਰਿਸ਼ਤਿਆਂਚੋਂ ਅਮਾਨਵੀ ਤਰਜ਼ ਦੀਆਂ ' ਤਬਦੀਲੀਆਂ ਲਿਆਂਦੀਆਂ ਹਨ।

ਵਿਸ਼ਵੀਕਰਨ ਦੀ ਪ੍ਰਕਿਰਿਆ ਵਿਚ ਵੱਡੇ ਅਤੇ ਵਿਕਸਿਤ ਸਭਿਆਚਾਰਾਂ ਦੇ ਪਾਸਾਰ ਨਾਲ ਛੋਟੇ ਸਭਿਆਚਾਰ ਦਾ ਨਿਘਾਰ ਹੋ ਰਿਹਾ ਹੈ। ਛੋਟੇ ਸਭਿਆਚਾਰਾਂ ਨੂੰ ਕਲਾਵਾਂਲੋਕ ਸਾਹਿਤ ਅਤੇ ਲੋਕ ਸੰਗੀਤ ਨੂੰ ਸੁਰੱਖਿਅਤ , ਰੱਖਣ ਲਈ ਵਿਸ਼ੇਸ਼ ਉਪਰਾਲਿਆਂ ਦੀ ਲੋੜ ਮਹਿਸੂਸ ਹੋ ਰਹੀ ਹੈ। ਇਸ ਪ੍ਰਕਿਰਿਆ ਵਿਚ ਲੋਕ ਜੀਵਨ ਦੀ ਜਿੰਦਗੀ ਉੱਤੇ ਮਾਰੂ ਪ੍ਰਭਾਵ ਪੈ ਰਹੇ ਹਨ। ਪੰਜਾਬੀ ਲੋਕਾਂ ਦੀ ਜੀਵਨ ਸਥਿਤੀ ਵਿਸ਼ਵੀਕਰਨ ਤੋਂ ਬਹੁਤ ਪ੍ਰਭਾਵਿਤ ਹੈ। ਪੰਜਾਬੀ ਲੋਕਧਾਰਾ ਕਿਸਾਨੀ ਨਾਲ ਜੁੜੇ ਲੋਕਾਂ ਦੀ ਸਿਰਜਨਾ ਹੈ। ਕਿਸਾਨੀ ਦਾ ਸਾਰਾ ਕੰਮ ਹੱਥ ਨਾਲ ਹੁੰਦਾ ਹੈ। ਇਸ ਵਿਚ ਪਸ਼ੂ ਧਨ ਦਾ ਬਹੁਤ ਵੱਡਾ ਯੋਗਦਾਨ ਹੈ ਪਰ ਵਿਸ਼ਵੀਕਰਨ ਦੇ ਪ੍ਰਭਾਵ ਹੇਠ ਹੱਥ ਦੀ ਥਾਂ ਮਸ਼ੀਨ ਨੇ ਲੈ ਲਈ ਹੈ। ਪੰਜਾਬ ਦੇ ਬਹੁਤ ਸਾਰੇ ਲੋਕਾਂ ਨੇ ਹੱਥ ਨਾਲ ਕੰਮ ਕਰਨਾ ਛੱਡ ਦਿੱਤਾ ਹੈ। ਇਸ ਨਾਲ ਪਿੰਡ ਇਕ ਸਵੈਨਿਰਭਰ ਇਕਾਈ ਵਜੋਂ ਆਪਣੀ ਪਛਾਣ ਗੁਆ ਚੁੱਕਾ -ਹੈ। ਪਿੰਡਾਂ ਵਿਚ ਸੰਯੁਕਤ ਪਰਿਵਾਰਾਂ ਟੁੱਟ ਗਏ ਹਨ। ਪਿੰਡਾਂ ਚੋਂ ਬਹੁਤੀ ਆਬਾਦੀ ਸ਼ਹਿਰਾਂ ਵੱਲ ਭੱਜ ਰਹੀ ਹੈ। ਪੰਜਾਬ ਦਾ ਨੌਜਵਾਨ ਵਰਗ ਵਿਦੇਸ਼ ਜਾਣ ਨੂੰ ਲੋਚਦਾ ਹੈ। ਉਸ ਦਾ ਆਪਣੇ ਪਿੰਡ ਨਾਲ ਉਹ ਮੋਹ ਨਹੀਂ ਰਿਹਾ। ਉਸ ਲਈ ਰੋਜ਼ੀ ਰੋਟੀ ਦੀ ਤਲਾਸ਼ ਵਿਦੇਸ਼ ਵਿਚ ਹੈ। ਵਿਸ਼ਵੀਕਰਨ ਦੀ ਮਾਰ ਨੇ ਸਮੁੱਚੇ ਸਮਾਜ ਅਤੇ ਸਭਿਆਚਾਰ ਨੂੰ ਆਪਣੀ ਲਪੇਟ ਵਿਚ ਲਿਆ ਹੈ। ਨਵੇਂ ਪਰਿਵਰਤਨਾਂ ਨਾਲ ਸਮਾਜ ਅਤੇ ਸਭਿਆਚਾਰ ਸਿਰਜਿਆ ਜਾਣ ਲੱਗਾ ਹੈ। ਪਰੰਪਰਾਗਤ ਲੋਕਧਾਰਾ ਅਤੇ ਸਭਿਆਚਾਰ ਦੇ ਅੰਗ ਟੁੱਟਦੇ ਜਾ ਰਹੇ ਹਨ। ਵਿਸ਼ਵੀਕਰਨ ਦੀ ਨਵੀਨ ਚੇਤਨਾ ਨੇ ਬੰਦੇ ਦੀ ਬੋਧਿਕ ਰਚਨਾਤਮਕ ਤੇ ਸਿਰਜਣਾਤਮਕ ਸ਼ਕਤੀ ਤੋਂ ਦੂਰ ਕੀਤਾ ਹੈ।

ਪੰਜਾਬੀਅਤ ਦਾ ਸੰਕਲਪ ਪੰਜਾਬੀ ਸੱਭਿਆਚਾਰ ਨਾਲ ਜੁੜੀ ਇੱਕ ਵਿਲੱਖਣ ਤੇ ਭਰਪੂਰ ਜੀਵਨ ਸ਼ੈਲੀ ਦੀ ਅਜਿਹੀ ਵਿਚਾਰਧਾਰਾ ਹੈ, ਜਿਸਦਾ ਕੋਈ ਸਾਨੀ ਨਹੀਂ ਹੈ। ਪੰਜਾਬੀਅਤ ਅਤੇ ਪੰਜਾਬੀ ਸੱਭਿਆਚਾਰ ਨੂੰ ਅਸੀਂ ਅਕਸਰ ਇੱਕ ਦੂਜੇ ਦੇ ਸਮਾਨਾਰਥਕ ਸੰਕਲਪਾਂ ਵਜੋਂ ਵਰਤ ਲੈਂਦੇ ਹਾਂ। ਲੇਕਿਨ ਵੇਖਿਆ ਜਾਏ ਤਾਂ ਪੰਜਾਬੀ ਸੱਭਿਆਚਾਰ ਇੱਕ ਵਿਸ਼ਾਲ, ਵਿਆਪਕ ਤੇ ਬਹੁ-ਬਣਤਰੀ ਰੂਪ ਵਾਲਾ ਅਜਿਹਾ ਪ੍ਰਬੰਧ ਹੈ ਜਿਸ ਦੀ ਬੁਨਿਆਦ ਤੇ ਪੰਜਾਬੀਅਤ ਮਾਨਸਿਕਤਾ ਦੀ ਇੱਕ ਬੇਹੱਦ ਵਿਸ਼ਾਲ ਤੇ ਗੌਰਵਮਈ ਇਮਾਰਤ ਖੜ੍ਹੀ ਹੈ। ਦਰਅਸਲ ਪੰਜਾਬੀਅਤ ਇੱਕ ਅਜਿਹਾ ਇਹਸਾਸ ਹੈ ਜਿਸ ਵਿੱਚੋਂ ਇੱਕ ਵਿਸ਼ੇਸ਼

ਕਿਸਮ ਦੀ ਵਿਲੱਖਣਤਾ ਦੀ ਝਲਕ ਪੈਂਦੀ ਹੈ। ਪੰਜਾਬੀਅਤ ਦੀ ਇਸ ਵਿਲੱਖਣਤਾ ਦਾ ਅਰਥ ਪੰਜਾਬੀ ਜੁੱਸੇ ਅਤੇ ਰੂਹ ਦੀ ਤਾਸੀਰ ਤੋਂ ਹੈ; ਉਹ ਜੁੱਸਾ ਜੋ ਇੱਥੋਂ ਦੇ ਦਿਲਕਸ਼ ਪੌਣ ਪਾਣੀ ਤੇ ਵੰਗਾਰਾਂ ਭਰਪੂਰ ਹੋਣੀਆਂ ਵਿੱਚ ਉਪਜਿਆ ਹੈ।

ਪੰਜਾਬੀ ਲੋਕਾਂ ਦੇ ਸੁਭਾਅ ਸੰਬੰਧੀ ਪ੍ਰਿੰਸੀਪਲ ਤੇਜਾ ਸਿੰਘ ਇੱਕ ਥਾਂ ਆਖਦੇ ਹਨ ਕਿ 'ਪੰਜਾਬੀ ਆਚਰਣ ਪੰਜਾਬ ਦੇ ਭੂਗੋਲਿਕ ਆਲੇ ਦੁਆਲੇ ਅਤੇ ਇਤਿਹਾਸਕ ਪਿਛਵਾੜੇ ਤੋਂ ਬਣਿਆ ਹੈ। ਪੰਜਾਬੀਆਂ ਦੇ ਸੁਭਾਅ, ਇਨ੍ਹਾਂ ਦੇ ਦਿਲ, ਪੰਜਾਬ ਦੇ ਪਹਾੜਾਂ, ਦਰਿਆਵਾਂ, ਵਾਂਗ ਡੂੰਘੇ, ਠੰਢੇ, ਲੰਮੇ ਜਿਗਰੇ ਵਾਲੇ, ਵੱਡੇ-ਵੱਡੇ ਦਿਲ ਵਾਲੇ ਛੇਤੀ-ਛੇਤੀ ਵਲ ਨਾ ਖਾਣ ਵਾਲੇ, ਦਿੱਤੇ ਵਚਨ ਤੋਂ ਨਾ ਮੁੜਨ ਵਾਲੇ, ਸਿੱਧ ਪੱਧਰੇ, ਸਾਦਗੀ ਅਪਨਾਉਣ ਵਾਲੇ ਖੁੱਲ੍ਹੇ ਤੇ ਚੌੜੇ ਹੁੰਦੇ ਹਨ।'

ਪੰਜਾਬੀ ਸੱਭਿਆਚਾਰ ਤੇ ਚਰਚਾ ਕਰਨ ਤੋਂ ਪਹਿਲਾਂ ਆਓ ਸ਼ਬਦ 'ਪੰਜਾਬ' ਦੀ ਉਤਪਤੀ ਬਾਰੇ ਜਾਣੀਏ। ਦਰਅਸਲ ਸ਼ਬਦ ਪੰਜਾਬ ਦੋ ਸ਼ਬਦਾਂ 'ਪੰਜ' ਤੇ 'ਆਬ' ਦੇ ਸੁਮੇਲ ਤੋਂ ਬਣਿਆ ਹੈ। ਪੰਜ ਦਾ ਅਰਥ ਗਿਣਤੀ ਦੇ ਪੰਜ ਜਦੋਂ ਕਿ 'ਆਬ' ਫਾਰਸੀ ਵਿੱਚ ਪਾਣੀ ਨੂੰ ਆਖਦੇ ਹਨ। ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਪੰਜ ਪਾਣੀਆਂ ਦੀ ਧਰਤੀ (ਸਤਲੁਜ, ਜਿਹਲਮ, ਚਨਾਬ, ਰਾਵੀ ਅਤੇ ਬਿਆਸ) ਦੇ ਬਾਸ਼ਿੰਦਿਆਂ ਨੂੰ ਹੀ ਅਸਲ ਵਿੱਚ ਪੰਜਾਬੀ ਕਿਹਾ ਜਾਂਦਾ ਹੈ।

ਪੰਜਾਬੀ ਸੱਭਿਆਚਾਰ ਜਾਂ ਪੰਜਾਬੀਅਤ ਨੂੰ ਸਮਝਣ ਲਈ ਪੰਜਾਬ ਦੀਆਂ ਭੂਗੋਲਿਕ ਪ੍ਰਸਥਿਤੀਆਂ ਬਾਰੇ ਜਾਣਕਾਰੀ ਹਾਸਲ ਕਰਨਾ ਜ਼ਰੂਰੀ ਹੈ। ਇਸ ਸੰਦਰਭ ਵਿੱਚ ਪੰਜਾਬ ਦੇ ਇਤਿਹਾਸ ਨੂੰ ਆਰੀਆ ਲੋਕਾਂ ਦੇ ਵਸਣ ਤੋਂ ਬਾਅਦ ਜਾਣਨਾ ਬਣਦਾ ਹੈ। ਆਰੀਆ ਲੋਕਾਂ ਦੇ ਸਮੇਂ ਦੌਰਾਨ ਪੰਜਾਬ ਦੀਆਂ ਹੱਦਾਂ ਇੱਕ ਵਾਰ ਨਹੀਂ ਸਗੋਂ ਕਈ ਵਾਰ ਬਦਲੀਆਂ। ਪੂਰਵ ਇਤਿਹਾਸ ਵਿੱਚ ਜਦੋਂ ਆਰੀਅਨ ਲੋਕ ਪੰਜਾਬ ਵਿੱਚ ਆਦਿ ਵਾਸੀਆਂ ਨੂੰ ਅੱਗੇ ਧਕੇਲ ਕੇ ਵਸੇ ਸਨ ਤਾਂ ਉਸ ਸਮੇਂ ਪੰਜਾਬ ਦਾ ਨਾਂ ਪੰਜਾਬ ਨਹੀਂ, ਬਲਕਿ 'ਸਪਤ ਸਿੰਧੂ' ਸੀ। ਉਨ੍ਹਾਂ ਸਮਿਆਂ ਵਿੱਚ ਪੰਜਾਬ ਨੂੰ ਸਪਤ ਸਿੰਧੂ ਇਸ ਕਰਕੇ ਕਿਹਾ ਜਾਂਦਾ ਸੀ ਕਿਉਂਕਿ ਸਪਤ ਸਿੰਧੂ ਨਾਉਂ ਇਸ ਕਰਕੇ ਦਿੱਤਾ ਗਿਆ ਸੀ ਕਿਉਂਕਿ ਜਮਨਾ ਤੋਂ ਲੈ ਕੇ ਅਟਕ ਤਕ ਦੇ ਇਲਾਕੇ ਨੂੰ ਸੱਤਾਂ ਦਰਿਆਵਾਂ ਦਾ ਇਲਾਕਾ ਸਮਝਿਆ ਜਾਂਦਾ ਸੀ। ਇਹ ਤਾਂ ਸੀ ਪੰਜਾਬ ਅਤੇ ਸਪਤ ਸਿੰਧੂ ਦੇ ਇਤਿਹਾਸਕ ਪਹਿਲੂ, ਹੁਣ ਅਸੀਂ ਸੱਭਿਆਚਾਰ ਦੇ ਸ਼ਾਬਦਿਕ ਅਰਥਾਂ ਬਾਰੇ ਜਾਨਣ ਦੀ ਕੋਸ਼ਿਸ਼ ਕਰਦੇ ਹਾਂ।

ਸੱਭਿਆਚਾਰ ਮੂਲ ਰੂਪ ਵਿੱਚ ਦੋ ਸ਼ਬਦਾਂ "ਸਭਿਯ+ਆਚਾਰ" ਦਾ ਸਮਾਸ ਹੈ। ਅੰਗਰੇਜ਼ੀ ਭਾਸ਼ਾ ਵਿੱਚ ਇਸਦਾ ਸਮਾਨਾਰਥਕ ਸ਼ਬਦ 'Culture' ਹੈ। "Culture" ਵੀ ਮੂਲ ਰੂਪ ਵਿੱਚ ਲਾਤੀਨੀ ਭਾਸ਼ਾ ਦੇ ਸ਼ਬਦ "Cultura" ਤੋਂ ਫਰਾਂਸੀਸੀ ਭਾਸ਼ਾ ਰਾਹੀਂ ਅੰਗਰੇਜ਼ੀ ਵਿੱਚ ਆਇਆ। ਸੱਭਿਆਚਾਰ ਦਰਅਸਲ ਤਿੰਨ ਸਬਦਾਂ "ਸ+ਭੈ+ਆਚਾਰ" ਦਾ ਮੇਲ ਹੈ। 'ਸ' ਦਾ ਅਰਥ ਪੂਰਵ, 'ਭੈ' ਦਾ ਅਰਥ ਨਿਯਮ, 'ਆਚਾਰ' ਦਾ ਅਰਥ ਵਿਵਹਾਰ ਤੇ ਵਿਹਾਰ ਹੈ। ਇਸ ਤਰ੍ਹਾਂ ਪੂਰਵ ਨਿਸ਼ਚਿਤ ਨੇਮਾਂ ਦੁਆਰਾ ਕੀਤਾ ਗਿਆ ਵਿਵਹਾਰ ਤੇ ਵਿਹਾਰ ਹੀ ਸੱਭਿਆਚਾਰ ਅਖਵਾਉਂਦਾ ਹੈ।

ਆਓ ਹੁਣ ਵੱਖ ਵੱਖ ਵਿਦਵਾਨਾਂ ਦੀ ਸੱਭਿਆਚਾਰ ਦੇ ਸੰਦਰਭ ਵਿੱਚ ਰਾਇ ਵੇਖਦੇ ਹਾਂ। ਇਸ ਸੰਦਰਭ ਵਿੱਚ ਅੰਗਰੇਜ਼ ਮਾਨਵ ਵਿਗਿਆਨੀ ਐਡਵਰਡ ਬੀ. ਟਾਈਲਰ ਦਾ ਕਹਿਣਾ ਹੈ, "ਸੱਭਿਆਚਾਰ ਉਹ ਜਟਿਲ ਸਮੂਹ ਹੈ, ਜਿਸ ਵਿੱਚ ਗਿਆਨ, ਵਿਸ਼ਵਾਸ, ਕਲਾ, ਨੈਤਿਕਤਾ, ਕਾਨੂੰਨ, ਰੀਤੀ-ਰਿਵਾਜ ਅਤੇ ਹੋਰ ਸਭ ਸਮਰੱਥਾਵਾਂ ਅਤੇ ਆਦਤਾਂ ਆ ਜਾਂਦੀਆਂ ਹਨ, ਜਿਹੜੀਆਂ ਮਨੁੱਖ ਸਮਾਜ ਦਾ ਇੱਕ ਮੈਂਬਰ ਹੋਣ ਦੇ ਨਾਤੇ ਗ੍ਰਹਿਣ ਕਰਦਾ ਹੈ।"

ਇੱਕ ਹੋਰ ਪ੍ਰਸਿੱਧ ਵਿਦਵਾਨ ਵਿਲੀਅਮ. ਆਰ ਸੱਭਿਆਚਾਰ ਨੂੰ ਪਰਿਭਾਸ਼ਿਤ ਕਰਦਿਆਂ ਆਖਦੇ ਹਨ, "ਸੱਭਿਆਚਾਰ ਮਨੁੱਖ ਦੀ 'ਸਮਾਜਿਕ ਵਿਰਾਸਤ' ਅਤੇ 'ਲੋੜਾਂ ਦਾ ਮਨੁੱਖ-ਸਿਰਜਿਤ ਭਾਗ' ਹੈ। ਇਸ ਵਿੱਚ ਵਿਵਹਾਰ ਦੇ ਸਾਰੇ ਰੂਪ, ਜੋ ਕਿ ਸਿਖਲਾਈ ਰਾਹੀਂ ਗ੍ਰਹਿਣ ਕੀਤੇ ਹੋਣ ਅਤੇ ਖਾਸ ਪੈਟਰਨ ਜੋ ਪ੍ਰਵਾਣਿਤ ਪ੍ਰਤਿਮਾਨਾਂ ਅਨੁਰੂਪ ਬਣੇ ਹੋਣ, ਲਾਜ਼ਾਮੀ ਤੌਰ 'ਤੇ ਵਿਦਮਾਨ ਹੁੰਦੇ ਹਨ।"

ਉੱਧਰ ਇਸ ਸੰਦਰਭ ਵਿੱਚ ਲੇਸਾਇਲ ਏ ਵਾਈਟ ਦਾ ਕਹਿਣਾ ਹੈ, "ਸਭਿਆਚਾਰ ਤੋਂ ਭਾਵ ਅਜਿਹੀਆਂ ਵਿਸ਼ੇਸ਼ ਸਥੂਲ ਸੰਸਾਰੀ ਵਸਤਾਂ ਅਤੇ ਘਟਨਾਵਾਂ ਤੋਂ ਹੈ, ਜੋ ਕਿ ਪ੍ਰਤੀਕ ਯੋਗਤਾ ਉੱਤੇ ਆਧਾਰਿਤ ਹਨ, ਇਨ੍ਹਾਂ ਦਾ ਅਧਾਰ ਵੱਖ-ਵੱਖ ਸੰਦ, ਹਥਿਆਰ, ਭਾਂਡੇ, ਵਸਤਰ, ਗਹਿਣੇ, ਰਸਮਾਂ, ਸੰਸਥਾਵਾਂ, ਵਿਸ਼ਵਾਸ, ਰੀਤੀ-ਰਿਵਾਜ਼, ਮੌਜ-ਮੇਲੇ ਵਾਲੀਆਂ ਖੇਡਾਂ, ਕਲਾ-ਕ੍ਰਿਤਾਂ ਅਤੇ ਭਾਸ਼ਾਵਾਂ ਆਦਿ ਹਨ।"

ਪ੍ਰੋ. ਗੁਰਬਖ਼ਸ਼ ਸਿੰਘ ਫਰੈਂਕ ਮੁਤਾਬਿਕ, "ਸਭਿਆਚਾਰ ਇੱਕ ਜੁੱਟ ਅਤੇ ਜਟਿਲ ਸਿਸਟਮ ਹੈ, ਜਿਸ ਵਿੱਚ ਕਿਸੇ ਮਨੁੱਖੀ ਸਮਾਜ ਦੇ ਨਿਸ਼ਚਿਤ ਇਤਿਹਾਸਕ ਪੜਾਅ ਉੱਤੇ ਪ੍ਰਚੱਲਤ ਕਦਰਾਂ-ਕੀਮਤਾਂ ਅਤੇ ਉਹਨਾਂ ਨੂੰ ਪ੍ਰਗਟ ਕਰਦੇ ਮਨੁੱਖੀ ਵਿਹਾਰ ਦੇ ਪੈਟਰਨ ਅਤੇ ਪਦਾਰਥਕ ਅਤੇ ਬੌਧਿਕ ਵਰਤਾਰੇ ਸ਼ਾਮਲ ਹੁੰਦੇ ਹਨ।"

ਜਦੋਂ ਕਦੇ ਪੰਜਾਬੀ ਸੱਭਿਆਚਾਰ ਦੀ ਗੱਲ ਚੱਲਦੀ ਹੈ ਤਾਂ ਵਧੇਰੇ ਕਰਕੇ ਅਸੀਂ ਇਸ ਨੂੰ ਗਿੱਧਾ, ਭੰਗੜਾ ਅਤੇ ਮੱਕੀ ਦੀ ਰੋਟੀ ਤੇ ਸਰ੍ਹੋਂ ਦੇ ਤਕ ਹੀ ਮਹਿਦੂਦ ਕਰਕੇ ਰਹਿ ਜਾਂਦੇ ਹਾਂ। ਵੇਖਿਆ ਜਾਵੇ ਤਾਂ ਪੰਜਾਬ ਦੀਆਂ ਵਿਸ਼ੇਸ਼ ਭੂਗੋਲਿਕ ਪ੍ਰਸਥਿਤੀਆਂ, ਵੱਖਰੀ ਕਿਸਮ ਦੇ ਜਲਵਾਯੂ ਤੇ ਕਿੰਨੇ ਹੀ ਇਤਿਹਾਸਿਕ ਉਤਰਾਵਾਂ-ਚੜ੍ਹਾਵਾਂ ਦੇ ਦੌਰ ਵਿੱਚੋਂ ਲੰਘਦਿਆਂ ਪੰਜਾਬੀ ਸੱਭਿਆਚਾਰ ਨੂੰ ਵਿਕਸਿਤ ਹੋਣ ਲਈ ਇੱਕ ਲੰਮਾ ਸਮਾਂ ਲੱਗਾ ਹੈ ਅਰਥਾਤ ਇੱਕ ਲੰਮੀ ਜੱਦੋਜਹਿਦ ਤੋਂ ਬਾਅਦ ਜੋ ਪੰਜਾਬੀ ਸੱਭਿਆਚਾਰ ਵਿੱਚ ਵਜੂਦ ਵਿੱਚ ਆਇਆ ਹੈ ਉਹ ਨਿਰਸੰਦੇਹ ਬੇਹੱਦ ਅਮੀਰ ਤੇ ਪ੍ਰਭਾਵਸ਼ਾਲੀ ਹੈ। ਇਹੋ ਵਜ੍ਹਾ ਹੈ ਕਿ ਇਸ ਪੰਜਾਬੀ ਸੱਭਿਆਚਾਰ ਨੇ ਅੱਜ ਭਾਰਤ ਹੀ ਨਹੀਂ ਸਗੋਂ ਵਿਸ਼ਵ ਦੇ ਵੱਖ ਵੱਖ ਦੇਸ਼ਾਂ ਵਿੱਚ ਆਪਣੀ ਇੱਕ ਅਲੱਗ ਪਹਿਚਾਣ ਤੇ ਧਾਕ ਜਮਾ ਰੱਖੀ ਹੈ। ਆਪਣੀ ਵੱਖਰੀ ਤਾਸੀਰ, ਉੱਚੇ ਚਰਿੱਤਰ, ਆਦਰਸ਼ਾਂ, ਸੇਵਾ ਭਾਵਨਾ (ਲੰਗਰ ਪ੍ਰਥਾ) ਅਤੇ ਮਿਹਨਤੀ ਜਜ਼ਬੇ ਸਦਕਾ ਪੰਜਾਬੀਆਂ ਨੇ ਦੇਸ਼ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਵੀ ਆਪਣੀ ਹੋਂਦ ਦਾ ਡੰਕਾ ਬਜਾਇਆ ਹੈ।

ਪੰਜਾਬੀ ਸੱਭਿਆਚਾਰ ਦੀਆਂ ਬੁਨਿਆਦੀ ਕਦਰਾਂ-ਕੀਮਤਾਂ ਵਿੱਚ ਬਹਾਦਰੀ, ਪ੍ਰਾਹੁਣਚਾਰੀ, ਸਖੀਪੁਣਾ, ਧਾਰਮਿਕਤਾ ਆਦਿ ਜਿਹੇ ਗੁਣ ਜਿਵੇਂ ਕੁਟ-ਕੁਟ ਕੇ ਭਰੇ ਹੋਏ ਹਨ। ਗੁਰਬਖ਼ਸ਼ ਸਿੰਘ ਫ਼ਰੈਂਕ ਮੁਤਾਬਕ ਪੰਜਾਬ ਦੇ ਇਤਿਹਾਸ, ਪੰਜਾਬ ਦੇ ਜੀਵਨ ਅਤੇ ਪੰਜਾਬੀ ਸੱਭਿਆਚਾਰ ਉੱਤੇ ਨਜ਼ਰ ਮਾਰ ਕੇ ਜਦੋਂ ਅਸੀਂ ਦੇਖਦੇ ਹਾਂ ਤਾਂ ਇਸ ਵਿੱਚ ਜਿਹੜੀ ਕਦਰ ਕੇਂਦਰੀ ਮਹੱਤਤਾ ਰੱਖਦੀ ਦਿਸਦੀ ਹੈ, ਉਹ ਉਹੀ ਹੈ ਜਿਸ ਨੂੰ ਕਦੀ ਬਾਬਾ ਸ਼ੇਖ ਫਰੀਦ ਨੇ ਇਹਨਾਂ ਸ਼ਬਦਾਂ ਵਿੱਚ ਪ੍ਰਗਟਾਇਆ ਸੀ:

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੇ ਨਾ ਦੇਹਿ।

ਜੇ ਤੂੰ ਏਵੇ ਰਖਸੀ ਜੀਉ ਸਰੀਰਹੁ ਲੇਹਿ।

ਇਹ 'ਬਾਰਿ ਪਰਾਇ ਬੈਸਣ' ਦਾ ਸੰਤਾਪ ਪੰਜਾਬੀ ਆਚਰਣ ਲਈ ਮੌਤ ਤੋਂ ਵੀ ਮਾੜਾ ਹੈ। ਦੂਜੇ ਦੇ ਆਸਰੇ ਜਿਊਣ ਨਾਲੋਂ ਤਾਂ ਨਾ ਜਿਊਣਾ ਵਧੇਰੇ ਚੰਗਾ ਹੈ। ਕਿਸੇ ਹੋਰ ਤਰੀਕੇ ਨਾਲ ਲੋਕ ਗੀਤ ਦੀ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ:

ਦੋ ਪੈਰ ਘੱਟ ਤੁਰਨਾ

ਪਰ ਤੁਰਨਾ ਮਟਕ ਦੇ ਨਾਲ।

ਸੱਭਿਆਚਾਰ ਦਾ ਦਾਇਰਾ ਬੜਾ ਵਿਸ਼ਾਲ ਹੈ। ਗੱਲ ਜੇਕਰ ਪੰਜਾਬੀ ਸੱਭਿਆਚਾਰ ਵਿੱਚ ਬੋਲੀ ਦੀ ਕਰੀਏ ਤਾਂ ਬਾਬਾ ਫਰੀਦ ਦੇ ਸ਼ਲੋਕਾਂ ਵਿਚਲੀ ਮਾਖਿਓਂ ਮਿੱਠੀ ਪੰਜਾਬੀ ਅੱਜ ਵੀ ਜਿਵੇਂ ਪੜ੍ਹਨ-ਸੁਣਨ ਵਾਲਿਆਂ ਦੇ ਕੰਨਾਂ ਵਿੱਚ ਰਸ ਘੋਲ, ਦਿਲਾਂ ਨੂੰ ਰਾਹਤ ਦਿੰਦੀ ਮਹਿਸੂਸ ਹੁੰਦੀ ਹੈ। ਪੰਜਾਬੀ ਸੱਭਿਆਚਾਰ ਵਿੱਚ ਜੇਕਰ ਗੱਲ ਅਧਿਆਤਮਿਕਤਾ ਦੀ ਕਰੀਏ ਤਾਂ ਗੁਰੂਆਂ ਦੀ ਬਾਣੀ ਸਾਨੂੰ ਸਭਨਾਂ ਨੂੰ ਸਾਂਝੀਵਾਲਤਾ ਦਾ ਸਬਕ ਦਿੰਦਿਆਂ ਇੱਕ ਰੱਬ ਦੀ ਉਸਤਤ ਕਰਨ ਤੇ ਮਨੁੱਖਤਾ ਦੀ ਸੇਵਾ ਹਰ ਵਕਤ ਸਮਰਪਿਤ ਰਹਿਣ ਦਾ ਪਾਠ ਪੜ੍ਹਾਉਂਦੀ ਨਜ਼ਰ ਆਉਂਦੀ ਹੈ।

ਇਸੇ ਤਰ੍ਹਾਂ ਪੰਜਾਬੀ ਸੱਭਿਆਚਾਰ ਵਿੱਚ ਜਦੋਂ ਤਜ਼ਕਰਾ ਇਸ਼ਕ ਦਾ ਹੋਵੇ ਤਾਂ ਵਾਰਸ ਦੀ ਹੀਰ ਸਹਿਜੇ ਹੀ ਸਾਹਮਣੇ ਆ ਖਲੋਂਦੀ ਹੈ ਤੇ ਕਿੱਸਾ ਹੀਰ ਰਾਂਝਾ ਦੇ ਕਿਰਦਾਰ ਅੱਜ ਵੀ ਸਾਡੇ ਗੀਤਾਂ ਅਤੇ ਬੋਲੀਆਂ ਦਾ ਮਹੱਤਵਪੂਰਣ ਅੰਗ ਬਣੇ ਹੋਏ ਹਨ। ਵਾਰਿਸ ਸ਼ਾਹ ਦੀ ਹੀਰ ਦੀਆਂ ਤੁਕਾਂ ਤਾਂ ਜਿਵੇਂ ਪੰਜਾਬੀ ਸੱਭਿਆਚਾਰ ਦੇ ਮੁਹਾਵਰੇ ਹੋ ਨਿੱਬੜੇ ਹਨ ਜਿਵੇਂ ਕਿ:

ਵਾਰਿਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ,

ਭਾਵੇਂ ਕਟੀਏ ਪੋਰੀਆਂ ਪੋਰੀਆਂ ਜੀ।

ਪੰਜਾਬੀ ਸੱਭਿਆਚਾਰ ਵਿੱਚ ਗੱਲ ਬਹਾਦੁਰੀ ਦੀ ਹੋਵੇ ਤਾਂ ਬਾਬਾ ਬੰਦਾ ਸਿੰਘ ਬਹਾਦਰ ਅਤੇ ਬਘੇਲ ਸਿੰਘ, ਕਰਤਾਰ ਸਿੰਘ ਸਰਾਭਾ, ਭਗਤ ਸਿੰਘ ਅਤੇ ਊਧਮ ਸਿੰਘ ਵਰਗੇ ਸੂਰਮੇ ਸਾਡੇ ਦਿਲਾਂ 'ਤੇ ਅੱਜ ਵੀ ਰਾਜ ਕਰਦੇ ਹਨ ਅਤੇ ਇਹ ਸਭ ਸੂਰਮੇ

ਸਾਡੇ ਹਕੀਕੀ ਮਾਅਨਿਆਂ ਵਿੱਚ ਆਦਰਸ਼ ਹਨ। ਜਦੋਂ ਵੀ ਅਸੀਂ ਆਪਣੇ ਆਦਰਸ਼ਾਂ ਨੂੰ ਅਖੋਂ ਪਰੋਖੇ ਕਰਦੇ ਹਾਂ ਤਾਂ ਸਾਡਾ ਹਸ਼ਰ ਸ਼ਾਹ ਮੁਹੰਮਦ ਦੀ ਵਾਰ "ਜੰਗਨਾਮਾ ਸਿੰਘਾਂ ਤੇ ਫਰੰਗੀਆਂ" ਦੀਆਂ ਇਨ੍ਹਾਂ ਤੁਕਾਂ ਵਾਲਾ ਹੁੰਦਾ ਹੈ ਜਿਵੇਂ ਕਿ ਉਹ ਆਖਦੇ ਹਨ ਕਿ:

ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ,

ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।

ਵਿਸ਼ਵੀਕਰਨ ਦੇ ਅਸਰ ਨੇ ਦੁਨੀਆ ਦੇ ਲਗਭਗ ਹਰ ਸੱਭਿਆਚਾਰ ਨੂੰ ਪ੍ਰਭਾਵਿਤ ਕੀਤਾ ਹੈ। ਇਸ ਪ੍ਰਕਾਰ ਇਸ ਪ੍ਰਭਾਵ ਤੋਂ ਪੰਜਾਬ ਵੀ ਅਛੂਤਾ ਨਹੀਂ ਰਹਿ ਸਕਿਆ। ਵਿਸ਼ਵੀਕਰਨ ਦੇ ਪ੍ਰਭਾਵ ਹੇਠ ਪੰਜਾਬ ਦੇ ਸੱਭਿਆਚਾਰ ਅਤੇ ਕਲਾ ਦਾ ਉਦਯੋਗੀਕਰਨ ਹੋਇਆ।

ਵਿਸ਼ਵੀਕਰਨ ਦੇ ਸੰਕਲਪ ਨੇ ਪੰਜਾਬੀਆਂ ਦੀਆਂ ਖਾਣ ਪੀਣ ਦੀਆਂ ਆਦਤਾਂ ਤੇ ਇੱਕ ਵੱਡਾ ਪ੍ਰਭਾਵ ਪਾਇਆ ਹੈ। ਅੱਜ ਦੇ ਇਸ ਪਦਾਰਥਵਾਦੀ ਯੁਗ ਵਿੱਚ ਹਰ ਕਿਸੇ ਨੂੰ ਸਮੇਂ ਦੀ ਕਿੱਲਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸਦੇ ਨਾਲ ਨਾਲ, ਭੱਜ ਨੱਠ, ਪੈਸੇ ਦੀ ਬਹੁਤਾਤ, ਰਸੋਈ ਘਰਾਂ ਵਿੱਚ ਬਾਕਾਇਦਾ ਭੋਜਨ ਤਿਆਰ ਨਾ ਹੋਣ ਕਰਕੇ ਫਾਸਟ ਫੂਡ ਨੇ ਜਨਮ ਲਿਆ ਹੈ।

ਕੋਈ ਸਮਾਂ ਸੀ ਜਦੋਂ ਪੰਜਾਬੀ ਘਰਾਂ ਵਿੱਚ ਰਸੋਈ ਦਾ ਪਰੰਪਰਾਗਤ ਰੂਪ, ਖਾਣਾ ਬਣਾਉਣ ਦੇ ਤੌਰ ਤਰੀਕਿਆਂ ਉੱਤੇ ਪੰਜਾਬੀ ਲੋਕਾਂ ਦੀ ਖ਼ੁਰਾਕ ਅੱਜ ਨਾਲੋਂ ਬਹੁਤ ਵੱਖਰੀ ਸੀ। ਉਨ੍ਹਾਂ ਸਮਿਆਂ ਵਿੱਚ ਪੰਜਾਬ ਦੇ ਅਕਸਰ ਘਰਾਂ ਵਿੱਚ ਮਿੱਟੀ ਦੇ ਬਣੇ ਚੁੱਲ੍ਹਿਆਂ ਵਿੱਚ ਪਾਥੀਆਂ ਜਾਂ ਅੱਗ ਬਾਲਣ ਲਈ ਲੱਕੜਾਂ ਦੀ ਵਰਤੋਂ ਹੋਇਆ ਕਰਦੀ ਸੀ। ਸਾਗ, ਮੱਕੀ ਦੀ ਰੋਟੀ, ਖੱਟੀ ਲੱਸੀ ਪੰਜਾਬੀਆਂ ਦੀ ਮਨਭਾਉਂਦੀਆਂ ਖੁਰਾਕਾਂ ਸਨ। ਭਾਂਡੇ ਮਾਂਜਣ ਲਈ ਚੁੱਲ੍ਹੇ ਦੀ ਸੁਆਹ ਵਰਤੀ ਜਾਂਦੀ ਸੀ। ਫਿਰ ਜਿਵੇਂ ਜਿਵੇਂ ਸਮਾਂ ਬਦਲਦਾ ਗਿਆ, ਹੌਲੀ ਹੌਲੀ ਚੁੱਲ੍ਹੇ ਦੀ ਥਾਂ ਸਟੋਵ, ਚਾਟੀਆਂ ਤੇ ਤੌੜੀਆਂ ਦੀ ਥਾਂ ਪ੍ਰੈੱਸ਼ਰ ਕੁੱਕਰਾਂ ਨੇ ਲੈ ਲਈ। ਪਿਛਲੇ ਲਗਭਗ ਵੀਹ ਪੱਚੀ ਸਾਲ ਤੋਂ ਪੱਛਮੀ ਪ੍ਰਭਾਵ ਕਾਰਨ ਗੈਸ ਦੇ ਚੁੱਲ੍ਹਿਆ ਦਾ ਰਿਵਾਜ ਆਮ ਹੋ ਗਿਆ ਹੈ। ਹੁਣ ਭਾਂਡੇ ਧੋਣ ਲਈ ਸੁਆਹ ਦੀ ਥਾਂ ਡਿਟਰਜੈਂਟ ਪਾਊਡਰ ਆ ਗਏ ਹਨ। ਇਸਦੇ ਨਾਲ ਹੀ ਤਰੱਕੀ ਦੇ ਨਾਂ 'ਤੇ ਮਾਈਕਰੋਵੇਵ ਫਰਿੱਜ ਆਦਿ ਹੁਣ ਰਸੋਈ ਦਾ ਸ਼ਿੰਗਾਰ ਬਣ ਗਏ ਹਨ। ਲੱਸੀ ਦੀ ਥਾਂ ਕੋਕ, ਪੈਪਸੀ ਆਦਿ ਸੌਫਟ ਡਰਿੰਕਸ ਨੇ ਲੈ ਲਈ ਹੈ। ਘਰ ਦੇ ਬਣੇ ਖਾਣੇ ਦੀ ਥਾਂ ਅੱਜ ਲੋਕ, ਵਿਸ਼ੇਸ਼ ਕਰਕੇ ਨੌਜਵਾਨ ਪੀੜ੍ਹੀ ਮੈਕਡਾਨਲਡ, ਡਾਮੀਨੋਜ਼, ਪੀਜ਼ਾ ਹੱਟ ਆਦਿ ਨੂੰ ਵਧੇਰੇ ਤਰਜੀਹ ਦੇਣ ਲੱਗੀ ਹੈ। ਸੱਚ ਤਾਂ ਇਹ ਹੈ ਕਿ ਅੱਜ ਪੱਛਮੀ ਸੱਭਿਆਚਾਰ ਨੂੰ ਅਪਨਾਉਣ ਦੀ ਹੋੜ ਵਿੱਚ ਪੰਜਾਬੀ ਲੋਕ ਆਪਣੇ ਵਿਰਸੇ ਅਤੇ ਪੰਜਾਬੀ ਸੱਭਿਆਚਾਰ ਤੋਂ ਦੂਰ ਹੁੰਦੇ ਜਾ ਰਹੇ ਹਨ। ਪਦਾਰਥਵਾਦ ਦੇ ਇਸ ਯੁਗ ਵਿੱਚ ਇਸ ਵਰਗ ਨੇ

ਫ਼ਰੀਦ ਦੇ ਪੈਗ਼ਾਮ "ਰੁੱਖੀ ਮਿੱਸੀ ਖਾਇ ਕੇ ਠੰਢਾ ਪਾਣੀ ਪੀ, ਵੇਖ ਪਰਾਈ ਚੋਪੜੀ ਨਾ ਤਰਸਾਈ ਜੀਅ" ਨੂੰ ਵਿਸਾਰ ਕੇ ਸਾਦਾ ਜੀਵਨ ਤਿਆਗ ਦਿੱਤਾ।

ਵਿਸ਼ਵੀਕਰਨ ਦੇ ਇਸ ਪ੍ਰਕੋਪ ਵਿੱਚ ਪੰਜਾਬੀ ਸਮਾਜ ਵਿੱਚਲੇ ਰਿਸ਼ਤਿਆਂ ਨਾਤਿਆਂ ਦਾ ਵੀ ਬੇਹੱਦ ਘਾਣ ਹੋਇਆ ਹੈ। ਅੱਜ ਹਰ ਰਿਸ਼ਤਾ ਨਾਤਾ ਇੱਕ ਤਰ੍ਹਾਂ ਗਰਜ਼ ਨਾਲ ਬੱਝਿਆ ਮਹਿਸੂਸ ਹੁੰਦਾ ਹੈ। ਇੱਥੋਂ ਤਕ ਕਿ ਅੱਜ ਖ਼ੂਨ ਦੇ ਰਿਸ਼ਤੇ ਵੀ ਤਿੜਕਦੇ ਮਹਿਸੂਸ ਹੁੰਦੇ ਹਨ।

ਬਦਲਦੇ ਹਾਲਾਤ ਵਿੱਚ ਅਸੀਂ ਆਪਣੇ ਸਭਿਆਚਾਰਕ ਪਹਿਰਾਵੇ ਤੋਂ ਵਿਰਵੇ ਹੁੰਦੇ ਜਾ ਰਹੇ ਹਾਂ। ਪਿਛਲੇ ਕੁਝ ਸਾਲਾਂ ਤੋਂ ਪਹਿਨਣ ਵਾਲੇ ਕੱਪੜਿਆਂ ਵਿੱਚ ਬੇਹੱਦ ਤਬਦੀਲੀਆਂ ਆਈਆਂ ਹਨ। ਜੇਕਰ ਇਹ ਕਹੀਏ ਕਿ ਲਿਬਾਸ ਦੇ ਵਿਸ਼ਵੀਕਰਨ ਨੇ ਸਾਨੂੰ ਲਿਬਾਸਾਂ ਵਿੱਚ ਵੀ ਨੰਗਾ ਕਰਕੇ ਰੱਖ ਦਿੱਤਾ ਹੈ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ ਅੱਜ ਲਿਬਾਸ ਦਾ ਇਸਤੇਮਾਲ ਸਰੀਰ ਨੂੰ ਢਕਣ ਲਈ ਨਹੀਂ, ਸਗੋਂ ਸਰੀਰ ਦੀ ਨੁਮਾਇਸ਼ ਕਰਨ ਲਈ ਹੋ ਰਿਹਾ ਹੈ। ਪੰਜਾਬ ਵਿੱਚ ਨਵੇਂ ਸ਼ੌਕੀਨ ਮੁੰਡਿਆਂ ਵਿੱਚ ਕੈਜ਼ੂਅਲ ਫ਼ੈਸ਼ਨ ਦਾ ਅਸਰ ਵਧਦਾ ਜਾ ਰਿਹਾ ਹੈ ਅਤੇ ਰਸਮੀ ਕਿਸਮ ਦੀ ਕਮੀਜ਼ ਤੇ ਪੈਂਟਾਂ ਨਾਲੋਂ ਡਿਜ਼ਾਈਨਰ ਕਿਸਮ ਦੀਆਂ ਟੀ ਸ਼ਰਟਾਂ ਅਤੇ ਜੀਨਾਂ ਤੇ ਕਾਰਗੋ ਪੈਂਟਾਂ ਦਾ ਰਿਵਾਜ ਵਧ ਰਿਹਾ ਹੈ। ਕੈਪਰੀ ਪਹਿਨਣ ਦਾ ਰਿਵਾਜ ਵੀ ਆਮ ਹੋ ਰਿਹਾ ਹੈ। ਦੂਜੇ ਪਾਸੇ ਲੜਕੀਆਂ ਦੇ ਪਹਿਰਾਵੇ ਵਿੱਚ ਵੀ ਬਹੁਤ ਜ਼ਿਆਦਾ ਤਬਦੀਲੀ ਆਈ ਹੈ। ਅੱਜਕੱਲ੍ਹ ਲੜਕੀਆਂ ਨੇ ਡਿਜ਼ਾਈਨਰ ਟਾਪਸ ਤੇ ਜੀਨਾਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ।

ਇੱਕ ਸਮਾਂ ਸੀ ਜਦੋਂ ਸਾਰਾ ਕੋੜਮਾ ਕਬੀਲਾ ਇੱਕ ਛੱਤ ਥੱਲੇ ਰਹਿੰਦਾ ਤੇ ਇਸ ਵਿੱਚ ਪਤੀ-ਪਤਨੀ, ਬੱਚੇ, ਮਾਂ-ਬਾਪ, ਚਾਚੇ-ਚਾਚੀਆਂ, ਤਾਏ-ਤਾਈਆਂ ਉਹਨਾਂ ਦੇ ਬੱਚੇ, ਦਾਦਾ-ਦਾਦੀ, ਪੜਦਾਦਾ-ਪੜਦਾਦੀ ਆਦਿ - ਇਨ੍ਹਾਂ ਸਾਰਿਆਂ ਦਾ ਸਾਂਝਾ ਚੁੱਲ੍ਹਾ ਹੁੰਦਾ ਸੀ। ਘਰ ਕਮਾਊ ਜੀਆਂ ਦੀ ਸਾਰੀ ਪੂੰਜੀ ਸਭ ਤੋਂ ਵੱਡੇ ਪੁਰਖ ਅਤੇ ਉਸ ਦੀ ਘਰਵਾਲੀ ਦੇ ਹੱਥ ਹੁੰਦੀ ਸੀ ਤੇ ਪਰਿਵਾਰ ਦੇ ਜੀਆਂ ਦੇ ਰੋਟੀ ਕੱਪੜੇ ਅਤੇ ਹੋਰ ਲੋੜਾਂ ਦਾ ਪ੍ਰਬੰਧ ਕਰਨਾ ਉਨ੍ਹਾਂ ਦੀ ਹੀ ਜ਼ਿੰਮੇਵਾਰੀ ਹੁੰਦੀ ਸੀ।

ਪਰ ਅਜੋਕੇ ਸਮੇਂ ਵਿੱਚ ਸੰਯੁਕਤ ਪਰਿਵਾਰ ਟੁੱਟ ਰਹੇ ਹਨ। ਅੱਜ ਹਰ ਬੱਚਾ ਚਾਹੁੰਦਾ ਹੈ ਕਿ ਉਸ ਦਾ ਆਪਣਾ ਇੱਕ ਵੱਖਰਾ ਕਮਰਾ ਹੋਵੇ, ਜਿਸ ਵਿੱਚ ਸਾਰੀਆਂ ਜ਼ਰੂਰੀ ਚੀਜ਼ਾਂ ਜਿਵੇਂ ਕਿ ਟੀ.ਵੀ, ਮਿਊਜ਼ਿਕ ਸਿਸਟਮ, ਕੰਪਿਊਟਰ ਅਤੇ ਖਾਸ ਕਰ ਮੋਬਾਇਲ ਫ਼ੋਨ ਆਦਿ ਮੌਜੂਦ ਹੋਣ, ਕਿਸੇ ਹੋਰ ਮੈਂਬਰ ਦੀ ਦਖਲ ਅੰਜ਼ਾਦੀ ਨਾ ਹੋਵੇ।

ਪਹਿਲਾਂ ਬੱਚੇ ਰਾਤ ਨੂੰ ਦਾਦੇ ਦਾਦੀਆਂ ਕੋਲੋਂ ਕਹਾਣੀਆਂ ਸੁਣਿਆ ਕਰਦੇ ਸਨ। ਉਹ ਕਹਾਣੀਆਂ ਬੱਚਿਆਂ ਦੇ ਮਨਾਂ ਵਿੱਚ ਚੰਗੇ ਗੁਣ ਪੈਦਾ ਕਰਦੀਆਂ ਸਨ। ਬੱਚਿਆਂ ਨੂੰ ਬਾਤਾਂ ਸੁਣਨ ਦਾ ਇੰਨਾ ਚਾਅ ਹੁੰਦਾ ਸੀ ਕਿ ਰਾਤ ਪੈਂਦੀ ਸਾਰ ਹੀ ਬੱਚੇ ਦਾਦੇ ਦਾਦੀਆਂ ਦੁਆਲੇ ਹੋ ਜਾਂਦੇ ਸਨ। ਲੇਕਿਨ ਇੰਟਰਨੈੱਟ ਦੇ ਇਸ ਯੁਗ ਨੇ ਉਕਤ ਤਮਾਮ ਕਹਾਣੀਆਂ ਤੇ ਬਾਤਾਂ ਤੋਂ ਬੱਚਿਆਂ ਨੂੰ ਇੱਕ ਤਰ੍ਹਾਂ ਨਾਲ ਨਿਖੇੜ ਕੇ ਰੱਖ ਦਿੱਤਾ ਹੈ। ਅੱਜ ਦੇ ਬਹੁਤੇ ਮੁੰਡੇ ਕੁੜੀਆਂ ਵਿੱਚ ਰਾਤੋ-ਰਾਤ ਅਮੀਰ ਹੋਣ ਦੀ ਹੋੜ ਇਸ

ਕਦਰ ਹਾਵੀ ਹੈ ਕਿ ਉਹ ਆਪਣੇ ਮਿਸ਼ਨ ਵਿੱਚ ਅਸਫਲ ਹੋਣ ਦੀ ਸੂਰਤ ਵਿੱਚ ਝਟ ਮਾਨਸਿਕ ਤਣਾਉ ਦਾ ਸ਼ਿਕਾਰ ਹੋ ਜਾਂਦੇ ਹਨ। ਇਸਦੇ ਨਾਲ ਨਾਲ ਕਦਰਾਂ-ਕੀਮਤਾਂ ਤੇ ਅਖਲਾਕ ਅੱਜ ਦੇ ਲੋਕਾਂ ਵਿੱਚ ਜਿਸ ਕਦਰ ਡਿਗ ਚੁੱਕੇ ਹਨ, ਉਸ ਦੀ ਸ਼ਾਇਦ ਪਹਿਲਾਂ ਕਦੇ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਸੀ।

ਅੱਜ ਦਾ ਮਨੁੱਖ ਤਰੱਕੀ ਕਰਨ ਦੀਆਂ ਜਿੰਨੀਆਂ ਮਰਜ਼ੀ ਫੜ੍ਹਾਂ ਮਾਰੀ ਜਾਵੇ, ਭਾਵੇਂ ਅਜੋਕੇ ਮਨੁੱਖ ਨੇ ਚੰਦ ਨੂੰ ਫਤਿਹ ਕਰਨ ਉਪਰੰਤ ਮੰਗਲ ਗ੍ਰਹਿ ਵਲ ਚਾਲੇ ਪਾ ਦਿੱਤੇ ਹਨ, ਪਰ ਜਦੋਂ ਅਸੀਂ ਆਪਣੇ ਅਖਲਾਕ ਅਤੇ ਨੈਤਿਕ ਕਦਰਾਂ-ਕੀਮਤਾਂ ਵਲ ਨਜ਼ਰ ਮਾਰਦੇ ਹਾਂ ਤਾਂ ਬੇਹੱਦ ਨਿਰਾਸ਼ਾ ਹੁੰਦੀ ਹੈ। ਸ਼ਾਇਦ ਇਸੇ ਲਈ ਉਰਦੂ ਦੇ ਇੱਕ ਕਵੀ ਨੇ ਕਿਹਾ ਹੈ:

ਬੜ੍ਹਨੇ ਕੋ ਬਸ਼ਰ ਚਾਂਦ ਸੇ ਭੀ ਆਗੇ ਬੜਾ ਹੈ।

ਯੇਹ ਸੋਚੀਏ ਕਿਰਦਾਰ ਘਟਾ ਹੈ ਕਿ ਬੜਾ ਹੈ।

ਵਿਆਹ ਦੇ ਦਿਨਾਂ ਵਿੱਚ ਕੁੜੀ ਦੇ ਘਰ ਇਸਤਰੀਆਂ ਵੱਲੋਂ ਗਾਏ ਜਾਂਦੇ ਲੋਕ-ਗੀਤਾਂ ਨੂੰ 'ਸੁਹਾਗ' ਕਿਹਾ ਜਾਂਦਾ ਹੈ। ਇਨ੍ਹਾਂ ਲੋਕ ਗੀਤਾਂ ਵਿਚ ਲਾੜੀ ਦੇ ਵਿਆਹ ਹੋਣ ਦੇ ਮੂਡ, ਵਿਆਹ ਦੀ ਇੱਛਾ, ਇਕ ਸੋਹਣੇ ਲਾੜੇ ਅਤੇ ਇਕ ਵਧੀਆ ਘਰ ਦੀ ਲਾਲਸਾ, ਇਕ ਸਿਆਣੇ ਅਤੇ ਸਹੁਰੇ ਘਰ ਵਾਲੇ ਇਕ ਵਿਆਹੁਤਾ ਜੀਵਨ ਦੀ ਕਲਪਨਾ, ਮਾਪਿਆਂ ਦਾ ਘਰ ਛੱਡਣ ਦਾ ਉਦਰੇਵਾਂ ਸ਼ਾਮਲ ਹੈ ਮਾਪਿਆਂ ਦਾ ਘਰ ਅਤੇ ਸੁਪਨੇ ਸੱਭਿਆਚਾਰਕ ਪ੍ਰਭਾਵਾਂ ਦੇ ਅਧੀਨ ਪ੍ਰਗਟਾਵੇ ਦਾ ਮਾਧਿਅਮ ਹਨ। ਇਨ੍ਹਾਂ ਲੋਕ ਗੀਤਾਂ ਵਿਚ ਲੜਕੀ ਦੇ ਪੇਕੇ ਪਰਿਵਾਰ ਦੇ ਮੈਂਬਰਾਂ ਨਾਲ ਵਿਆਹ ਕਰਵਾਉਣ ਲਈ ਵੱਖ-ਵੱਖ ਰਿਸ਼ਤੇ ਅਤੇ ਫਿਰ ਸਹੁਰੇ ਘਰ ਵਿਚ ਨਵੇਂ ਬਣੇ ਰਿਸ਼ਤੇ ਬਾਰ-ਬਾਰ ਆਉਂਦੇ ਰਹੇ ਹਨ। ਰਿਸ਼ਤਿਆਂ ਦੇ ਇਸ ਤਾਣੇ-ਬਾਣੇ ਵਿੱਚ ਕਿਤੇ ਨਿੱਘ ਹੈ, ਕਿਤੇ ਤਣਾਉ ਹੈ। ਇਹ ਉਹਨਾਂ ਵਿੱਚ ਹੈ ਕਿ ਸਮਾਜਕ ਅਤੇ ਆਰਥਿਕ ਪਹਿਲੂ ਸਿੱਧੇ ਜਾਂ ਅਸਿੱਧੇ ਤੌਰ ਤੇ ਪ੍ਰਭਾਵਸ਼ਾਲੀ ਲੱਗਦੇ ਹਨ।

ਵਿਆਹ ਕਿਸੇ ਵਿਅਕਤੀ ਦੇ ਸਮਾਜਕ ਜੀਵਨ ਦੀ ਇਕ ਮਹੱਤਵਪੂਰਣ ਘਟਨਾ ਹੁੰਦੀ ਹੈ। ਇਕ ਲੜਕੀ ਲਈ ਵਿਆਹ, ਪਿਆਰ ਦੀ ਦੁਨੀਆ ਨੂੰ ਛੱਡ ਕੇ ਅਤੇ ਸਹੁਰਿਆਂ ਦੇ ਘਰ ਦੀ ਅਣਦੇਖੀ ਨਵੀਂ ਦੁਨੀਆਂ ਵਿਚ ਦਾਖਲ ਹੋਣ ਦੀ ਪਰੰਪਰਾ ਦਾ ਨਾਮ ਹੈ। ਪੇਕੇ ਦੇ ਘਰ ਦੀ ਸੁਰੱਖਿਆ ਦੇ ਮੁਕਾਬਲੇ, ਨਵੇਂ ਸਹੁਰਿਆਂ ਦੇ ਘਰ ਵਿਚ ਇਕ ਜਾਣ-ਅਣਜਾਣ ਮਾਹੌਲ ਹੈ ਜਿਸ ਬਾਰੇ ਲੜਕੀ ਨੂੰ ਸ਼ੱਕ ਹੈ। ਦੂਜੇ ਪਾਸੇ, ਸਮਾਜਿਕ ਪ੍ਰਣਾਲੀ ਦੇ ਅਨੁਸਾਰ ਉਸਨੂੰ ਆਪਣੇ ਸਹੁਰੇ ਘਰ ਜਾਣਾ ਪੈਂਦਾ ਹੈ। ਸੱਸ-ਸਹੁਰੇ ਬਾਲਗ ਬਾਲਗ ਇਸਤਰੀ ਨੂੰ ਨਵੀਆਂ ਭੂਮਿਕਾਵਾਂ ਨਿਭਾਉਣ ਦੇ ਮੌਕੇ ਪ੍ਰਦਾਨ ਕਰਦੇ ਹਨ, ਇਸ ਲਈ ਇੱਛਾਵਾਂ ਉਸਦੇ ਮਨ ਵਿੱਚ ਮਿਲਾ ਜਾਂਦੀਆਂ ਹਨ। ਜਿਸ ਸਮਾਜਿਕ ਵਾਤਾਵਰਣ ਵਿੱਚ ਸੁਹਾਗ ਦੇ ਇਹ ਲੋਕ ਗੀਤਾਂ ਦੀ ਉਤਪਤੀ ਹੋਈ, ਇੱਕ ਲੜਕੀ ਦੇ ਵਿਆਹ ਦਾ ਫੈਸਲਾ ਬਾਬਲ ਦੁਆਰਾ ਕੀਤਾ ਗਿਆ ਹੈ। ਬਹੁਤੇ ਸੁਹਾਗ ਬਾਬਲ ਨੂੰ ਸਿਰਫ ਉਨ੍ਹਾਂ ਦੀ ਧੀ ਦੁਆਰਾ ਦਰਸਾਉਂਦੇ ਹਨ। ਜਿਸਦਾ ਕਾਰਨ ਦੋਵੇਂ ਜੱਸ ਅਤੇ ਪੁੰਨ ਹਨ। ਦੂਜੀ ਖਾਸ ਗੱਲ ਇਹ ਹੈ ਕਿ ਇਸ ਕੰਮ ਲਈ

ਸਾਂਝੇ ਪਰਿਵਾਰ ਦੇ ਸਾਰੇ ਆਦਮੀ ਅਤੇ ਲੜਕੀਆਂ ਆਪਣੇ ਚਾਚੇ, ਮਾਸੀ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੇ ਨਾਲ ਇਕੱਠੇ ਹੁੰਦੇ ਹਨ। ਜਿਵੇਂ ਕਿ, ਇਹ ਪਰਿਵਾਰਕ ਮੈਂਬਰਾਂ ਦੀ ਸਾਂਝੀ ਜ਼ਿੰਮੇਵਾਰੀ ਹੈ।

ਸੁਹਾਗ ਦੇ ਲੋਕ ਗੀਤਾਂ ਵਿਚ, ਬੇਟੀ ਲਈ, ਬਾਬਲ ਰਾਜਾ ਹੈ, ਉਸਦਾ ਘਰ ਮਹਿਲ ਹੈ, ਬਾਹਰ ਬਾਗ ਹਨ, ਜਿਸ ਵਿਚ ਚੰਦਨ ਦੇ ਦਰੱਖਤ ਹਨ, ਤਲਾਬ ਹਨ ਅਤੇ ਚੰਬਾ ਖਿੜਦਾ ਹੈ। ਇਸ ਤਰ੍ਹਾਂ ਬਾਬਲ ਇੱਕ ਰਾਜੇ ਵਰਗਾ ਹੈ, ਉਹ ਧੀ ਵਿਆਹੁੰਦਾ ਜਾਣੋ ਨਿਵ ਜਾਂਦਾ ਹੈ। ਬੇਟੀ ਦੇ ਪੇਕੇ ਪਰਿਵਾਰ ਤੋਂ ਵੱਖ ਹੋਣ ਦਾ ਪਲ ਬਹੁਤ ਭਾਵੁਕ ਹੈ। ਤਦ ਉਸਦਾ ਬਾਬਲ ਹੀ ਨਹੀਂ ਬਲਕਿ ਸਾਰਾ ਪਰਿਵਾਰ ਅਤੇ ਰਿਸ਼ਤੇਦਾਰ ਛਮ-ਛਮ ਰੋਂਦੇ ਹਨ। ਸੁਹਾਗ ਗਾਣੇ ਲੜਕੀਆਂ ਅਤੇ ਇਸਤਰੀਆਂ ਮਿਲ ਕੇ ਗਾਉਂਦੀਆਂ ਹਨ। ਉਨ੍ਹਾਂ ਵਿਚ ਸ਼ਬਦਾਂ, ਵਾਕਾਂਸ਼ਾਂ ਜਾਂ ਵਾਕਾਂ ਨੂੰ ਗਾਇਕੀ ਦੀਆਂ ਜ਼ਰੂਰਤਾਂ ਅਨੁਸਾਰ ਦੁਹਰਾਉਣਾ ਸ਼ਾਮਲ ਹੁੰਦਾ ਹੈ। ਗਾਇਕੀ ਦੀ ਉਪਭਾਸ਼ਾ ਦੇ ਅਨੁਸਾਰ, ਸ਼ਬਦਾਂ ਦਾ ਰੂਪ ਥੋੜਾ ਬਦਲਦਾ ਹੈ, ਜਿਵੇਂ ਦਾੜ੍ਹੀ ਨੂੰ ਦਾਅੜੀ, ਦੇਵੀਂ ਤੋਂ ਦੇਈਂ, ਨਿਵਿਆਂ ਤੋਂ ਨਿਮਿਆਂ। ਇਸੇ ਤਰ੍ਹਾਂ ਰਸ ਦੀ ਲੋੜ ਅਨੁਸਾਰ ਸਾਡੜੇ, (ਸਾਡੇ), ਬੇਟੜੀ (ਬੇਟੀ), ਵੱਡੜਾ (ਵੱਡਾ), ਬਾਹਲੜੇ (ਬਹੁਤੇ), ਡੱਬੜੇ (ਡੱਬੇ), ਹੁੰਦੜੀ (ਹੁੰਦੀ) ਆਦਿ ਸ਼ਬਦ ਵਰਤੇ ਜਾਂਦੇ ਹਨ। ਸੁਹਾਗ ਦੇ ਗੀਤ ਭਾਵ ਅਤੇ ਬਣਤਰ ਪੱਖੋਂ ਸਰਲ ਹਨ। ਇਹਨਾਂ ਵਿੱਚ ਦੁਹਰਾ ਹੈ। ਪ੍ਰਕਿਰਤੀ ਦੀਆਂ ਨਿਰਮਲ ਛੋਹਾਂ ਹਨ ਅਤੇ ਗਾਉਣ ਲਈ ਲੈਅ ਤੇ ਰਵਾਨੀ ਹੈ।

ਆਪਣੇ ਵਿਆਹ ਵਾਲੇ ਦਿਨ ਮੁੰਡਿਆਂ ਦੇ ਘਰ ਇਸਤਰੀਆਂ ਦੁਆਰਾ ਗਾਏ ਗਏ ਲੋਕ ਗੀਤਾਂ ਨੂੰ ਘੋੜੀਆਂ ਕਿਹਾ ਜਾਂਦਾ ਹੈ। ਘੋੜੀਆਂ ਦਾ ਲੋਕ ਗੀਤ ਵਿੱਚ ਲੜਕੇ ਦੀ ਮਾਂ, ਭੈਣ ਅਤੇ ਹੋਰ ਨੇੜਲੇ ਰਿਸ਼ਤੇਦਾਰਾਂ ਨੂੰ ਮੁੰਡਿਆਂ ਦੇ ਪਰਿਵਾਰ ਦੀ ਤਾਰੀਫ਼ ਕਰਨ ਅਤੇ ਵਿਆਹ ਦੇ ਰੂਪ ਵਿੱਚ ਪਰਿਵਾਰ ਦੀ ਉਸਤਤਿ ਕਰਨ ਬਾਰੇ ਦੱਸਿਆ ਜਾਂਦਾ ਹੈ। ਮੁੰਡੇ ਦੇ ਆਪਣੇ ਮਾਪਿਆਂ ਅਤੇ ਰਿਸ਼ਤੇਦਾਰਾਂ ਨਾਲ ਲੰਬੇ ਸਮੇਂ ਦੇ ਸੰਬੰਧ ਨੂੰ ਇਕ ਲੁਟਾਇਆ ਜਾਂਦਾ ਲਾਡ-ਪਿਆਰ ਦੱਸਿਆ ਹੁੰਦਾ ਹੈ ਅਤੇ ਉਸ ਦੇ ਭਵਿੱਖ ਲਈ ਸ਼ੁੱਭ ਕਾਮਨਾਵਾਂ।

ਘੋੜਿਆਂ ਵਿਚ ਵਿਆਹ ਕਰਾਉਣ ਵਾਲਾ ਮੁੰਡਾ ਜਨਮ ਤੋਂ ਹੀ ਖੁਸ਼ਕਿਸਮਤ ਕਿਹਾ ਜਾਂਦਾ ਹੈ। ਘੋੜੀਆਂ ਵਿੱਚ ਸਾਰਿਆਂ ਦੁਆਰਾ ਖੁਸ਼ੀਆਂ ਕਿਵੇਂ ਮਨਾਈਆਂ ਜਾਂਦੀਆਂ ਸਨ, ਤੋਹਫ਼ੇ ਕਿਵੇਂ ਵੰਡੇ ਗਏ ਸਨ ਆਦਿ ਦਾ ਵਰਣਨ ਆਮ ਹੈ। ਲੜਕੇ ਦੇ ਪਰਿਵਾਰ ਦੀ ਆਰਥਿਕ ਤੰਦਰੁਸਤੀ ਅਤੇ ਉੱਚ ਸਮਾਜਿਕ ਰੁਤਬੇ ਦੀ ਵੀ ਪ੍ਰਸ਼ੰਸਾ ਕੀਤੀ ਜਾਂਦੀ ਹੈ। ਘੋੜੀ ਚੜ੍ਹਨ ਵੇਲੇ ਦੀ ਸ਼ਾਨ ਨੂੰ ਵੱਖ-ਵੱਖ ਤਰੀਕਿਆਂ ਨਾਲ ਦਰਸਾਇਆ ਗਿਆ ਹੈ। ਮੁੰਡੇ ਦੇ ਵਸਤਰ, ਉਸ ਦਾ ਸਿਹਰਾ, ਇੱਥੋਂ ਤੱਕ ਕਿ ਉਸ ਦੀ ਜੁੱਤੀ ਦੀ ਮਹਿਮਾ ਵੀ ਰੱਜ ਕੇ ਕੀਤੀ ਜਾਂਦੀ ਹੈ। ਉਸਦੇ ਸਹੁਰਿਆਂ ਦਾ ਘਰ ਵੀ ਉੱਚਾ ਦੱਸਿਆ ਜਾਂਦਾ ਹੈ। ਨਤੀਜੇ ਵਜੋਂ, ਮੁੰਡਾ ਅਤੇ ਉਸ ਦਾ ਪਰਿਵਾਰ ਉੱਤਮ ਲੱਗਦਾ ਹੈ। ਦੁਲਹਨ ਦੀ ਸੁੰਦਰਤਾ ਅਤੇ ਗੁਣਾਂ ਦੀ ਵੀ ਪ੍ਰਸ਼ੰਸਾ ਕੀਤੀ ਜਾਂਦੀ ਹੈ। ਘੋੜੀਆਂ ਵਿੱਚ ਹੋਰ ਨਿੱਕੇ-ਨਿੱਕੇ ਵੇਰਵੇ ਉਦਾਹਰਨ ਵਜੋਂ ਘੋੜੀ ਚੜ੍ਹਨ ਵੇਲੇ ਦੀਆਂ ਰਸਮਾਂ ਅਤੇ ਘੋੜੀ ਦੇ ਸ਼ਿੰਗਾਰ ਆਦਿ

ਦੇ ਵੇਰਵੇ ਹੁੰਦੇ ਹਨ। ਸੁਹਾਗ ਵਾਂਗ ਘੋੜੀਆਂ ਵਿੱਚ ਵੀ ਸਾਰੀਆਂ ਰਿਸ਼ਤੇਦਾਰੀਆਂ ਦੇ ਪ੍ਰਸੰਗ ਵਿੱਚ ਘੋੜੀ ਚੜ੍ਹਨ ਦੀ ਰਸਮ ਦਾ ਵਰਨਣ ਹੁੰਦਾ ਹੈ।

ਘੋੜੀਆਂ ਨੂੰ ਵੀ ਇਸਤਰੀਆਂ ਰਲ ਕੇ ਗਾਉਂਦੀਆਂ ਹਨ ਅਤੇ ਗਾਏ ਜਾਣ ਦੀ ਲੋੜ ਮੁਤਾਬਕ ਇਹਨਾਂ ਵਿੱਚੋਂ ਸ਼ਬਦਾਂ ਅਤੇ ਵਾਕੰਸ਼ਾਂ ਵਿੱਚ ਵਾਧੇ ਘਾਟੇ ਹੁੰਦੇ ਰਹਿੰਦੇ ਹਨ। ਬਾਕੀ ਲੋਕ-ਗੀਤਾਂ ਵਾਂਗ ਘੋੜੀਆਂ ਵੀ ਹਰ ਖਿੱਤੇ ਦੀ ਆਪਣੀ ਬੋਲੀ ਵਿੱਚ ਹੁੰਦੀਆਂ ਹਨ। ਸੁਹਾਗ ਵਾਂਗ ਘੋੜੀਆਂ ਵੀ ਭਾਗ ਅਤੇ ਬਣਤਰ ਪੱਖੋਂ ਸਰਲ ਹਨ। ਦੁਹਰਾ, ਪ੍ਰਕਿਰਤਿਕ ਛੋਹਾਂ, ਲੈਅ, ਰਵਾਨੀ ਆਦਿ ਘੋੜੀਆਂ ਦੇ ਹੋਰ ਲੱਛਣ ਹਨ।

ਘੋੜੀਆਂ ਨੂੰ ਵੀ ਇਸਤਰੀਆਂ ਰਲ ਕੇ ਗਾਉਂਦੀਆਂ ਹਨ ਅਤੇ ਗਾਏ ਜਾਣ ਦੀ ਜ਼ਰੂਰਤ ਅਨੁਸਾਰ ਉਨ੍ਹਾਂ ਵਿਚ ਸ਼ਬਦਾਂ ਅਤੇ ਵਾਕਾਂਸ਼ ਦੀ ਗਿਣਤੀ ਵਿਚ ਵਾਧੇ ਘਾਟੇ ਹੁੰਦੇ ਰਹਿੰਦੇ ਹਨ। ਹੋਰ ਲੋਕ ਗੀਤਾਂ ਦੀ ਤਰ੍ਹਾਂ, ਘੋੜੀਆਂ ਵੀ ਹਰੇਕ ਖੇਤਰ ਦੀ ਭਾਸ਼ਾ ਵਿੱਚ ਹੁੰਦੀਆਂ ਹਨ। ਸੁਹਾਗ ਵਾਂਗ ਘੋੜੀਆਂ ਵੀ ਭਾਗ ਅਤੇ ਬਣਤਰ ਪੱਖੋਂ ਸਰਲ ਹਨ। ਦੁਹਰਾ, ਕੁਦਰਤੀ ਛੂਹ, ਤਾਲ, ਪ੍ਰਵਾਹ, ਆਦਿ ਘੋੜਿਆਂ ਦੀਆਂ ਹੋਰ ਵਿਸ਼ੇਸ਼ਤਾਵਾਂ ਹਨ।

ਲੋਕ ਗੀਤ ਲੋਕ-ਮਨ ਦੇ ਅਜਿਹੇ ਸ਼ੁੱਧ ਪ੍ਰਗਟਾਵੇ ਹਨ ਜੋ ਸੁਤ-ਸਿਧ ਲੋਕ ਹਿਰਦੇ ਵਿਚੋਂ ਝਰਨੇ ਵਾਂਗ ਵਗਦੇ ਹਨ, ਲੋਕ ਚੇਤਨਾ ਦਾ ਹਿੱਸਾ ਬਣਦੇ ਹਨ ਅਤੇ ਪੀੜ੍ਹੀ ਦਰ ਪੀੜ੍ਹੀ ਚਲਦੇ ਰਹਿੰਦੇ ਹਨ। ਇਹ ਕਿਸੇ ਕੌਮ ਦੀ ਅਣਵੰਡੇ ਕੀਮਤੀ ਜਾਇਦਾਦ ਹਨ। ਇਹ ਇਕ ਭਾਸ਼ਾ ਵਿਚ ਸਾਹਿਤ ਦਾ ਸਭ ਤੋਂ ਪੁਰਾਣਾ ਕੰਮ ਹੈ ਜਿਸ ਵਿਚ ਲੋਕਾਂ ਦੇ ਅਵਚੇਤਨ ਮਨ ਦੀਆਂ ਆਪ-ਮੁਹਾਰੀਆ ਛੱਲਾਂ ਲੈ-ਬੱਧ ਰੂਪ ਧਾਰਦੀਆਂ ਰਹਿੰਦੀਆਂ ਹਨ। ਉਹ ਸਦਭਾਵਨਾ ਦੇ ਸਾਂਝੇ ਧਾਗੇ ਨੂੰ ਮੁੜ ਸੁਰਜੀਤ ਕਰਨ ਅਤੇ ਕੌਮਾਂ ਦੇ ਦਿਲਾਂ ਵਿਚ ਸਾਂਝ ਪਾਉਣ ਅਤੇ ਲੋਕਾਂ ਨੂੰ ਸਾਂਝੀ ਸੱਭਿਆਚਾਰਕ ਅਤੇ ਭਾਵਨਾਤਮਕ ਏਕਤਾ ਵਿਚ ਬੰਨ੍ਹਣ ਵਿਚ ਮਹੱਤਵਪੂਰਣ ਭੂਮਿਕਾ ਅਦਾ ਕਰਦੇ ਹਨ।

ਮਨੁੱਖੀ ਸੱਭਿਆਚਾਰ ਨਾਲ ਉਨ੍ਹਾਂ ਦਾ ਸਬੰਧ ਬਹੁਤ ਪੁਰਾਣਾ ਹੈ। ਸੱਭਿਆਚਾਰ ਦੀ ਸਾਂਝੀ ਸੋਚ, ਸਾਂਝੇ ਵਲਵਲਿਆਂ ਤੇ ਪਰੰਪਰਾਗਤ ਰਹਿਣੀ -ਬਹਿਣੀ ਦੇ ਅਨੇਕਾਂ ਸਜੀਵ ਚਿੱਤਰ ਇਹਨਾਂ ਵਿੱਚੋਂ ਝਲਕਦੇ ਹਨ। ਉਹ ਮਨੁੱਖੀ ਸੱਭਿਆਚਾਰ ਅਤੇ ਮਨੁੱਖੀ ਦਿਲਾਂ ਦੇ ਇੰਨੇ ਨੇੜੇ ਹਨ ਕਿ ਕੁਝ ਵਿਸ਼ੇ ਵੀ, ਜਿਨ੍ਹਾਂ ਨੂੰ ਕਈ ਵਾਰ ਸਮਝਿਆ ਨਹੀਂ ਜਾ ਸਕਦਾ, ਉਹਨਾਂ ਨੂੰ ਵੀ ਇਹਨਾਂ ਲੋਕ ਗੀਤਾ ਵਿੱਚ ਜ਼ਬਾਨ ਮਿਲ ਜਾਂਦੀ ਹੈ।

ਹਵਾਲੇ

1. ਸਿੰਘ, ਡਾ.ਹਰਿੰਦਰ ਸਿੰਘ (2015). ਪੰਜਾਬ ਦੇ ਬੌਰੀਆ ਕਬੀਲੇ ਦਾ ਸਭਿਆਚਾਰਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ. ਪੰ.15.

2.ਸਿੰਘ, ਡਾ.ਹਰਿੰਦਰ ਸਿੰਘ (2015). ਪੰਜਾਬ ਦੇ ਬੌਰੀਆ ਕਬੀਲੇ ਦਾ ਸਭਿਆਚਾਰਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ. ਪੰ. 6.

3. ਤਿਆਗੀ, ਡਾ. ਮੋਹਨ ਤਿਆਗੀ (2015). ਬਾਜ਼ੀਗਰ ਕਬੀਲੇ ਦਾ ਸਭਿਆਚਾਰ. ਨਿਰਦੇਸ਼ਕ, ਨੈਸ਼ਨਲ ਬੁਕ ਟਰੱਸਟ, ਇੰਡੀਆ, ਪੰ. 7, 9

4. ਡਾ. ਦਰਿਆ (2014), ਪੰਜਾਬ ਦੇ ਕਬੀਲੇ, ਰਵੀ ਸਾਹਿਤ ਪ੍ਰਕਾਸ਼ਨ ਸ਼ਾਪ, ਪੰ. 70.

5. ਕਜ਼ਾਕ, ਪ੍ਰੋ. ਕਿਰਪਾਲ ਕਜ਼ਾਕ (2014). ਪਰੰਪਰਾ ਸਭਿਆਚਾਰ ਤੇ ਕਬੀਲੇ, ਚੇਤਨਾ ਪ੍ਰਕਾਸ਼ਨ, ਲੁਧਿਆਣਾ. ਪੰ 78, 79

6. ਸ਼ਰਮਾ, ਜਸਵਿੰਦਰ ਸ਼ਰਮਾ. ਬਾਜ਼ੀਗਰ ਕਬੀਲੇ ਅਤੇ ਪੰਜਾਬੀ ਲੋਕਧਾਰਾ, ਪੰ 6.

7. ਕਜ਼ਾਕ, ਕਿਰਪਾਲ ਕਜ਼ਾਕ (1990). ਸਕਲੀਗਰ ਕਬੀਲੇ ਦਾ ਸਭਿਆਚਾਰ. ਪਬਲੀਕੇਸ਼ਨ ਬਿਊਰੋ, ਪਟਿਆਲਾ. ਪੰ. 57.

8. ਪੁਰੀ, ਕੈਲਾਸ ਪੁਰੀ (1978). ਕਾਲਾ ਮਾਣਕਾ. ਪੰਜਾਬੀ ਯੂਨੀਵਰਸਿਟੀ ਪਟਿਆਲਾ,ਪੰ. 112,113.

9. ਪੁਰੀ, ਕੈਲਾਸ਼ਪੁਰੀ (1978). ਕਾਲਾ ਮਣਕਾ. ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰ. 114,115.

10.ਡਾ ਦਰਿਆ (1997). ਪੰਜਾਬ ਦੇ ਸਾਂਸੀ ਕਬੀਲੇ ਦਾ ਸੱਭਿਆਚਾਰਕ. ਲੋਕ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ, ਪੰ. 13

11.ਕਜ਼ਾਕ, ਕਿਰਪਾਲ ਕਜ਼ਾਕ. ਪਰੰਪਰਾ ਸੱਭਿਆਚਾਰ ਤੇ ਕਬੀਲਾ ,ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ ਲੁਧਿਆਣਾ. ਪੰ. 39

12. ਜਸਪਾਲ ਕੌਰ, ਪੰਜਾਬੀ ਸੱਭਿਆਚਾਰ ਦੇ ਪ੍ਰਸੰਗ ਵਿੱਚ ਪੰਜਾਬੀ ਗੀਤਕਾਰੀ ਅਤੇ ਗਾਈਕੀ ਦਾ ਬਦਲਦੇ ਸਰੋਕਾਰ, ਪੰ.24

13. ਡਾ ਦਰਿਆ (2015). ਪੰਜਾਬ ਦੇ ਕਬੀਲੇ (ਅਤੀਤ ਤੇ ਵਰਤਮਾਨ). ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ, ਪੰ. 128